# ਪੰਜਾਬੀ ਪਰਵਾਜ਼

Punjabi Parwaz

ਅੰਕ 18ਵਾਂ (ਸ਼ਿਕਾਗੋ): 20 ਜਨਵਰੀ ਤੋਂ 2 ਫਰਵਰੀ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


### ਦੱਖਣੀ ਅਫਰੀਕਾ ਅੰਤਰਰਾਸ਼ਟਰੀ ਅਦਾਲਤ ਵਿਚ

# ਫਲਿਸਤੀਨ ਖਿਲਾਫ ਜੰਗ ਰੋਕਣ ਦੇ ਯਤਨ 'ਚ ਹੈ ਵਿਸ਼ਵ ਗੁਰੂ

**ਜਸਵੀਰ ਸਿੰਘ ਸ਼ੀਰੀ**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਾਹੇ-ਬਗਾਹੇ ਦੁਨੀਆਂ ਨੂੰ, ਦੇਸ਼ ਦੇ ਲੋਕਾਂ ਨੂੰ ਦੱਸਦੇ ਰਹਿੰਦੇ ਹਨ ਕਿ ਭਾਰਤ 'ਵਿਸ਼ਵ ਗੁਰੂ' ਹੈ ਜਾਂ ਭਵਿੱਖ ਦੇ ਸੰਸਾਰ ਵਿੱਚ ਵਿਸ਼ਵ ਗੁਰੂ ਬਣਨ ਜਾ ਰਿਹਾ ਹੈ। ਪਿਛਲੇ ਸਾਲ ਭਾਰਤ ਵਿੱਚ ਹੋਏ ਜੀ-20 ਸੰਮੇਲਨ ਵਿੱਚ ਨਰਿੰਦਰ ਮੋਦੀ ਨੇ ਆਪਣੇ ਮੁਲਕ ਦੇ ਸੁਧਰੇ ਸਟੇਟਸ ਲਈ ਇਹ ਸ਼ਬਦ ਕਈ ਵਾਰ ਵਰਤਿਆ ਸੀ। ਪਿਛਲੇ ਦਿਨੀਂ ਗੁਜਰਾਤ ਦੇ ਗਾਂਧੀ ਨਗਰ ਵਿੱਚ ਹੋਈ 'ਵਾਈਬਰੈਂਟ ਗਲੋਬਲ ਗੁਜਰਾਤ ਸੁਮਿਟ' ਵਿੱਚ ਪ੍ਰਧਾਨ ਮੰਤਰੀ ਨੇ ਭਾਰਤ ਲਈ ਕੁਝ ਹੋਰ ਵਿਸ਼ੇਸ਼ਣ ਵਰਤੇ ਹਨ। ਇੱਥੇ ਆਪਣੇ ਭਾਸ਼ਨ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ 'ਵਿਸ਼ਵ ਮਿੱਤਰ' ਦੀ ਭੂਮਿਕਾ ਵਿੱਚ ਅੱਗੇ ਵਧ ਰਿਹਾ ਹੈ (ਇੰਡੀਆ ਇਜ਼ ਮੂਵਿੰਗ ਫਾਰਵਰਡ ਇਨ ਦਾ ਰੋਲ ਆਫ 'ਵਿਸ਼ਵ ਮਿੱਤਰਾ')। ਇਸ ਕਾਨਫਰੰਸ ਵਿੱਚ ਇਕੱਠੇ ਹੋਏ ਕਈ ਮੁਲਕਾਂ ਦੇ ਰਈਸਾਂ ਸਾਹਮਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਪਿਆਰੇ ਮੁਲਕ ਲਈ ਹੋਰ ਬੜੇ ਸੁਨੱਖੇ ਅੱਖਰ ਵਰਤੇ, ਮਸਲਨ 'ਪਿੱਲਰ ਆਫ ਸਟੇਬਿਲਟੀ, ਗਲੋਬਲ ਗਰੋਥ ਇੰਜਨ, ਵੋਇਸ ਆਫ ਗਲੋਬਲ ਸਾਊਥ ਅਤੇ ਟਰਸਟਡ ਫਰੈਂਡ। ਉਨ੍ਹਾਂ ਕਿਹਾ ਕਿ ਉਸ ਸਮੇਂ ਜਦੋਂ ਦੁਨੀਆਂ ਅਨੇਕਾਂ ਅਸਥਿਰਤਾਵਾਂ ਵਿੱਚ ਘਿਰੀ ਹੋਈ ਹੈ, ਤਾਂ ਭਾਰਤ ਇੱਕ ਆਸ ਦੀ ਕਿਰਨ ਬਣ ਕੇ ਉਭਰਿਆ ਹੈ।

ਇਸ ਤੋਂ ਪਹਿਲਾਂ ਅਮਰੀਕਾ ਆਪਣੀ ਜ਼ੁਬਾਨ ਚਲਾ ਕੇ ਨਹੀਂ, ਧਰਤੀ ਦੇ ਕਈ ਮੁਲਕਾਂ ਵਿੱਚ ਬੰਬ ਬਰਸਾ ਕੇ ਸਾਬਤ ਕਰਨ ਦਾ ਯਤਨ ਕਰਦਾ ਰਿਹਾ ਹੈ ਕਿ ਉਹੋ ਹੀ ਸਾਰੀ ਦੁਨੀਆਂ ਦਾ 'ਗੁਰੂ' ਹੈ। ਨਵੀਂ ਉਭਰੀ ਦੁਨੀਆਂ ਵਿੱਚ ਚੀਨ ਅਤੇ ਰੂਸ ਵੀ ਵਿਸ਼ਵ ਗੁਰੂ ਬਣਨ ਦੀ ਦੌੜ ਤੋਂ ਬਾਹਰ ਨਹੀਂ ਹਨ। ਇਜ਼ਰਾਇਲ ਜਿਸ ਦਾ ਨਕਸ਼ਾ ਦੁਨੀਆਂ ਉਤੇ ਮੁਸ਼ਕਿਲ ਨਾਲ ਦਿਸਦਾ ਹੈ, ਵੈਸਟ ਬੈਂਕ ਨਾਂ ਦੀ ਤੰਗ ਜਿਹੀ ਜੇਲ੍ਹ 'ਤੇ ਬੰਬ ਵਰ੍ਹਾ ਕੇ ਸਾਬਤ ਕਰਨ ਦੀ ਕੋਸ਼ਿਸ਼ ਵਿੱਚ ਹੈ- ਬਈ ਉਸ ਤੋਂ ਬਿਨਾ ਦੁਨੀਆਂ ਦਾ ਹੋਰ ਕੋਈ ਦਾਦਾ ਕਿਵੇਂ ਹੋ ਸਕਦਾ ਹੈ? ਇਸ ਸਾਰੇ ਕੁਝ ਦੇ ਦਰਮਿਆਨ ਦੱਖਣੀ ਅਫਰੀਕਾ ਦੇ ਸਿਰਫ ਇੱਕ ਗੈਰ-ਹਿੰਸਕ ਐਕਸ਼ਨ ਨੇ ਸਾਬਤ ਕਰ ਦਿੱਤਾ ਹੈ ਕਿ ਅਸਲ ਵਿਸ਼ਵ ਗੁਰੂ ਕੌਣ ਹੈ, ਕਿਉਂ ਹੈ ਅਤੇ ਇਹ ਕਿਸ ਤਰ੍ਹਾਂ ਬਣਿਆ ਜਾਂਦਾ ਹੈ।

ਗੋਰੀ ਸਰਕਾਰ ਦੀ ਕਾਲੀ ਜੇਲ੍ਹ ਵਿੱਚ 30 ਸਾਲ ਗੁਜ਼ਾਰਨ ਵਾਲੇ ਨੈਲਸਨ ਮੰਡੇਲਾ ਦੇ ਮੁਲਕ ਦੇ ਵਕੀਲਾਂ ਨੇ ਜਦੋਂ ਕੁਝ ਦਿਨ ਪਹਿਲਾਂ ਹੇਗ ਵਿਖੇ ਅੰਤਰਰਾਸ਼ਟਰੀ ਅਦਾਲਤ ਵਿੱਚ ਇਜ਼ਰਾਇਲ ਦੀ ਫਲਿਸਤੀਨ ਖਿਲਾਫ ਜੰਗ ਨੂੰ ਨਸਲਕੁਸ਼ੀ ਦਾ ਨਾਂ ਦਿੰਦਿਆਂ ਇਸ ਨੂੰ ਫੌਰੀ ਰੋਕਣ ਲਈ 85 ਪੇਜਾਂ ਦੀ ਪਟੀਸ਼ਨ ਦਾਇਰ ਕੀਤੀ ਤਾਂ ਇਤਿਹਾਸ ਦਾ ਘੋਰ ਹਿੰਸਕ ਤਮਾਸ਼ਾ ਵੇਖ ਰਹੇ ਸਾਰੀ ਦੁਨੀਆਂ ਦੇ ਮੁਲਕਾਂ ਵਿੱਚ ਹਲਚਲ ਮੱਚ ਗਈ। ਸੰਯੁਕਤ ਰਾਸ਼ਟਰ ਦੀ ਇੱਕ ਸਿਸਟਰ ਸੰਸਥਾ, ਅੰਤਰਾਸ਼ਟਰੀ ਅਦਾਲਤ ਵਿੱਚ ਦੱਖਣੀ ਅਫਰੀਕਾ ਦੇ ਵਕੀਲਾਂ ਦੀਆਂ ਦਲੀਲਾਂ ਅੱਗੇ ਘਬਰਾਏ ਹੋਏ ਇਜ਼ਰਾਇਲੀ ਵਕੀਲਾਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਦੱਖਣੀ ਅਫਰੀਕਾ ਦੇ ਇੱਕ ਵਕੀਲ ਨੇ ਕਿਹਾ ਕਿ ਅਸੀਂ ਆਪਣੇ ਮੁਲਕ ਦੀ ਆਜ਼ਾਦੀ ਦੀ ਰੂਹ-ਏ-ਰਵਾਂ ਨੈਲਸਲ ਮੰਡੇਲਾ ਦੀ ਸਿੱਖਿਆ ਦੀ ਰੌਸ਼ਨੀ ਵਿੱਚ ਇਹ ਕਾਰਜ ਕਰ ਰਹੇ ਹਾਂ। ਜਿਹੜੀਆਂ ਕੌਮਾਂ ਆਪਣੇ ਮੁਲਕ ਦੀ ਜੂਝ ਕੇ ਹਾਸਲ ਕੀਤੀ ਆਜ਼ਾਦੀ/ਜਮਹੂਰੀਅਤ ਨੂੰ ਆਪਣੇ ਕਮਾਏ ਹੋਏ ਦਰਦ ਦੇ ਸਰਮਾਏ ਨਾਲ ਸਾਜਦੀਆਂ ਹਨ, ਉਨ੍ਹਾਂ ਕੋਲ ਹੀ ਦੱਖਣੀ ਅਫਰੀਕਾ ਜਿਹੇ ਖ਼ੂਬਸੂਰਤ ਦਿਲੋ/ਦਿਮਾਗ ਹੋ ਸਕਦੇ ਹਨ। 30 ਸਾਲ ਗੋਰੀ ਘੱਟਗਿਣਤੀ ਦੀ ਹਕੂਮਤ ਦੀਆਂ ਜੇਲ੍ਹਾਂ ਵਿੱਚ ਬਿਤਾਉਣ ਤੋਂ ਬਾਅਦ ਜਦੋਂ ਨੈਲਸਨ ਮੰਡੇਲਾ ਨੇ ਸੱਤਾ ਹਾਸਲ ਕੀਤੀ ਤਾਂ ਉਸ ਨੇ ਸਾਡੇ ਮੁਲਕ ਵਾਂਗੂ ਗੋਰੀ ਘੱਟਗਿਣਤੀ ਤੋਂ ਇਤਿਹਾਸ ਵਿੱਚ ਕੀਤੀਆਂ ਜ਼ਿਆਦਤੀਆਂ ਦਾ 'ਬਦਲਾ ਲੈਣ' ਦਾ ਅਹਿਦ ਨਹੀਂ ਲਿਆ, ਸਗੋਂ ਕਿਹਾ ਕਿ ਗੋਰੀ ਘੱਟਗਿਣਤੀ ਸਾਡੇ ਮੁਲਕ ਦੀ ਬਰਾਬਰ ਦੀ ਸ਼ਹਿਰੀ ਹੋਏਗੀ। ਕਥਿਤ ਬਦਲਿਆਂ ਦੀ ਥਾਂ ਇਤਿਹਾਸਕ ਜ਼ਿਆਦਤੀਆਂ ਦੇ ਸੂਲ਼ ਨੂੰ ਸਦਾ ਲਈ ਖਤਮ ਕਰਨ ਵਾਸਤੇ 'ਰੀਕਾਂਸੀਲੇਸ਼ਨ ਕਮਿਸ਼ਨ' ਦੀ ਸਥਾਪਨਾ ਕੀਤੀ। ਇੱਧਰ ਸਾਡਾ ਮੁਲਕ ਇਤਿਹਾਸਕ ਵਧੀਕੀਆਂ (ਬਾਬਰੀ ਮਸਜਿਦ) ਦੇ ਨਿਸ਼ਾਨ ਮਿਟਾ ਕੇ, ਘੱਟਗਿਣਤੀਆਂ ਦੇ ਖਾਤਮੇ ਦੀਆਂ ਹਿੰਸਕ ਮੁਹਿੰਮਾ ਚਲਾ ਕੇ, ਵਿਸ਼ਵ ਦਾ ਗੁਰੂ ਬਣਨ ਦਾ ਯਤਨ ਕਰ ਰਿਹਾ ਹੈ।

ਜੇ ਕੋਈ ਸ਼ਬਦਾਂ ਦੇ ਰਟਣ ਮੰਤਰ ਨਾਲ ਵਿਸ਼ਵ ਗੁਰੂ ਬਣ ਸਕਦਾ

⇒ ਬਾਕੀ ਸਫਾ 2 ਉਤੇ ਪੜ੍ਹੋ

## ਪੀ.ਸੀ.ਐੱਸ. ਦਾ 'ਰੰਗਲਾ ਪੰਜਾਬ' 20 ਅਪਰੈਲ ਨੂੰ

### ਰਜਿਸਟ੍ਰੇਸ਼ਨ ਦਾ ਆਖਰੀ ਦਿਨ 18 ਫਰਵਰੀ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ (ਪੀ.ਸੀ.ਐੱਸ.) ਵੱਲੋਂ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਸਾਲਾਨਾ ਸਮਾਗਮ 'ਰੰਗਲਾ ਪੰਜਾਬ' 20 ਅਪਰੈਲ 2024 (ਸਨਿਚਰਵਾਰ), ਸ਼ਾਮ 6 ਵਜੇ ਤੋਂ ਕੋਪਰਨਿਕਸ ਸੈਂਟਰ (5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ) ਵਿਖੇ ਹੋਵੇਗਾ। 'ਰੰਗਲਾ ਪੰਜਾਬ' ਵਿੱਚ ਟ੍ਰਾਈਸਟੇਟ ਮਿਡਵੈਸਟ ਕਮਿਊਨਿਟੀ ਭੰਗੜਾ ਤੇ ਗਿੱਧਾ ਟੀਮਾਂ ਤੋਂ ਇਲਾਵਾ ਸੰਗੀਤਕ ਪ੍ਰਤਿਭਾ ਰਾਹੀਂ ਮਨੋਰੰਜਨ ਕੀਤਾ ਜਾਵੇਗਾ। ਟੀਮ ਆਈਟਮ ਨੂੰ ਰਜਿਸਟਰ ਕਰਨ ਦਾ ਆਖਰੀ ਦਿਨ 18 ਫਰਵਰੀ ਹੈ। ਰਿਹਰਸਲਾਂ ਐਤਵਾਰ, 28 ਜਨਵਰੀ ਤੋਂ ਸ਼ੁਰੂ ਹੋਣਗੀਆਂ।

ਟੀਮ ਵਿੱਚ ਸ਼ਾਮਲ ਹੋਣ ਲਈ ਔਨਲਾਈਨ ਰਜਿਸਟਰ ਕਰ ਸਕਦੇ ਹੋ: https://www.pcschicago.org/rp24-register ਜਾਂ https://www.pcschicago.org/rp24-register-team ਜਾਂ ਕਿਸੇ ਆਈਟਮ ਦਾ ਤਾਲਮੇਲ ਕਰਨ ਲਈ www.PCSChicago.org 'ਤੇ ਵਾਲੰਟੀਅਰ ਬਣ ਸਕਦੇ ਹੋ। ਟਿਕਟਾਂ ਲਈ www.pcschicago.org 'ਤੇ ਕਲਿੱਕ ਕਰੋ ਜਾਂ info@pcschicago.org 'ਤੇ ਈ-ਮੇਲ ਕਰ ਸਕਦੇ ਹੋ। ਸੰਸਥਾ ਅਨੁਸਾਰ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਦਾਖਲਾ ਮੁਫਤ ਹੋਵੇਗਾ, ਪਰ ਬੈਠਣ ਦੀ ਸਹੂਲਤ ਉਪਲਬਧਤਾ 'ਤੇ ਨਿਰਭਰ ਕਰਦੀ ਹੈ। ਵੀ.ਆਈ.ਪੀ. ਟਿਕਟ ਵਿੱਚ ਸੁਆਦੀ ਡਿਨਰ ਵੀ ਸ਼ਾਮਲ ਹੋਵੇਗਾ।

ਪੀ.ਸੀ.ਐੱਸ. ਅਨੁਸਾਰ ਸੰਸਥਾ ਹਰ ਸਾਲ ਮੁੰਡੇ-ਕੁੜੀਆਂ ਨੂੰ ਬਿਨਾ ਕਿਸੇ ਫੀਸ ਦੇ ਗਿੱਧੇ-ਭੰਗੜੇ ਅਤੇ ਕੋਰਿਓਗ੍ਰਾਫੀ ਦੀ ਪੇਸ਼ਕਾਰੀ ਲਈ ਸਿਖਲਾਈ ਦੇਣ ਦਾ ਵੀ ਪ੍ਰਬੰਧ ਕਰਦੀ ਹੈ। 'ਰੰਗਲਾ ਪੰਜਾਬ' ਪੰਜਾਬੀ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ, ਸੱਭਿਆਚਾਰ, ਆਪਣੇ ਭਾਈਚਾਰੇ ਦੇ ਨੇੜੇ ਆਉਣ ਅਤੇ ਦੋਸਤ ਬਣਾਉਣ ਵਿੱਚ ਮਦਦ ਕਰਦਾ ਹੈ। ਇਹ ਅਸਲ ਵਿੱਚ ਇੱਕ ਭਾਈਚਾਰਕ ਨਿਰਮਾਣ ਦਾ ਯਤਨ ਹੈ। ਸੰਸਥਾ ਦਾ ਦਾਅਵਾ ਹੈ ਕਿ 'ਰੰਗਲਾ ਪੰਜਾਬ' ਸ਼ਿਕਾਗੋ ਖੇਤਰ ਦਾ ਇਕਲੌਤਾ ਸਭ ਤੋਂ ਵੱਡਾ ਸਾਲਾਨਾ ਪੰਜਾਬੀ ਸੱਭਿਆਚਾਰਕ ਸਮਾਗਮ ਹੈ, ਜੋ ਸਥਾਨਕ ਭਾਈਚਾਰਕ ਪ੍ਰਤਿਭਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਪੰਜਾਬੀ ਪ੍ਰਦਰਸ਼ਨ ਕਲਾਵਾਂ ਨੂੰ ਪਰਿਵਾਰਕ ਦਰਸ਼ਕਾਂ ਲਈ ਪ੍ਰਦਰਸ਼ਿਤ ਕਰਦਾ ਹੈ। ਸੰਸਥਾ ਆਪਣੇ ਭਾਈਚਾਰੇ ਦੇ ਮੈਂਬਰਾਂ ਅਤੇ ਮੁੱਖ ਧਾਰਾ ਵਿੱਚ ਸਿੱਖਿਆ, ਭਾਈਚਾਰਕ ਵਿਕਾਸ, ਨਾਗਰਿਕ ਰੁਝੇਵਿਆਂ ਅਤੇ ਪੰਜਾਬੀ ਸੱਭਿਆਚਾਰ, ਖੇਡਾਂ ਤੇ ਪ੍ਰਦਰਸ਼ਨ ਕਲਾਵਾਂ ਨੂੰ ਸੁਰੱਖਿਅਤ ਰੱਖਣ ਲਈ ਉਤਸ਼ਾਹਿਤ ਕਰਦੀ ਹੈ।


Maaco
COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing

252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel





# ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਸੋਸ਼ਣ ਦਾ ਮਾਮਲਾ

## *ਇਕੱਲੀ ਗਿਣਤੀ ਸੀਮਤ ਕਰਨ ਨਾਲ ਮਸਲਾ ਹੱਲ ਨਹੀਂ ਹੋਣਾ*

ਪੰਜਾਬੀ ਪਰਵਾਜ਼ ਬਿਊਰੋ

ਕੌਮਾਂਤਰੀ ਆਰਥਕ ਮੰਦਵਾੜੇ ਦੇ ਮੱਦੇਨਜ਼ਰ ਜਦੋਂ ਇੰਗਲੈਂਡ, ਆਸਟਰੇਲੀਆ ਅਤੇ ਅਮਰੀਕਾ ਵੀਜ਼ਾ ਅਮਲਾਂ ਨੂੰ ਕੁਝ ਨਰਮ ਕਰਨ ਦਾ ਯਤਨ ਕਰ ਰਹੇ ਹਨ ਤਾਂ ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿੱਲਰ ਦਾ ਇਹ ਬਿਆਨ ਆਇਆ ਹੈ ਕਿ ਉਹ ਅਗਲੇ ਸੈਸ਼ਨ ਤੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਬਾਰੇ ਸੋਚ ਰਹੇ ਹਨ। ਉਨ੍ਹਾਂ ਭਾਵੇਂ ਹਾਲੇ ਇਹ ਨਹੀਂ ਦੱਸਿਆ ਕਿ ਗਿਣਤੀ ਕਿੱਥੋਂ ਕੁ ਤੱਕ ਸੀਮਤ ਕੀਤੀ ਜਾਵੇਗੀ, ਪਰ ਇਹ ਜ਼ਰੂਰ ਕਿਹਾ ਕਿ ਅਜਿਹਾ ਕਰਨ ਲਈ ਪਹਿਲਾਂ ਫੈਡਰਲ ਲੈਵਲ 'ਤੇ ਕਦਮ ਚੁੱਕੇ ਜਾਣਗੇ, ਬਾਅਦ ਵਿੱਚ ਪਰੋਵਿੰਸੀਅਲ (ਰਾਜਾਂ) ਪੱਧਰ 'ਤੇ ਇਸ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਮੰਤਰੀ ਨੇ ਇਹ ਮੰਨਿਆ ਕਿ ਕੌਮਾਂਤਰੀ ਵਿਦਿਆਰਥੀਆਂ ਦੇ ਆਵਾਸ ਦਾ ਮਾਮਲਾ ਫਿਲਹਾਲ ਸਰਕਾਰ ਦੇ ਕਾਬੂ ਵਿੱਚੋਂ ਬਾਹਰ ਹੋ ਗਿਆ ਹੈ।

ਅਸਲ ਵਿੱਚ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਜਿਸ ਕਿਸਮ ਦੀਆਂ ਸਮੱਸਿਆਵਾਂ ਸਾਹਮਣੇ ਆਉਣ ਲੱਗ ਪਈਆਂ ਹਨ, ਉਸ ਤੋਂ ਇਹੋ ਲਗਦਾ ਹੈ ਕਿ ਸਥਿਤੀ ਕੈਨੇਡੀਅਨ ਸਰਕਾਰ ਦੇ ਕਾਬੂ ਤੋਂ ਬਾਹਰ ਹੋ ਰਹੀ ਹੈ। ਪਿਛਲੇ ਤਿੰਨ-ਚਾਰ ਕੁ ਸਾਲਾਂ ਦੇ ਅਰਸੇ ਵਿੱਚ ਹੀ ਪਰਵਾਸੀ ਵਿਦਿਆਰਥੀਆਂ ਦੀਆਂ ਗੈਰ-ਕੁਦਰਤੀ ਮੌਤਾਂ ਜਾਂ ਖੁਦਕੁਸ਼ੀ ਵਗੈਰਾ ਕਰਨ ਦਾ ਰੁਝਾਨ ਵਧ ਗਿਆ ਹੈ। ਇਸ ਤੋਂ ਇਲਾਵਾ, ਖਾਸ ਕਰਕੇ ਪੰਜਾਬੀ ਪਿਛੋਕੜ ਵਾਲੇ ਮੁੰਡਿਆਂ ਦਾ ਗੈਰ-ਕਾਨੂੰਨੀ ਡਰੱਗ ਤਸਕਰੀ ਵਿੱਚ ਪੈਣ ਦਾ ਰੁਝਾਨ ਵੀ ਵਧ ਰਿਹਾ ਹੈ। ਅਜਿਹੇ ਤੱਥ ਪਿਛਲੇ ਕੁਝ ਹੀ ਸਮੇਂ ਵਿੱਚ ਕੈਨੇਡੀਅਨ ਪੁਲਿਸ ਵੱਲੋਂ ਕੀਤੀਆਂ ਗਈ ਗ੍ਰਿਫਤਾਰੀਆਂ ਤੋਂ ਸਪਸ਼ਟ ਹੁੰਦੇ ਹਨ, ਜਿਨ੍ਹਾਂ ਵਿੱਚ ਬਹੁਤੇ ਪੰਜਾਬੀ ਮੁੰਡੇ ਹੀ ਫੜੇ ਗਏ ਹਨ। ਇਸ ਤੋਂ ਬਿਨਾ ਪੜ੍ਹਾਈ ਅਧਵਾਟੇ ਛੱਡ ਕੇ ਹੋਰ ਜ਼ੁਰਮਾਂ ਵਿੱਚ ਵੀ ਪੈ ਰਹੇ ਹਨ। ਇੱਕ ਦੁਖਦਾਈ ਵਰਤਾਰਾ ਇਹ ਵੀ ਹੈ ਕਿ ਪਹਿਲਾਂ ਕੈਨੇਡਾ ਵਿੱਚ ਸੈਟ ਹੋਏ ਸਾਡੇ ਆਪਣੇ ਹੀ ਪਰਵਾਸੀ ਭਰਾਵਾਂ ਵੱਲੋਂ ਨਵੇਂ ਗਏ ਵਿਦਿਆਰਥੀਆਂ ਦਾ ਸੋਸ਼ਣ ਵੀ ਸਾਰੇ ਹੱਦਾਂ ਬੰਨੇ ਟੱਪ ਗਿਆ ਹੈ। ਇੱਥੋਂ ਗਏ ਹਰ ਨਵੇਂ ਸਟੂਡੈਂਟ ਦੇ ਕਿਸੇ ਨਾ ਕਿਸੇ ਸਥਾਪਤ ਪੰਜਾਬੀ ਪਰਵਾਸੀ ਵੱਲੋਂ ਲਾਜ਼ਮੀ ਪੈਸੇ ਮਾਰੇ ਜਾਂਦੇ ਹਨ। ਇਸ ਤੋਂ ਇਲਾਵਾ ਛੋਟੀ ਉਮਰ ਦੀਆਂ ਕੁੜੀਆਂ ਦੇ ਜਿਣਸੀ ਸੋਸ਼ਣ ਦੇ ਮਾਮਲੇ ਵੀ ਸਾਹਮਣੇ ਆਉਣ ਲੱਗੇ ਹਨ। ਸਾਡੇ ਆਪਣੇ ਸੋਮਿਆਂ ਤੋਂ ਹੀ ਇਹ ਵੀ ਜ਼ਾਹਰ ਹੋਣ ਲੱਗਾ ਹੈ ਕਿ ਕੈਨੇਡੀਅਨ ਏਜੰਟਾਂ, ਦੁਕਾਨ ਨੁਮਾ ਕਾਲਜਾਂ/ਯੂਨੀਵਰਸਿਟੀਆਂ ਵਾਲਿਆਂ ਨੇ ਉਸੇ ਕਿਸਮ ਦਾ ਸੋਸ਼ਣ ਸ਼ੁਰੂ ਕਰ ਦਿੱਤਾ ਹੈ, ਜਿਸ ਕਿਸਮ ਦਾ ਸਾਡੇ ਇੱਥੇ ਆਪਣੇ ਮੁਲਕ ਵਿੱਚ ਮੌਜੂਦ ਹੈ।

ਮਾਮਲਾ ਇਹ ਵੀ ਹੈ ਕਿ ਭਾਰਤੀ ਪਰਵਾਸੀ, ਖਾਸ ਕਰਕੇ ਪੰਜਾਬ ਵਾਲੇ ਪਰਦੇਸਾਂ ਵੱਲ ਜਾਂਦਿਆਂ ਆਪਣੇ ਔਗੁਣ ਵੀ ਨਾਲ ਹੀ ਲੈ ਜਾਂਦੇ ਹਨ। ਪੰਜਾਬ ਦੇ ਲੋਕਾਂ ਵਿੱਚ ਜਿੱਥੇ ਖ਼ਤਰਿਆਂ ਨਾਲ ਖੇਡਣ ਦੀ ਜਮਾਂਦਰੂ ਪ੍ਰਵਿਰਤੀ ਹੈ, ਕਿਸੇ ਹੱਦ ਵਿੱਚ ਜਿਹੜੀ ਹਾਂ-ਮੁਖੀ ਵੀ ਹੈ, ਪਰ ਬੇਮੁਹਾਰ ਹੋਣ ਪਿੱਛੋਂ ਇਹ ਵੱਡੀਆਂ ਸਮੱਸਿਆਵਾਂ ਵੀ ਖੜੀਆਂ ਕਰਦੀ ਹੈ। ਜਿਵੇਂ ਗੈਂਗਸਟਰਵਾਦ ਅਤੇ ਨਸ਼ਿਆਂ ਦਾ ਧੰਦਾ ਪਰਵਾਸੀ, ਖਾਸ ਕਰਕੇ ਕੈਨੇਡੀਅਨ ਪੰਜਾਬੀਆਂ ਵਿੱਚ ਪਸਰਿਆ ਹੈ, ਇਹ ਇਸੇ ਮਰਜ਼ ਦੀ ਦੱਸ ਪਾਉਂਦਾ ਹੈ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਇਕੱਲੀ ਕੈਨੇਡਾ ਸਰਕਾਰ 'ਤੇ ਟੇਕ ਨਹੀਂ ਰੱਖੀ ਜਾ ਸਕਦੀ। ਇਸ ਮਕਸਦ ਲਈ ਪੰਜਾਬੀ ਭਾਈਚਾਰੇ ਦੇ ਲੋਕਾਂ, ਉਨ੍ਹਾਂ ਦੇ ਇੱਥੇ ਪੰਜਾਬ ਵਿੱਚ ਅਤੇ ਪਰਦੇਸਾਂ ਵਿੱਚ ਮੌਜੂਦ ਲੀਡਰਾਂ ਨੂੰ ਗਹਿਰੀ ਅੰਤਰਝਾਤ ਮਾਰਨੀ ਪਏਗੀ। ਅਸਲ ਵਿੱਚ ਪਿਛਲੇ ਦਿਨੀਂ ਬਰੈਂਪਟਨ ਦੀ ਅਲਗੋਮਾ ਯੂਨੀਵਰਸਿਟੀ ਵਿੱਚ ਆਈ.ਟੀ. ਦੇ ਪਰਵਾਸੀ ਵਿਦਿਆਰਥੀਆਂ ਨੇ ਇੱਕ ਸਬਜੈਕਟ ਵਿੱਚੋਂ ਜਾਣ-ਬੁਝ ਕੇ ਫੇਲ੍ਹ ਕਰਨ ਦੇ ਖਿਲਾਫ ਜਦੋਂ ਪੱਕਾ ਧਰਨਾ ਸ਼ੁਰੂ ਕਰ ਦਿੱਤਾ ਤਾਂ ਕਾਲਜਾਂ/ਯੂਨੀਵਰਸਿਟੀਆਂ ਵੱਲੋਂ ਇੰਟਰਨੈਸ਼ਨਲ ਸਟੂਡੈਂਟਾਂ ਦੀ ਅੰਨ੍ਹੀ ਲੱਟ ਬੇਪਰਦ ਹੋ ਗਈ। ਇਸ ਪ੍ਰਦਰਸ਼ਨ ਤੋਂ ਬਾਅਦ ਯੂਨੀਵਰਸਿਟੀ ਅਧਿਕਾਰੀਆਂ ਨੂੰ ਅੰਤ ਝੁਕਣਾ ਪਿਆ। ਇਹ ਘਟਨਾਕ੍ਰਮ ਦਰਸਾਉਂਦਾ ਹੈ ਕਿ ਕੈਨੇਡਾ ਦੇ ਇਹ ਅਖੌਤੀ ਕਾਲਜ ਅਤੇ ਯੂਨੀਵਰਸਿਟੀਆਂ ਬੇਆਸਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਿਸ ਬੇਕਦਰੀ ਨਾਲ ਲੁੱਟ ਕਰਦੀਆਂ ਹਨ। ਇੱਕ ਪਾਸੇ ਤਾਂ ਆਮ ਸ਼ਹਿਰੀਆਂ ਦੇ ਮੁਕਾਬਲੇ ਇਨ੍ਹਾਂ ਵਿਦਿਆਰਥੀਆਂ ਦੀਆਂ ਫੀਸਾਂ ਪੱਕੇ ਬਾਸ਼ਿੰਦਿਆਂ ਦੇ ਮੁਕਾਬਲੇ ਪਹਿਲਾਂ ਹੀ ਤਿੰਨ ਗੁਣਾ ਵੱਧ ਹਨ। ਦੂਜੇ ਪਾਸੇ ਟੈਸਟਾਂ, ਪੇਪਰਾਂ, ਪ੍ਰੈਕਟੀਕਲਾਂ ਆਦਿ ਵਿੱਚੋਂ ਜਾਣ-ਬੁਝ ਕੇ ਫੇਲ੍ਹ ਕਰਕੇ ਉਨ੍ਹਾਂ ਨੂੰ ਬੇਰਹਿਮੀ ਨਾਲ ਨਿਚੋੜਿਆ ਜਾਂਦਾ ਹੈ। ਵਿਦਿਆਰਥੀ ਆਗੂਆਂ ਅਨੁਸਾਰ ਅਲਗੋਮਾ ਯੂਨੀਵਰਸਿਟੀ ਦੇ ਕੌਮਾਂਤਰੀ ਆਈ.ਟੀ. ਵਿਦਿਆਰਥੀਆਂ ਨੂੰ ਇੱਕ ਸਬਜੈਕਟ ਵਿੱਚ ਇਸ ਲਈ ਫੇਲ੍ਹ ਕੀਤਾ ਗਿਆ ਤਾਂ ਕਿ ਉਨ੍ਹਾਂ ਦੀਆਂ ਫੀਸਾਂ ਮੁੜ ਤੋਂ ਵਸੂਲੀਆਂ ਜਾ ਸਕਣ। ਇਹ ਵਰਤਾਰਾ ਜੇ ਇੱਕ ਘਟਨਾਕ੍ਰਮ ਰਾਹੀਂ ਸਾਹਮਣੇ ਆ ਗਿਆ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਇਹ ਸਿਰਫ ਇੱਕ ਯੂਨੀਵਰਸਿਟੀ ਤੱਕ ਹੀ ਸੀਮਤ ਹੋਏਗਾ। ਹੋਰ ਕਾਲਜਾਂ/ਯੂਨੀਵਰਸਿਟੀਆਂ ਵਿੱਚ ਵੀ ਇਸ ਕਿਸਮ ਦੇ ਕਿੱਸੇ ਵਾਪਰਦੇ ਹੋਣਗੇ, ਪਰ ਕੌਮਾਂਤਰੀ ਵਿਦਿਆਰਥੀ ਲੀਗਲ ਨਾ ਹੋਣ ਕਾਰਨ ਅਜਿਹੇ ਵਰਤਾਰੇ ਨੂੰ ਚੈਲਿੰਜ ਕਰਨ ਦਾ ਹੌਸਲਾ ਨਹੀਂ ਜੁਟਾ ਪਾਉਂਦੇ। ਭਾਵੇਂ ਕਿ ਪਰੋਵਿੰਸੀਅਲ ਪੱਧਰ 'ਤੇ ਹੀ ਸਹੀ, ਆਵਾਸ ਮੰਤਰੀ ਨੇ ਇਹ ਸੱਚ ਸਵੀਕਾਰ ਤੇ ਕੀਤਾ ਹੈ ਕਿ ਕਾਲਜਾਂ ਵਾਲੇ ਹੇਠਲੇ ਪੱਧਰ 'ਤੇ ਮਨਮਰਜੀ ਨਾਲ ਫੀਸਾਂ ਵਸੂਲ ਕਰ ਰਹੇ ਹਨ।

ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਦੀ ਤਜਵੀਜ਼ ਨੂੰ ਭਾਵੇਂ ਮਾਰਕ ਮਿੱਲਰ ਨੇ ਘਰਾਂ ਦੀ ਘਾਟ ਅਤੇ ਵਧ ਰਹੇ ਘਰਾਂ ਦੇ ਕਿਰਾਇਆਂ ਦੇ ਸੰਕਟ ਨਾਲ ਜੋੜਿਆ ਹੈ, ਪਰ ਗੱਲ ਸਿਰਫ ਏਨੀ ਨਹੀਂ ਹੈ। ਅਸਲ ਵਿੱਚ ਕੌਮਾਂਤਰੀ ਵਿਦਿਆਰਥੀਆਂ ਨੂੰ ਜੇ ਕੈਨੇਡਾ ਨੇ ਚੰਗੇ ਅਤੇ ਪ੍ਰੋਡਕਟਿਵ ਸ਼ਹਿਰੀਆਂ ਵਜੋਂ ਵਿਕਸਿਤ ਕਰਨਾ ਹੈ ਤਾਂ ਇਨ੍ਹਾਂ ਵਿਦਿਆਰਥੀਆਂ ਨਾਲ ਵੀ ਕੈਨੇਡਾ ਦੇ ਪੱਕੇ ਬਾਸ਼ਿੰਦਿਆਂ ਵਾਲਾ ਵਿਹਾਰ ਕਰਨਾ ਪਵੇਗਾ। ਪਰਦੇਸਾਂ ਵਿੱਚੋਂ ਜਾ ਰਹੀ ਇਹ ਨੌਜਵਾਨ ਪੀੜ੍ਹੀ 40-45 ਸਾਲ ਕੈਨੇਡਾ ਲਈ ਕੰਮ ਕਰਦੀ ਹੈ ਅਤੇ ਉਥੋਂ ਦੇ ਸ਼ਹਿਰੀਆਂ ਵਜੋਂ ਵਿਕਸਿਤ ਹੁੰਦੀ ਹੈ, ਫਿਰ ਇਨ੍ਹਾਂ ਨਾਲ ਮੁੱਢ ਤੋਂ ਹੀ ਆਪਣਿਆਂ ਵਾਂਗ ਵਰਤਾਅ ਕਿਉਂ ਨਾ ਕੀਤਾ ਜਾਵੇ? ਸਾਡੇ ਵਰਗੇ ਘੱਟ ਵਿਕਸਿਤ ਮੁਲਕਾਂ ਦੇ ਲੋਕ ਬੱਚੇ ਪਾਲ ਪਣਾਸ ਕੇ ਕੰਮ-ਕਾਰ ਜੋਗੇ ਹੋਣ 'ਤੇ ਤੁਹਾਡੇ ਹਵਾਲੇ ਕਰਦੇ ਹਨ, ਤਾਂ ਕਿ ਇਹ ਆਪਣੇ ਪੈਰਾਂ ਸਿਰ ਹੋ ਸਕਣ। ਇਸ ਤੋਂ ਵੀ ਅੱਗੇ, ਕੈਨੇਡਾ ਲਈ ਤੇ ਇਹ ਵਿਸ਼ੇਸ਼ ਤੌਰ 'ਤੇ ਜ਼ਰੂਰੀ ਹੈ ਜਿਹੜਾ ਮਲਟੀ ਕਲਚਰਲ ਤੇ ਮਲਟੀ ਐਥਨਿਕ ਸੁਸਾਇਟੀ ਵਿਕਸਿਤ ਕਰਨ ਦਾ ਦਾਅਵਾ ਕਰ ਰਿਹਾ ਹੈ।

ਉਂਝ ਇਹ ਗੱਲ ਸੰਤੋਖ ਵਾਲੀ ਹੀ ਕਹੀ ਜਾਵੇਗੀ ਕਿ ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ਅਤੇ ਪੜ੍ਹਾਈ ਆਦਿ ਦੇ ਖੇਤਰ ਵਿੱਚ ਫੈਲੀਆਂ ਭ੍ਰਿਸ਼ਟ ਗਤੀਵਿਧੀਆਂ ਦਾ ਨੋਟਿਸ ਲਿਆ। ਹੁਣ ਇਸ ਵਬਾ ਦੇ ਕਾਬੂ ਵਿੱਚ ਆਉਣ ਦੇ ਆਸਾਰ ਬਣ ਸਕਦੇ ਹਨ; ਪਰ ਇਹ ਤਾਂ ਹੀ ਸੰਭਵ ਹੈ ਜੇ ਸਰਕਾਰ ਕਾਲਜਾਂ ਤੇ ਯੂਨੀਵਰਸਟੀਆਂ ਨੂੰ ਹੇਠਲੇ ਪੱਧਰ 'ਤੇ ਜਾ ਕੇ ਇਨ੍ਹਾਂ ਨੂੰ ਰੈਗੂਲੇਟ ਕਰੇਗੀ ਅਤੇ ਉਨ੍ਹਾਂ ਦੇ ਸਮੁੱਚੇ ਅਮਲ ਨੂੰ ਆਡਿਟ ਕਰੇਗੀ। ਇਸ ਦੇ ਨਾਲ ਨਾਲ ਕੌਮਾਂਤਰੀ ਵਿਦਿਆਰਥੀਆਂ ਦੀਆਂ ਫੀਸਾਂ ਨੂੰ ਕੈਨੇਡਾ ਦੇ ਪੱਕੇ ਬਾਸ਼ਿੰਦਿਆਂ ਦੇ ਲਾਗੇ-ਚਾਗੇ ਕਰਨ ਦੀ ਲੋੜ ਹੈ। ਜੀ.ਆਈ.ਸੀ. ਤਾਂ ਕੈਨੇਡਾ ਸਰਕਾਰ ਨੇ ਪਹਿਲਾਂ ਹੀ ਦੂਗਣੀ ਕਰ ਦਿੱਤੀ ਹੈ, ਇਸ ਨੂੰ ਵਧਾਉਣ ਪਿੱਛੇ ਦਲੀਲ ਇਹ ਦਿੱਤੀ ਗਈ ਹੈ ਕਿ ਵਿਦਿਆਰਥੀ ਆਣ ਕੇ ਭੁੱਖੇ ਨਾ ਮਰਨ, ਪਰ ਉਨ੍ਹਾਂ ਦੀ ਵਿਦਿਆ ਨੂੰ ਯਕੀਨੀ ਬਣਾਉਣ ਲਈ ਵਿਦਿਅਕ ਅਦਾਰਿਆਂ ਦੀਆਂ ਫੀਸਾਂ ਅਤੇ ਰਿਹਾਇਸ਼ੀ ਖਰਚਿਆਂ ਨੂੰ ਘਟਾਉਣ ਦੀ ਲੋੜ ਹੈ। ਹਰ ਸਾਲ ਸੱਦੇ ਜਾਣ ਵਾਲੇ ਕੁੱਲ ਵਿਦਿਆਰਥੀਆਂ ਦੀ ਗਿਣਤੀ ਭਾਵੇਂ ਸਰਕਾਰ ਸੀਮਤ ਕਰ ਦੇਵੇ, ਪਰ ਉਨ੍ਹਾਂ ਦੀ ਇਕ ਸ਼ਹਿਰੀ ਵਜੋਂ ਉਸਾਰੀ ਦੇ ਫਾਰਮੇਟਿਵ ਫੇਜ਼ ਨੂੰ ਸਾਹਿਲ ਬਣਾਇਆ ਜਾਣਾ ਬੇਹੱਦ ਜ਼ਰੂਰੀ ਹੈ। ਕੌਮਾਂਤਰੀ ਵਿਦਿਆਰਥੀਆਂ ਵਿੱਚੋਂ ਕੁਆਲਿਟੀ ਸ਼ਹਿਰੀ ਵਿਕਸਿਤ ਕਰਨ ਦਾ ਇਹੋ ਰਾਹ ਹੈ।

# ਫਲਿਸਤੀਨ ਖਿਲਾਫ ਜੰਗ ਰੋਕਣ ਦੇ ਯਤਨ 'ਚ ਹੈ ਵਿਸ਼ਵ ਗੁਰੂ

⇒ *ਸਫਾ ਇੱਕ ਦੀ ਬਾਕੀ ...*

ਹੁੰਦਾ ਤਾਂ ਬਾਬੇ ਨਾਨਕ ਦੀ ਥਾਂ ਬਾਬਰ 'ਜਗਤ ਗੁਰੂ' ਹੁੰਦਾ। ਵਿਸ਼ਵ ਗੁਰੂ ਹੋਣ ਲਈ ਤੁਹਾਡੇ ਸ਼ਬਦਾਂ ਨਾਲ ਤੁਹਾਡੇ ਕਦਮ ਇੱਕ ਤਾਲ ਵਿੱਚ ਹੋਣੇ ਚਾਹੀਦੇ ਹਨ। ਦੱਖਣੀ ਅਫਰੀਕਾ ਨੂੰ ਅੱਜ ਸਾਰੀ ਦੁਨੀਆਂ ਇਸੇ ਨਜ਼ਰ ਨਾਲ ਵੇਖ ਰਹੀ ਹੈ। ਰਾਸ਼ਟਰੀ ਹਿੱਤਾਂ ਦੀ ਕਥਿਤ ਅਸ਼ਲੀਲਤਾ ਦੇ ਐਨ ਦਰਮਿਆਨ ਅਚੰਭਿਤ ਹੋਇਆ ਸੰਸਾਰ ਸੋਚਣ ਲਈ ਮਜ਼ਬੂਰ ਹੈ ਕਿ ਕੋਈ ਮੁਲਕ ਸਮੂਹਕ ਰੂਪ ਵਿੱਚ ਵੀ ਮਸੀਹਾ ਹੋ ਸਕਦਾ ਹੈ! ਜਵਾਬ ਇਹ ਲੱਭਦਾ ਹੈ ਕਿ ਜਿਨ੍ਹਾਂ ਦੇ ਦਰਵੇਸ਼ਾਂ ਵਰਗੇ ਆਗੂਆਂ ਦੇ ਨੂਰ ਨੂੰ ਸਰਬਉੱਚ ਸੱਤਾ ਦਾ ਨਸ਼ਾ ਵੀ ਭ੍ਰਿਸ਼ਟ ਨਾ ਕਰ ਸਕੇ, ਉਨ੍ਹਾਂ ਦੀ ਲਿਸ਼ਕੋਰ ਕਈ ਸਦੀਆਂ ਨੂੰ ਰਾਹ ਰੁਸ਼ਨਾਉਂਦੀ ਹੈ।

11 ਜਨਵਰੀ ਨੂੰ ਅੰਤਰਰਾਸ਼ਟਰੀ ਅਦਾਲਤ ਵਿੱਚ ਇਜ਼ਰਾਇਲ ਦੇ ਗਾਜ਼ਾ 'ਤੇ ਹਮਲੇ ਨੂੰ ਫੌਰੀ ਰੋਕਣ ਬਾਰੇ ਜਦੋਂ ਸੁਣਵਾਈ ਸ਼ੁਰੂ ਹੋਈ ਤਾਂ ਦੱਖਣ ਅਫਰੀਕੀ ਵਕੀਲ ਦੇ ਲਫਜ਼ ਰੂਹਾਂ ਨੂੰ ਝੰਜੋੜਨ ਵਾਲੇ ਸਨ, "ਇਜ਼ਰਾਇਲ ਦੀ ਪੁਲਿਟੀਕਲ ਅਤੇ ਮਿਲਟਰੀ ਲੀਡਰਸ਼ਿਪ ਦੀ ਮਨਸ਼ਾ (ਇੰਟੈਂਟ), ਸਮੇਤ ਪ੍ਰਧਾਨ ਮੰਤਰੀ ਨੇਤਨਯਾਹੂ ਦੇ, ਨਸਲਘਾਤ ਵਾਲੀ ਹੈ।" ਵਕੀਲਾਂ ਨੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ 'ਨਸਲਘਾਤ ਇਨਸਾਈਟਰ' ਦਾ ਵਿਸ਼ੇਸ਼ਣ ਦਿੱਤਾ। ਇਸ ਦਰਮਿਆਨ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੰਤਰਾਸ਼ਟਰੀ ਅਦਾਲਤ ਵਿੱਚ ਹਿੱਪੋਕਰੇਸੀ ਅਤੇ ਕੁਫਰ ਤੋਲੇ ਜਾ ਰਹੇ ਹਨ। ਉਸ ਨੇ ਕਿਹਾ ਕਿ ਇਜ਼ਰਾਇਲ ਜੋ ਨਸਲਘਾਤ (ਜੀਨੋਸਾਈਡ) ਦੇ ਖਿਲਾਫ ਲੜ ਰਿਹਾ ਹੈ, ਨੂੰ ਨਸਲਘਾਤੀ ਦੱਸਿਆ ਜਾ ਰਿਹਾ ਹੈ। ਉਸ ਦਾ ਮਤਲਬ ਸੀ ਕਿ ਹਮਾਸ ਵਾਲਿਆਂ ਨੇ ਇਜ਼ਰਾਇਲ ਦੇ ਇਲਾਕੇ ਦੇ ਅੰਦਰ ਆ ਕੇ ਜੋ 1200 ਦੇ ਕਰੀਬ ਲੋਕ ਮਾਰੇ ਅਤੇ 250 ਨੂੰ ਬੰਦੀ ਬਣਾਇਆ, ਇਹ ਅਸਲ ਵਿੱਚ ਨਸਲਘਾਤ ਸੀ।

ਜਰਮਨੀ ਵਿੱਚ ਹੋਏ ਯਹੂਦੀਆਂ ਦੇ ਹੀ ਨਸਲਘਾਤ ਤੋਂ ਬਾਅਦ 1948 ਵਿੱਚ ਆਯੋਜਿਤ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਨੇ, 'ਕਿਸੇ ਕੌਮੀ, ਨਸਲੀ, ਜ਼ਾਤੀ ਜਾਂ ਧਰਮ ਨੂੰ ਸਮੁੱਚੇ ਰੂਪ ਵਿਚ ਜਾਂ ਉਸ ਦੇ ਇੱਕ ਹਿੱਸੇ ਨੂੰ (ਇਨ ਪਾਰਟ) ਤਬਾਹ ਕਰਨ ਦੇ ਮਨਸ਼ੇ( ਇੰਟੈਂਟ)' ਵਜ਼ੋਂ ਪਰਿਭਾਸ਼ਤ ਕੀਤਾ ਹੈ। ਹੁਣ ਅਸੀਂ ਖੁਦ ਵੇਖ ਸਕਦੇ ਹਾਂ ਕਿ ਗਾਜ਼ਾ ਪੱਟੀ ਜਿਹੀ ਖੁੱਲ੍ਹੀ ਜੇਲ੍ਹ ਵਿੱਚ ਜਿਸ ਤਰ੍ਹਾਂ ਬੰਬਾਂ ਦਾ ਮੀਂਹ ਵਰ੍ਹ ਰਿਹਾ ਹੈ ਅਤੇ ਜਿਸ ਤਰ੍ਹਾਂ ਲੋਕਾਂ ਦੇ ਘਰਾਂ, ਹਸਪਤਾਲਾਂ, ਰਾਹਤ ਕੈਂਪਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਇਸ ਨੂੰ ਹੋਰ ਕੀ ਕਿਹਾ ਜਾਵੇ? ਇਸ ਜੰਗ ਵਿੱਚ ਹੁਣ ਤੱਕ 24,000 ਤੋਂ ਵੱਧ ਫਲਿਸਤੀਨੀ ਮਾਰੇ ਜਾ ਚੁੱਕੇ ਹਨ। ਕਰੀਬ 7 ਹਜ਼ਾਰ ਲਾਪਤਾ ਹਨ। ਉਨ੍ਹਾਂ ਬਾਰੇ ਵੀ ਖਿਆਲ ਕੀਤਾ ਜਾ ਰਿਹਾ ਹੈ ਕਿ ਇਹ ਢੱਠੀਆਂ ਬਿਲਡਿੰਗਾਂ ਦੇ ਮਲਬੇ ਹੇਠਾਂ ਦਬ ਕੇ ਮਾਰੇ ਗਏ ਹਨ। ਸੱਠ ਹਜ਼ਾਰ ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਸੀਮਤ ਸਿਹਤ ਸਹੂਲਤਾਂ ਕਾਰਨ ਲੋਕ ਤੜਪ-ਤੜਪ ਕੇ ਮਰਨ ਲਈ ਛੱਡ ਦਿੱਤੇ ਗਏ ਹਨ।

ਦੋ ਦਿਨਾ ਸੁਣਵਾਈ ਦੇ ਦੂਜੇ ਦਿਨ ਇਜ਼ਰਾਇਲੀ ਵਕੀਲਾਂ ਨੇ ਆਪਣੇ ਆਪ ਨੂੰ ਡਿਫੈਂਡ ਕਰਦਿਆਂ ਕਿਹਾ ਕਿ ਦੱਖਣੀ ਅਫਰੀਕਾ ਇਸਲਾਮਿਕ 'ਹਮਾਸ' ਦਾ ਬੁਲਾਰਾ ਬਣਨ ਦਾ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਜ਼ਰਾਇਲ ਅਤੇ ਫਲਿਸਤੀਨ ਦੇ ਆਮ ਨਾਗਰਿਕ ਜਿਹੜੀ ਤਕਲੀਫ ਝੱਲ ਰਹੇ ਹਨ, ਉਹ ਹਮਾਸ ਦੇ ਉਸ ਹਮਲੇ ਕਰਕੇ ਹੈ, ਜਿਸ ਵਿੱਚ ਇਜ਼ਰਾਇਲ ਦੇ ਕਰੀਬ 1200 ਨਾਗਰਿਕ ਮਾਰੇ ਗਏ ਸਨ ਅਤੇ 250 ਦੇ ਲਗਪਗ ਯਰਗਮਾਲ ਬਣਾ ਲਏ ਗਏ ਸਨ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਹਮਾਸ ਨੂੰ ਅਮਰੀਕਾ, ਇੰਗਲੈਂਡ ਅਤੇ ਯੂਰਪੀਅਨ ਯੂਨੀਅਨ ਸਮੇਤ ਕਈ ਹੋਰ ਮੁਲਕਾਂ ਨੇ ਅਤਿਵਾਦੀ ਸੰਗਠਨ ਕਰਾਰ ਦਿੱਤਾ ਹੋਇਆ ਹੈ। ਇਸ ਦੌਰਾਨ ਯਹੂਦੀਆਂ ਦਾ ਨਸਲਘਾਤ ਕਰਨ ਵਾਲੇ ਜਰਮਨੀ ਨੇ ਵੀ ਆਖ ਦਿੱਤਾ ਕਿ ਇਜ਼ਰਾਇਲ ਦੀ ਜੰਗ ਨਸਲਘਾਤ ਨਹੀਂ ਹੈ। ਇਹ ਆਤਮ ਰੱਖਿਆ ਲਈ ਲੜੀ ਜਾ ਰਹੀ ਹੈ। ਅਖੇ ਚੋਰ ਨਾਲੋਂ ਪੰਡ ਕਾਹਲੀ!










# ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਸੰਘਣੀ ਧੁੰਦ ਦਾ ਕਹਿਰ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਵਿੱਚ ਕਰੀਬ ਤਿੰਨ ਹਫਤਿਆਂ ਤੋਂ ਸੰਘਣੀ ਧੁੰਦ ਪੈ ਰਹੀ ਹੈ ਅਤੇ ਪਿਛਲੇ ਕੁਝ ਦਿਨਾਂ ਤੋਂ ਧੁੰਦ ਹੋਰ ਸੰਘਣੀ ਹੋ ਗਈ ਤੇ ਠੰਡ ਵੀ ਵਧ ਗਈ। ਬੀਤੇ ਸੋਮਵਾਰ ਨਵਾਂਸ਼ਹਿਰ ਵਿੱਚ ਤਾਪਮਾਨ ਸਿਫਰ ਡਿਗਰੀ ਤੋਂ ਵੀ ਹੇਠਾਂ ਚਲਾ ਗਿਆ। ਇਸ ਤਰ੍ਹਾਂ ਪਿਛਲੇ ਤਕਰੀਬਨ ਇੱਕ ਹਫਤੇ ਦਾ ਦਿਨ-ਰਾਤ ਦਾ ਤਾਪਮਾਨ 12-13 ਡਿਗਰੀ ਸੈਲਸੀਅਸ ਤੋਂ ਹੇਠਾਂ ਚਲਾ ਗਿਆ। ਅਖ਼ਬਾਰੀ ਰਿਪੋਰਟਾਂ ਅਨੁਸਾਰ ਪਿਛਲੇ ਕੁਝ ਦਿਨਾਂ ਵਿੱਚ ਧੁੰਦ ਦਾ ਪ੍ਰਕੋਪ ਪੰਜਾਬ ਤੋਂ ਲੈ ਕੇ ਬੰਗਾਲ ਦੀ ਖਾੜੀ ਤੱਕ ਪਹੁੰਚ ਗਿਆ। ਇਸ ਨਾਲ ਦਿੱਲੀ ਅਤੇ ਪੰਜਾਬ ਦੇ ਹਵਾਈ ਅੱਡਿਆਂ ਤੋਂ ਆਵਾਜਾਈ ਪ੍ਰਭਾਵਿਤ ਹੋਈ ਅਤੇ ਬਹੁਤ ਸਾਰੀਆਂ ਉਡਾਣਾਂ ਰੱਦ ਵੀ ਕਰਨੀਆਂ ਪਈਆਂ। ਇਸ ਕਾਰਨ ਹਵਾਈ ਕੰਪਨੀਆਂ ਅਤੇ ਮੁਸਾਫਰਾਂ ਵਿਚਕਾਰ ਝਗੜੇ ਵੀ ਵੇਖਣ ਨੂੰ ਮਿਲੇ। ਇਸ ਤੋਂ ਇਲਾਵਾ ਸੜਕੀ ਅਤੇ ਰੇਲਵੇ ਆਵਾਜਾਈ ਵੀ ਧੁੰਦ ਦੇ ਕਾਰਨ ਪ੍ਰਭਾਵਿਤ ਹੋਈ ਤੇ ਸੜਕ ਹਾਦਸੇ ਵਧ ਗਏ। ਬੀਤੇ ਦਿਨ ਜਲੰਧਰ ਵਿੱਚ ਹੋਏ ਇੱਕ ਕਾਰ ਹਾਦਸੇ ਕਾਰਨ ਇਕੋ ਪਰਿਵਾਰ ਦੇ ਤਿੰਨ ਜੀਅ ਮਾਰੇ ਗਏ। ਇਹ ਪਰਿਵਾਰ ਜਲੰਧਰ ਦਾ ਹੀ ਵਸਨੀਕ ਸੀ। ਇਸ ਤੋਂ ਇਲਾਵਾ ਹੋਰ ਖੇਤਰਾਂ ਵਿੱਚੋਂ ਵੀ ਸੜਕ ਹਾਦਸਿਆਂ ਦੀਆਂ ਰਿਪੋਰਟਾਂ ਹਨ।

ਉਂਝ ਤੇ ਪੋਹ-ਮਾਘ ਦੇ ਦਿਨਾਂ ਵਿੱਚ ਠੰਡ ਦਾ ਵਰਤਾਰਾ ਆਮ ਗੱਲ ਹੈ, ਪਰ ਜਿਸ ਤਰ੍ਹਾਂ ਪਹਾੜੀ ਖੇਤਰਾਂ ਦੇ ਮੁਕਾਬਲੇ ਮੈਦਾਨੀ ਇਲਾਕਿਆਂ ਵਿੱਚ ਠੰਡ ਵਧੀ ਹੈ, ਉਸ ਨੂੰ ਵੇਖ ਮੌਸਮ ਤੇ ਵਾਤਾਵਰਣ ਵਿਗਿਆਨੀ ਮੈਦਾਨੀ ਇਲਾਕਿਆਂ ਵਿੱਚ ਪੈ ਰਹੀ ਵਧੇਰੇ ਸੰਘਣੀ ਧੁੰਦ ਵਿੱਚ ਵਾਤਾਵਰਣਿਕ ਵਿਗਾੜਾਂ ਦਾ ਹੱਥ ਵੀ ਵੇਖ ਰਹੇ ਹਨ। ਜ਼ਿਕਰਯੋਗ ਹੈ ਕਿ ਲੰਘੀ 10 ਜਨਵਰੀ ਨੂੰ ਸ੍ਰੀਨਗਰ ਦਾ ਤਾਪਮਾਨ 14 ਡਿਗਰੀ ਸੈਲਸੀਅਸ ਤੋਂ ਵੱਧ ਸੀ, ਜਦਕਿ ਦਿੱਲੀ, ਚੰਡੀਗੜ੍ਹ ਅਤੇ ਲੁਧਿਆਣਾ ਵਿੱਚ ਇਹ 5-6 ਡਿਗਰੀ ਸੈਲਸੀਅਸ ਨੂੰ ਪਹੁੰਚ ਗਿਆ। ਵਾਤਾਵਰਣ ਤੇ ਮੌਸਮ ਮਾਹਿਰਾਂ ਅਨੁਸਾਰ ਘਟੀ ਹੋਈ ਬਰਫਬਾਰੀ ਅਤੇ ਵਧੇ ਤਾਪਮਾਨ ਦਾ ਕਾਰਨ ਸਮੁੰਦਰੀ ਖੇਤਰ ਵਿੱਚ ਬਣਿਆ ਏਲਨੀਨੋ ਵਰਤਾਰਾ ਅਤੇ ਹਿਮਾਲੀਅਨ ਖੇਤਰ ਵਿੱਚ ਬਦਲਿਆ ਹਵਾ ਦੇ ਵਗਣ ਦਾ ਪੈਟਰਨ ਹੈ।

ਜੰਮੂ-ਕਸ਼ਮੀਰ ਦੇ ਮੌਸਮ ਵਿਭਾਗ ਅਨੁਸਾਰ ਇਸ ਖੇਤਰ ਵਿੱਚ ਬੀਤੇ ਦਸੰਬਰ ਵਿੱਚ ਸਿਰਫ 13 ਐਮ.ਐਮ. ਬਰਫਬਾਰੀ ਹੋਈ ਹੈ, ਜਿਹੜੀ ਕਿ ਆਮ ਔਸਤ 60 ਐਮ.ਐਮ. ਤੋਂ ਕਾਫੀ ਘੱਟ ਹੈ। ਇੰਝ ਦਸੰਬਰ ਮਹੀਨੇ ਵਿੱਚ 79 ਫੀਸਦੀ ਘੱਟ ਬਰਫ ਹੋਈ ਹੈ। ਹਾਲੇ ਤੱਕ ਜਨਵਰੀ ਮਹੀਨਾ ਵੀ ਤਕਰੀਬਨ ਬਰਫਬਾਰੀ ਵੱਲੋਂ ਖੁਸ਼ਕ ਹੀ ਰਿਹਾ। ਉਂਝ ਕਸ਼ਮੀਰ ਦੀਆਂ ਉਚੀਆਂ ਚੋਟੀਆਂ 'ਤੇ ਬਰਫਬਾਰੀ ਦੀਆਂ ਖਬਰਾਂ ਹਨ। ਸਰਕਾਰੀ ਮੌਸਮ ਵਿਭਾਗ ਅਨੁਸਾਰ ਘੱਟ ਬਰਫਬਾਰੀ ਹੋਣ ਕਾਰਨ ਜੰਮੂ-ਕਸ਼ਮੀਰ ਦਾ ਦਿਨ ਦਾ ਤਾਪਮਾਨ ਵਧੇਰੇ ਰਿਹਾ ਹੈ। ਯਾਦ ਰਹੇ, ਦਸੰਬਰ 2022 ਵੀ ਇੱਥੇ ਇਸੇ ਤਰ੍ਹਾਂ ਦਾ ਗੁਜ਼ਰਿਆ ਸੀ ਅਤੇ ਦਿਨ ਦਾ ਔਸਤ ਤਾਪਮਾਨ 12 ਡਿਗਰੀ ਸੈਲਸੀਅਸ ਦੇ ਕਰੀਬ ਰਿਹਾ ਸੀ। ਇਵੇਂ ਹੀ 2018 ਵਿੱਚ ਦਸੰਬਰ ਜਨਵਰੀ ਦੇ ਮਹੀਨੇ ਵਿੱਚ ਜੰਮੂ-ਕਸ਼ਮੀਰ ਵਿੱਚ 1.2 ਐਮ.ਐਮ. ਬਰਫਬਾਰੀ ਹੋਈ ਸੀ।

ਇਸ ਦੇ ਉਲਟ ਪੰਜਾਬ, ਹਰਿਆਣਾ ਅਤੇ ਦਿੱਲੀ ਵਿੱਚ ਆਮ ਨਾਲੋਂ ਘੱਟ ਰਹਿ ਰਹੇ ਤਾਪਮਾਨ ਦਾ ਕਾਰਨ ਪੈ ਰਹੀ ਸੰਘਣੀ ਧੁੰਦ ਦੱਸੀ ਜਾ ਰਹੀ ਹੈ। ਧੁੰਦ ਕਾਰਨ ਦਿਨ ਦਾ ਤਾਪਮਾਨ ਵੀ ਡਿੱਗਿਆ ਹੈ। ਵਾਤਾਵਰਣ ਅਤੇ ਮੌਸਮ ਵਿਗਿਆਨੀਆਂ ਅਨੁਸਾਰ ਇਨ੍ਹਾਂ ਮੌਸਮੀ ਵਿਗਾੜਾਂ ਦਾ ਕਾਰਨ ਪੈਸਿਫਿਕ ਸਮੁੰਦਰੀ ਖੇਤਰ ਵਿੱਚ ਵਰਤ ਰਿਹਾ ਏਲਨੀਨੋ ਵਰਤਾਰਾ ਹੈ, ਜਿਸ ਕਾਰਨ ਪੈਸਿਫਿਕ ਸਮੁੰਦਰੀ ਖੇਤਰ ਵਿੱਚ ਸਤਹੀ ਤਾਪਮਾਨ 2 ਤੋਂ 3 ਡਿਗਰੀ ਵੱਧ ਰਿਹਾ ਹੈ। ਇਸ ਦੇ ਮੁਕਾਬਲੇ ਭਾਰਤੀ ਸਮੁੰਦਰੀ ਖੇਤਰ ਠੰਡਾ ਰਿਹਾ ਹੈ। ਕਸ਼ਮੀਰ ਯੂਨੀਵਰਸਿਟੀ ਵਿੱਚ ਇਨਵਾਇਰਮੈਂਟ ਸਾਇੰਸ ਦੇ ਅਸਿਸਟੈਂਟ ਪ੍ਰੋਫੈਸਰ ਮੁਹੰਮਦ ਮੁਸਲਿਮ ਅਨੁਸਾਰ ਜੰਮੂ-ਕਸ਼ਮੀਰ ਵਿੱਚ ਬਰਫਬਾਰੀ ਪੱਖੋਂ ਸੋਕਾ ਅਸਲ ਵਿੱਚ ਕਲਾਈਮੇਟ ਚੇਂਜ ਨਾਲ ਸਬੰਧਤ ਵਰਤਾਰਾ ਹੈ। ਇਸ ਵਿੱਚ ਗਲੋਬਲ ਕਾਰਨ ਸਥਾਨਕ ਕਾਰਨਾਂ ਨਾਲ ਰਲਗੱਡ ਹੋ ਗਏ ਹਨ। ਬਰਫਬਾਰੀ ਪੱਖੋਂ ਹਿਮਾਚਲ ਦਾ ਵੀ ਅਜਿਹਾ ਹੀ ਹਾਲ ਹੈ। ਇਸ ਕਾਰਨ ਸੇਬਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ, ਕਿਉਂਕਿ ਬਰਫਬਾਰੀ ਅਤੇ ਬਾਰਸ਼ ਇਸ ਫਸਲ ਲਈ ਅੰਮ੍ਰਿਤ ਸਮਾਨ ਹੈ।

ਹਿਮਾਚਲ ਦੇ ਮੌਸਮ ਵਿਭਾਗ ਅਨੁਸਾਰ ਕਮਜ਼ੋਰ ਵੈਸਟਰਨ ਡਿਸਟਰਬੈਂਸ ਵੀ ਇਸ ਖੁਸ਼ਕੀ ਦਾ ਕਾਰਨ ਹੈ। ਵਿਭਾਗ ਦੇ ਡਾਇਰੈਕਟਰ ਅਨੁਸਾਰ ਹਿਮਾਚਲ ਵਿੱਚ ਬਰਫਬਾਰੀ ਬੀਤੇ ਦਸੰਬਰ ਮਹੀਨੇ ਵਿੱਚ ਆਮ ਨਾਲੋਂ 85 ਫੀਸਦੀ ਘੱਟ ਰਹੀ ਹੈ। ਆਮ ਰੂਪ ਵਿੱਚ 38 ਐਮ.ਐਮ. ਦੇ ਮੁਕਾਬਲੇ 5.8 ਐਮ.ਐਮ. ਬਾਰਸ਼ ਹੋਈ। ਉਂਝ 2010, 2016 ਅਤੇ 2019 ਨੂੰ ਛੱਡ ਕੇ ਹਿਮਾਚਲ ਵਿੱਚ ਬਾਰਸ਼ ਅਤੇ ਬਰਫਬਾਰੀ ਘੱਟ ਹੀ ਰਹੀ ਹੈ। ਪੰਜਾਬ ਵਿੱਚ ਪਿਛਲੇ ਦਿਨਾਂ ਵਿੱਚ ਪੱਛਮੀ ਗੜਬੜੀ ਕਾਰਨ ਬਾਰਸ਼ ਹੋਣ ਦੀ ਸੰਭਾਵਨਾ ਜ਼ਾਹਰ ਕੀਤੀ ਗਈ ਸੀ, ਪਰ ਮਾਹਿਰਾਂ ਅਨੁਸਾਰ ਤੇਜ਼ ਹਵਾ ਕਾਰਨ ਇਹ ਪੰਜਾਬ ਦੇ ਉਪਰੋਂ ਦੀ ਗੁਜ਼ਰ ਗਈ। ਬਾਰਸ਼ ਤਾਂ ਨਹੀਂ ਹੋਈ, ਪਰ ਸਿੱਲ੍ਹੀ ਹਵਾ ਧੁੰਦ ਨੂੰ ਹੋਰ ਗਾਹੜੀ ਕਰ ਗਈ। ਬੀਤੇ ਹਫਤੇ ਦੌਰਾਨ ਦੁਪਹਿਰ ਤੋਂ ਬਾਅਦ ਮਾੜਾ ਮੋਟਾ ਸੂਰਜ ਵਿਖਾਈ ਦਿੱਤਾ, ਪਰ ਸ਼ਾਮ ਹੁੰਦਿਆਂ ਹੀ ਫਿਰ ਧੁੰਦ ਪੈਣ ਲਗਦੀ।

ਪੰਜਾਬ ਵਿੱਚ ਪੈ ਰਹੀ ਧੁੰਦ ਤਾਂ ਭਾਵੇਂ ਫਸਲਾਂ ਲਈ ਲਾਹੇਵੰਦ ਦੱਸੀ ਜਾ ਰਹੀ ਹੈ, ਪਰ ਕੋਰਾ ਪੈਣ ਦੀਆਂ ਵੀ ਰਿਪੋਰਟਾਂ ਹਨ, ਜਿਸ ਕਰਨ ਫਸਲਾਂ ਨੂੰ ਨੁਕਸਾਨ ਹੋਣ ਦੇ ਖਦਸ਼ੇ ਪ੍ਰਗਟ ਕੀਤੇ ਜਾਣ ਲੱਗੇ ਹਨ। ਉੱਚੀਆਂ ਚੋਟੀਆਂ 'ਤੇ ਬਰਫਬਾਰੀ ਹੋਣ ਕਾਰਨ ਕਸ਼ਮੀਰ ਵਾਦੀ ਵਿੱਚ ਵੀ ਠੰਡ ਵਧ ਗਈ ਹੈ ਅਤੇ ਸ੍ਰੀਨਗਰ ਦਾ ਤਾਮਮਾਨ ਗਿਰ ਕੇ -4.3 ਡਿਗਰੀ ਸੈਲਸੀਅਸ ਨੂੰ ਪਹੁੰਚ ਗਿਆ ਹੈ। ਪਹਿਲਗਾਮ ਦਾ ਘੱਟੋ ਘੱਟ ਤਾਮਮਾਨ -5.6 ਡਿਗਰੀ ਸੈਲਸੀਅਸ ਨੂੰ ਪਹੁੰਚ ਗਿਆ। ਕਸ਼ਮੀਰ ਵਾਦੀ ਹਾਲੇ ਵੀ ਬਰਫਬਾਰੀ ਲਈ ਤਰਸ ਰਹੀ ਹੈ।

ਪੰਜਾਬ ਅਤੇ ਨਾਲ ਲਗਦੇ ਮੈਦਾਨੀ ਇਲਾਕਿਆਂ ਵਿੱਚ ਵਧੀ ਧੁੰਦ ਅਤੇ ਦੂਰ ਤੱਕ ਦਿਸਣ ਦੀ ਹੱਦ ਬੇਹੱਦ ਘਟ ਜਾਣ ਕਾਰਨ ਹਵਾਈ ਆਵਾਜਾਈ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ ਹੈ। ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਮੁਸਾਫਰ ਵੱਲੋਂ ਹਵਾਈ ਕੰਪਨੀ ਇੰਡੀਗੋ ਦੇ ਪਾਇਲਟ ਨਾਲ ਝਗੜਾ ਕਰਨ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਹਨ। ਸਾਹਿਲ ਕਟਾਰੀਆ ਨਾਂ ਦੇ ਇਸ ਮੁਸਾਫਰ ਖਿਲਾਫ ਕੇਸ ਦਰਜ ਕਰਕੇ ਦਿੱਲੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਅਤੇ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੋਰ ਹਵਾਈ ਅੱਡਿਆਂ 'ਤੇ ਵੀ ਰੌਲੇ ਰੱਪੇ ਦੀਆਂ ਖਬਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਸ ਦੌਰਾਨ ਹਵਾਬਾਜ਼ੀ ਬਾਰੇ ਕੇਂਦਰੀ ਮੰਤਰੀ ਜਿਓਤੀ ਰਾਉ ਸਿੰਧੀਆ ਨੇ ਕਿਹਾ ਹੈ ਕਿ ਇਹ ਅਣਕਿਆਸੀ ਸਥਿਤੀ ਹੈ। ਮੁਸਾਫਰਾਂ ਨੂੰ ਸਬਰ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਹਵਾਈ ਕੰਪਨੀਆਂ ਨੂੰ ਉਡਾਣਾਂ ਦੇ ਲੇਟ ਹੋਣ ਦੀ ਸੰਭਵਾਨਾ ਦੇ ਸੰਦਰਭ ਵਿੱਚ ਮੁਸਾਫਰਾਂ ਨੂੰ ਅਗਾਊਂ ਸੂਚਿਤ ਕਰਨਾ ਚਾਹੀਦਾ ਹੈ।






# ਬਿਲਕਿਸ ਬਾਨੋ ਕੇਸ, ਸਿਆਸੀ ਸ਼ਹਿ ਤੇ ਸੁਪਰੀਮ ਕੋਰਟ

ਜੇ. ਐਸ. ਮਾਂਗਟ

## *ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਵੀ ਮੁਸ਼ਕਿਲ ਬਣੀ*

ਕੌਮੀ ਕਿਸਮ ਦੇ ਰਾਜਾਂ ਦੀਆਂ ਜਮਹੂਰੀ ਬਣਤਰਾਂ ਘੱਟਗਿਣਤੀਆਂ ਲਈ ਕਿਸ ਕਦਰ ਭਿਆਨਕ ਹੋ ਸਕਦੀਆਂ ਹਨ, ਬਿਲਕਿਸ ਬਾਨੋ ਵਾਲਾ ਕੇਸ ਇਸ ਦੀ ਬੜੀ ਪਰਪੱਕ ਉਦਾਹਰਣ ਹੈ। ਗੋਧਰਾ ਕਾਂਡ ਤੋਂ ਬਾਅਦ 2002 ਵਿੱਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਦੌਰਾਨ ਨਾ ਸਿਰਫ ਬਾਨੋ ਨਾਲ ਗੈਂਗ ਰੇਪ ਕੀਤਾ ਗਿਆ, ਸਗੋਂ ਉਸ ਦੇ ਪਰਿਵਾਰ ਦੇ 7 ਜੀਆਂ ਦਾ ਉਸ ਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ। ਇਨ੍ਹਾਂ ਮਰਨ ਵਾਲਿਆਂ ਵਿੱਚ ਉਸ ਦੀ ਤਿੰਨ ਸਾਲਾ ਬੱਚੀ ਵੀ ਸ਼ਾਮਲ ਸੀ। ਪਸ਼ੂਪੁਣੇ ਨੂੰ ਵੀ ਉਲੰਘਦਾ ਤੱਥ ਇਹ ਹੈ ਕਿ ਉਸ ਮੌਕੇ ਪੰਜ ਮਹੀਨੇ ਦਾ ਬੱਚਾ ਉਸ ਦੇ ਪੇਟ ਵਿੱਚ ਪਲ ਰਿਹਾ ਸੀ। ਇਡੇ-ਵੱਡੇ ਘਾਤ ਦੇ ਬਾਵਜੂਦ ਬਿਲਕਿਸ ਨੇ ਹਿੰਮਤ ਨਹੀਂ ਹਾਰੀ ਤੇ ਦੋਸ਼ੀਆਂ ਖਿਲਾਫ ਲੜਾਈ ਜਾਰੀ ਰੱਖੀ।

ਇਸ ਲੜਾਈ ਵਿੱਚ ਵੱਡੀ ਪਛਾੜ ਬਾਨੋ ਨੂੰ ਉਦੋਂ ਮਿਲੀ ਜਦੋਂ ਸੁਪਰੀਮ ਕੋਰਟ ਦੇ ਇੱਕ ਫੈਸਲੇ ਨੂੰ ਆਧਾਰ ਬਣਾ ਕੇ ਗੁਜਰਾਤ ਸਰਕਾਰ ਨੇ ਸਜ਼ਾ ਭੁਗਤ ਰਹੇ ਸਾਰੇ 11 ਦੋਸ਼ੀਆਂ ਨੂੰ 15 ਅਗਸਤ 2022 ਨੂੰ ਰਿਹਾਅ ਕਰ ਦਿੱਤਾ। ਜੇਲ੍ਹਾਂ ਵਿੱਚ ਬੰਦ ਸਿੱਖ ਸਿਆਸੀ ਕੈਦੀਆਂ ਨੂੰ ਸੁਣ ਕੇ ਹੈਰਾਨੀ ਹੋਵੇਗੀ ਕਿ ਇਸ ਸਜ਼ਾ ਦੌਰਾਨ ਉਨ੍ਹਾਂ ਨੂੰ 1000 ਦਿਨ ਦੀ ਪੈਰੋਲ ਵੀ ਦਿੱਤੀ ਗਈ। ਗੱਲ ਇੱਥੇ ਹੀ ਨਹੀਂ ਰੁਕੀ, ਸਗੋਂ ਗੁਜਰਾਤ ਦੇ ਇੱਕ ਸਾਬਕਾ ਮੰਤਰੀ ਅਤੇ ਗੋਧਰਾ ਤੋਂ ਛੇ ਵਾਰ ਦੇ ਵਿਧਾਇਕ ਦੇ ਇਸ ਬਿਆਨ ਨੇ ਪੀੜਤਾ ਨੰ ਹੋਰ ਜ਼ਲੀਲ ਕੀਤਾ ਕਿ ਸਾਰੇ ਮੁਲਜ਼ਮ ਬ੍ਰਾਹਮਣ ਹਨ ਅਤੇ ਬ੍ਰਾਹਮਣ ਸੰਸਕਾਰੀ ਹੁੰਦੇ ਹਨ। ਯਾਦ ਰਹੇ, ਇਹ ਸਾਰਾ ਕੁਝ ਸੀ.ਬੀ.ਆਈ. ਅਤੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਵਿਰੋਧ ਦੇ ਬਾਵਜੂਦ ਕੀਤਾ ਗਿਆ। ਸੀ.ਬੀ.ਆਈ. ਦਾ ਆਖਣਾ ਸੀ ਕਿ ਦੋਸ਼ੀਆਂ ਦਾ ਅਪਰਾਧ ਬਹੁਤ ਹੀ ਘਿਨਾਉਣਾ ਹੈ, ਇਸ ਲਈ ਸਜ਼ਾ ਮੁਆਫੀ ਨਹੀਂ ਹੋਣੀ ਚਾਹੀਦੀ।

ਬੀਤੀ 8 ਜਨਵਰੀ ਨੂੰ ਜਦੋਂ ਸੁਪਰੀਮ ਕੋਰਟ ਦੇ ਦੋ ਜੱਜਾਂ- ਬੀ.ਵੀ. ਨਾਗਾਰਾਥਨ ਅਤੇ ਜਸਟਿਸ ਉੱਜਲ ਭੁਵਿਯਾਨ ਉੱਪਰ ਆਧਾਰਤ ਬੈਂਚ ਨੇ ਗੁਜਰਾਤ ਸਰਕਾਰ ਵੱਲੋਂ ਦਿੱਤੀ ਗਈ ਮੁਆਫੀ ਰੱਦ ਕਰ ਦਿੱਤੀ ਹੈ ਤੇ 11 ਦੋਸ਼ੀਆਂ ਨੂੰ 15 ਦਿਨਾਂ ਦੇ ਅੰਦਰ ਅੰਦਰ ਮੁੜ ਜੇਲ੍ਹ ਭੇਜਣ ਦੀ ਹਦਾਇਤ ਕਰ ਦਿੱਤੀ ਹੈ ਤਾਂ ਬਿਲਕਿਸ ਬਾਨੋ ਦੀ ਪ੍ਰਤੀਕਿਰਿਆ ਧਿਆਨ ਨਾਲ ਸੁਣਨ ਵਾਲੀ ਹੈ; ਉਸ ਨੇ ਕਿਹਾ, 'ਅੱਜ ਮੇਰੇ ਲਈ ਅਸਲ ਵਿੱਚ ਨਵਾਂ ਸਾਲ ਚੜ੍ਹਿਆ ਹੈ। ਪਿਛਲੇ ਡੇੜ ਸਾਲ ਵਿੱਚ ਮੈਂ ਪਹਿਲੀ ਵਾਰ ਮੁਸਕਰਾਈ ਹਾਂ। ਮੈਂ ਆਪਣੇ ਬੱਚਿਆਂ ਨੂੰ ਬੁੱਕਲ ਵਿੱਚ ਲਿਆ, ਚੁੰਮਿਆ। ਮੈਨੂੰ ਲੱਗਿਆ ਜਿਵੇਂ ਇੱਕ ਸਾਲਮ ਪਹਾੜ ਜਿੱਡਾ ਪੱਥਰ ਮੇਰੇ ਸੀਨੇ ਤੋਂ ਉਤਰ ਗਿਆ ਹੋਵੇ। ਮੈਂ ਹੁਣ ਦੁਬਾਰਾ ਸਾਹ ਲੈ ਸਕਦੀ ਹਾਂ।'

ਪੰਜਾਬ ਅਤੇ ਸਿੱਖ ਸੰਦਰਭ ਵਿੱਚ ਇਹ ਪੱਖ ਵੀ ਵਰਨਣਯੋਗ ਹੈ ਕਿ ਸੁਪਰੀਮ ਕੋਰਟ ਦਾ ਇਹ ਤਾਜ਼ਾ ਫੈਸਲਾ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਸਿੱਖ ਸਿਆਸੀ ਕੈਦੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਦੇ ਨਾਂ ਲਿਖੀ ਉਸ ਚਿੱਠੀ ਤੋਂ ਬਾਅਦ ਆਇਆ, ਜਿਸ ਵਿੱਚ ਉਸ ਨੇ ਕਿਹਾ ਸੀ ਕਿ 'ਤੁਹਾਡੇ ਇਨਸਾਫ ਦਾ ਤਰਾਜੂ ਇੱਕ ਪਾਸੇ ਵੱਲ ਝੁਕਿਆ ਹੋਇਆ ਹੈ ਅਤੇ ਇਹ ਬੰਦੇ ਦਾ ਧਰਮ ਅਤੇ ਨਸਲ ਵੇਖ ਕੇ ਫੈਸਲਾ ਕਰਦਾ ਹੈ।' ਆਪਣੀ ਇਸ ਚਿੱਠੀ




ਵਿੱਚ ਉਨ੍ਹਾਂ ਬਿਲਕਿਸ ਬਾਨੋ ਦੇ ਕੇਸ ਦਾ ਜ਼ਿਕਰ ਵੀ ਕੀਤਾ ਸੀ। ਤਾਜ਼ਾ ਫੈਸਲੇ ਦੇ ਆਉਣ ਨਾਲ ਸਿੱਖ ਸਿਆਸੀ ਕੈਦੀਆਂ ਦਾ ਮਸਲਾ ਵੀ ਹੋਰ ਲਟਕ ਸਕਦਾ ਹੈ।

ਬਿਲਕਿਸ ਬਾਨੋ ਕੇਸ ਸਬੰਧੀ ਫੈਸਲਾ ਕਰਨ ਵਾਲੇ ਸੁਪਰੀਮ ਕੋਰਟ ਦੇ ਉਪਰੋਕਤ ਦੋ ਜੱਜਾਂ 'ਤੇ ਆਧਾਰਤ ਬੈਂਚ ਨੇ ਇੱਥੋਂ ਤੱਕ ਕਿਹਾ ਕਿ ਗੁਜਰਾਤ ਸਰਕਾਰ ਨੇ ਦੋਸ਼ੀਆਂ ਦਾ ਪੱਖ ਪੂਰਿਆ ਅਤੇ ਤਾਕਤ ਦੀ ਗਲਤ ਵਰਤੋਂ ਕੀਤੀ। ਅਦਾਲਤ ਨੇ ਰਿਹਾਈ ਨਾਲ ਸਬੰਧਤ ਮੁੱਖ ਪੱਖ ਨੂੰ ਉਭਾਰਦਿਆਂ ਕਿਹਾ ਕਿ ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਦੇ ਇੱਕ ਹੋਰ ਬੈਂਚ ਦੇ 2022 ਦੇ ਫੈਸਲੇ ਨੂੰ ਆਧਾਰ ਬਣਾ ਕੇ ਇੱਕ ਤਰ੍ਹਾਂ ਦਾ 'ਫਰਾਡ' ਕੀਤਾ।

ਅਦਾਲਤ ਅਨੁਸਾਰ ਸੰਵਿਧਾਨਿਕ ਆਧਾਰ 'ਤੇ ਉਸ ਰਾਜ ਦੀ ਸਰਕਾਰ ਹੀ ਦੋਸ਼ੀਆਂ ਦੀ ਸਜ਼ਾ ਮੁਆਫ ਕਰਨ ਦੀ ਹੱਕਦਾਰ ਹੈ, ਜਿੱਥੇ ਇਸ ਕੇਸ ਦੀ ਸੁਣਵਾਈ ਹੋਈ ਅਤੇ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ। ਇਸ ਕੇਸ ਦੀ ਸੁਣਵਾਈ ਸੀ.ਬੀ.ਆਈ. ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ ਮੁੰਬਈ ਵਿੱਚ ਕੀਤੀ ਗਈ ਸੀ ਅਤੇ ਇੱਥੇ ਹੀ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ। ਇਸ ਲਈ ਸਜ਼ਾ ਮੁਆਫ ਕਰਨ ਦਾ ਹੱਕ ਮਹਾਰਾਸ਼ਟਰ ਸਰਕਾਰ ਦਾ ਸੀ, ਨਾ ਕਿ ਗੁਜਰਾਤ ਸਰਕਾਰ ਦਾ।

ਸਰਬਉੱਚ ਅਦਾਲਤ ਨੇ ਕਿਹਾ ਕਿ ਇਹ ਇੱਕ ਕਲਾਸੀਕਲ ਕੇਸ ਹੈ, ਜਿਸ ਵਿੱਚ ਇਸ ਅਦਾਲਤ ਦੇ (ਇੱਕ ਹੋਰ ਬੈਂਚ ਦੇ) 13 ਮਈ 2022 ਦੇ ਫੈਸਲੇ ਨੂੰ ਗੁਜਰਾਤ ਸਰਕਾਰ ਵਲੋਂ ਬਾਨੋ ਕੇਸ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰਨ ਲਈ 'ਵਰਤਿਆ' ਗਿਆ, ਜਿਹੜਾ ਕਿ ਉਸ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ ਸੀ। ਇਸ ਲਈ ਅਸੀਂ ਸਜ਼ਾ ਮੁਆਫੀ ਦੇ ਇਸ ਫੈਸਲੇ ਨੂੰ ਇਸ ਆਧਾਰ 'ਤੇ ਰੱਦ ਕਰਦੇ ਹਾਂ ਕਿ ਗੁਜਰਾਤ ਸਰਕਾਰ ਵੱਲੋਂ ਉਸ ਤਾਕਤ ਦੀ ਵਰਤੋਂ ਕੀਤੀ ਗਈ, ਜਿਹੜੀ ਕਿ ਉਸ ਦੇ ਪੱਲੇ ਹੈ ਹੀ ਨਹੀਂ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਖਪਾਤ ਅਤੇ ਸਿਆਸੀ ਪ੍ਰਭਾਵ ਦੇ ਖਤਰੇ ਨੂੰ ਧਿਆਨ ਵਿੱਚ ਰੱਖਦਿਆਂ ਸਰਬਉੱਚ ਅਦਾਲਤ ਵੱਲੋਂ ਇਸ ਮੁਕੱਦਮੇ ਦੀ ਸੁਣਵਾਈ ਦਾ ਅਮਲ ਗੁਜਰਾਤ ਵਿੱਚੋਂ ਮੁੰਬਈ ਤਬਦੀਲ ਕਰ ਦਿੱਤਾ ਸੀ।

ਯਾਦ ਰਹੇ, ਬਿਲਕਿਸ ਬਾਨੋ ਨੇ 15 ਅਗਸਤ 2022 ਦੇ ਗੁਜਰਾਤ ਸਰਕਾਰ ਦੇ ਉਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚਣੌਤੀ ਦਿੱਤੀ ਸੀ, ਜਿਸ ਵਿੱਚ ਬਲਾਤਕਾਰ ਅਤੇ ਕਤਲਾਂ ਦੇ ਕੇਸ ਵਿੱਚ ਸਜ਼ਾ ਭੁਗਤ ਰਹੇ 11 ਦੋਸ਼ੀਆਂ ਦੀ ਰਹਿੰਦੀ ਸਜ਼ਾ ਮੁਆਫ ਕਰ ਦਿੱਤੀ ਗਈ ਸੀ। ਇਸ ਦੌਰਾਨ ਬਾਨੋ ਦਾ ਪਰਿਵਾਰ ਆਪਣਾ ਘਰ ਛੱਡ ਕੇ ਕਿਸੇ ਰਿਮੋਟ ਖੇਤਰ ਵਿੱਚ ਰਹਿਣ ਲੱਗ ਪਿਆ ਸੀ। ਦਸੰਬਰ 2003 ਵਿੱਚ ਸੁਪਰੀਮ ਕੋਰਟ ਨੇ ਇਸ ਕੇਸ ਦੀ ਪੜਤਾਲ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ। ਜਿੱਥੇ ਸੀ.ਬੀ.ਆਈ. ਦੀ ਇੱਕ ਵਿਸ਼ੇਸ਼ ਅਦਾਲਤ ਨੇ ਦੋਸ਼ੀਆਂ ਨੂੰ 2008 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ 2017 ਵਿੱਚ ਮੁੰਬਈ ਹਾਈਕੋਰਟ ਨੇ ਇਹ ਸਜ਼ਾ ਬਰਕਰਾਰ ਰੱਖੀ ਸੀ। ਇੱਥੇ ਇਹ ਪੱਖ ਵੀ ਧਿਆਨ ਦੇਣ ਵਾਲਾ ਹੈ ਕਿ ਇਸ ਕੇਸ ਵਿੱਚ ਸਜ਼ਾ ਮੁਆਫੀ ਦਾ ਅਧਿਕਾਰ ਹੁਣ ਮਹਾਰਾਸ਼ਟਰ ਸਰਕਾਰ ਕੋਲ ਹੈ ਅਤੇ ਮਹਾਰਾਸ਼ਟਰ ਵਿੱਚ ਵੀ ਹੁਣ ਭਾਜਪਾ ਦੀ ਹਮਾਇਤ ਪ੍ਰਾਪਤ ਸ਼ਿਵਸੈਨਾ ਸ਼ਿੰਦੇ ਗੁੱਟ ਦੀ ਸਰਕਾਰ ਹੈ। ਸਜ਼ਾ ਮੁਆਫੀ ਦੇ ਫੈਸਲੇ ਨੂੰ ਰੱਦ ਕਰਦਿਆਂ ਸੁਪਰੀਮ ਕੋਰਟ ਦੇ ਦੋ ਜੱਜਾਂ ਵਾਲੇ ਬੈਂਚ ਨੇ ਇਹ ਵੀ ਕਿਹਾ ਹੈ ਕਿ ਸਜ਼ਾ ਮੁਆਫੀ ਦਾ ਫੈਸਲਾ ਤਰਕ ਆਧਾਰਤ ਨਹੀਂ ਹੈ। ਇਹ ਇੱਕ ਕਿਸਮ ਦਾ 'ਸਟੀਰੀਓ ਟਾਈਪ ਅਤੇ ਸਾਈਕਲੋਸਟਾਈਲ' ਫੈਸਲਾ ਹੈ। ਗੁਜਰਾਤ ਸਰਕਾਰ ਨੇ ਸਜ਼ਾ ਮੁਆਫੀ ਦਾ ਫੈਸਲਾ ਕਰਨ ਲੱਗਿਆਂ ਮੁੰਬਈ ਵਾਲੇ ਟਰਾਇਲ ਕੋਰਟ ਦੇ ਜੱਜ ਦੀ ਵੀ ਸਲਾਹ ਨਹੀਂ ਲਈ।

ਯਾਦ ਰਹੇ, ਕੁਝ ਦਿਨ ਪਹਿਲਾਂ ਇਹ ਖਬਰ ਵੀ ਆਈ ਸੀ ਕਿ ਸਜ਼ਾ ਮੁਆਫੀ ਰੱਦ ਕੀਤੇ ਜਾਣ ਤੋਂ ਬਾਅਦ 11 ਦੋਸ਼ੀ ਲਾਪਤਾ ਹੋ ਗਏ ਹਨ, ਪਰ ਬਾਅਦ ਵਿੱਚ ਗੁਜਰਾਤ ਦੇ ਦਾਹੋਂਦ ਜ਼ਿਲ੍ਹੇ ਦੇ ਐਸ.ਪੀ. ਪੁਲਿਸ ਬਲਰਾਮ ਮੀਨਾ ਨੇ ਆਪਣੇ ਇੱਕ ਬਿਆਨ ਵਿੱਚ ਸਾਫ ਕੀਤਾ ਕਿ ਇਹੋ ਜਿਹੀ ਕੋਈ ਗੱਲ ਨਹੀਂ ਹੈ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਹ ਦੋਸ਼ੀਆਂ 'ਤੇ ਨੇੜਿਉਂ ਨਜ਼ਰ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਹੀ ਸਿੰਗਵਾਦ ਪਿੰਡ, ਜਿੱਥੇ ਦੋਸ਼ੀ ਵੱਸਦੇ ਹਨ, ਦੀ ਸੁਰੱਖਿਆ ਸਖਤ ਕਰ ਦਿੱਤੀ ਗਈ ਸੀ, ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਪਤਾ ਹੈ ਕਿ ਸਬੰਧਤ ਵਿਅਕਤੀ ਕਿੱਥੇ ਹਨ ਜਾਂ ਕਿੱਥੇ ਜਾ ਆ ਰਹੇ ਹਨ!

FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life
Social: Instagram Facebook
Youtube: djrjbmusic
djrj
Website: djrjbmusic.com
Ph: 630-770-0007

BHANGRA CLASSES
Chicago & Milwaukee Area
ONLINE CLASSES AVAILABLE
Bhangra
Luddi
Malwai Giddha
Jhummer
Jindua
Weight Loss Bhangra
For The Students of Canada & USA
Learn From Professional Coach From Punjab
BHANGRA RHYMES
Call/Whtsapp us For More info
602-610-0001
WWW.BHANGRARHYMES.COM

# ਅਜੋਕੀ ਰਜਵਾੜਾਸ਼ਾਹੀ ਦੇ ਦੌਰ ਵਿੱਚ ਨਿਆਂ ਲਈ ਯਾਤਰਾ

**ਚੰਦ ਫਤਿਹਪੁਰੀ**

ਰਾਹੁਲ ਗਾਂਧੀ ਨੇ ਐਤਵਾਰ, 14 ਜਨਵਰੀ ਨੂੰ ਮਨੀਪੁਰ ਦੇ ਥੌਬਲ ਤੋਂ 'ਭਾਰਤ ਜੋੜੋ ਨਿਆਏ ਯਾਤਰਾ' ਸ਼ੁਰੂ ਕਰ ਦਿੱਤੀ ਹੈ। 'ਨਿਆਏ ਕਾ ਹਕ ਮਿਲਨੇ ਤਕ' ਦੇ ਨਾਅਰਿਆਂ ਨਾਲ ਰਾਹੁਲ ਦੀ ਯਾਤਰਾ ਦਾ ਆਗਾਜ਼ ਹੋਇਆ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਯਾਤਰਾ ਨੂੰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ। ਇਹ ਯਾਤਰਾ 15 ਰਾਜਾਂ ਦੇ 110 ਜ਼ਿਲ੍ਹਿਆਂ ਵਿੱਚੋਂ ਲੰਘਦੀ ਹੋਈ 6713 ਕਿੱਲੋਮੀਟਰ ਦਾ ਪੰਧ ਤੈਅ ਕਰਕੇ 20 ਮਾਰਚ ਨੂੰ ਮੁੰਬਈ ਵਿਖੇ ਖਤਮ ਹੋਵੇਗੀ। ਯਾਤਰਾ 100 ਲੋਕ ਸਭਾ ਤੇ 337 ਅਸੈਂਬਲੀ ਸੀਟਾਂ ਤੋਂ ਹੋ ਕੇ ਗੁਜ਼ਰੇਗੀ। ਬੱਸ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਰਾਹੁਲ ਨੇ ਥੌਬਲ ਜ਼ਿਲ੍ਹੇ ਦੇ ਖੋਂਗਜੋਮ ਵਿਖੇ 1891 ਦੀ ਐਂਗਲੋ-ਮਨੀਪੁਰ ਜੰਗ ਦੇ ਸ਼ਹੀਦਾਂ ਦੀ ਯਾਦਗਾਰ 'ਤੇ ਸ਼ਰਧਾਂਜਲੀ ਭੇਟ ਕੀਤੀ। ਉਹ ਇੰਫਾਲ ਹਵਾਈ ਅੱਡੇ 'ਤੇ ਬਾਅਦ ਦੁਪਹਿਰ ਉਤਰੇ ਸਨ ਤੇ ਕਾਂਗਰਸ ਹਮਾਇਤੀਆਂ ਨੇ ਉਨ੍ਹਾਂ ਦਾ ਪੁਰਜ਼ੋਸ਼ ਸਵਾਗਤ ਕੀਤਾ। ਉਨ੍ਹਾਂ ਨੇੜਲੇ 'ਨਿਆਏ ਮੈਦਾਨ' ਤੋਂ ਯਾਤਰਾ ਆਰੰਭ ਕੀਤੀ।

ਰਾਹੁਲ ਦੀ ਇਹ ਯਾਤਰਾ 'ਭਾਰਤ ਜੋੜੋ' ਦੇ ਨਾਅਰੇ ਵਾਲੀ ਨਾਲੋਂ ਇਸ ਗੱਲੋਂ ਵੱਖਰੀ ਹੈ ਕਿ ਉਹ ਯਾਤਰਾ ਭਾਜਪਾ ਦੀ ਨਫ਼ਰਤੀ ਸਿਆਸਤ ਵਿਰੁੱਧ ਸੀ ਤੇ ਇਸ ਯਾਤਰਾ ਦਾ ਮਕਸਦ ਸਭ ਨੂੰ ਨਿਆਂ ਦਾ ਹੱਕ ਦਿਵਾਉਣਾ ਹੈ। ਪਿਛਲੀ ਯਾਤਰਾ ਸਮੇਂ ਆਰਥਿਕ ਨਾਬਰਾਬਰੀ, ਸਮਾਜਿਕ ਧਰੁਵੀਕਰਨ ਤੇ ਰਾਜਨੀਤਕ ਤਾਨਾਸ਼ਾਹੀ ਦੇ ਮੁੱਦੇ ਚੁੱਕੇ ਗਏ ਸਨ। ਤਾਜ਼ਾ ਯਾਤਰਾ ਆਰਥਿਕ ਨਿਆਂ, ਸਮਾਜਿਕ ਨਿਆਂ ਤੇ ਰਾਜਨੀਤਕ ਨਿਆਂ ਦੇ ਮੁੱਦੇ ਚੁੱਕੇਗੀ। ਸੂਤਰਾਂ ਅਨੁਸਾਰ ਯਾਤਰਾ ਦੌਰਾਨ ਨਾਗਰਿਕ ਸਭਾਵਾਂ, ਪੱਤਰਕਾਰਾਂ, ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ, ਦਲਿਤਾਂ, ਪਛੜੇ ਵਰਗਾਂ ਤੇ ਬੁੱਧੀਜੀਵੀਆਂ ਨੂੰ ਨਾਲ ਜੋੜਿਆ ਜਾਵੇਗਾ। ਯਾਤਰਾ ਸਬੰਧੀ ਰਾਹੁਲ ਗਾਂਧੀ ਦਾ ਕਹਿਣਾ ਹੈ, "ਇਸ ਯਾਤਰਾ ਦਾ ਨਿਸ਼ਾਨਾ ਹੈ ਕਿ ਅਸੀਂ ਆਪਣੀ ਬਾਤ ਨਹੀਂ ਸੁਣਾਵਾਂਗੇ, ਸਗੋਂ ਲੋਕਾਂ ਦੇ 'ਮਨ ਕੀ ਬਾਤ' ਸੁਣਾਂਗੇ ਤੇ ਉਨ੍ਹਾਂ ਦੇ ਦਰਦ ਨੂੰ ਸਮਝਾਂਗੇ। ਅੱਜ ਜਦੋਂ ਗੋਦੀ ਮੀਡੀਆ ਫਾਸ਼ੀ ਹਾਕਮਾਂ ਦੀ ਕਠਪੁਤਲੀ ਬਣ ਚੁੱਕਾ ਹੈ, ਜਮਹੂਰੀ ਸ਼ਕਤੀਆਂ ਕੋਲ ਇੱਕੋ ਰਾਹ ਹੈ- ਲੜਾਈ ਨੂੰ ਜਨਤਾ ਵਿੱਚ ਲੈ ਕੇ ਜਾਣਾ।"

ਇਹ ਗੱਲ ਹੈਰਾਨੀ ਵਾਲੀ ਸੀ ਕਿ ਜੋ ਮਨੀਪੁਰ 8 ਮਹੀਨਿਆਂ ਤੋਂ ਸੁਲਘ ਰਿਹਾ ਸੀ, ਥਾਂ-ਥਾਂ ਅਗਜ਼ਨੀ ਤੇ ਹਿੰਸਾ ਦੇ ਨਿਸ਼ਾਨ ਸਨ, ਉੱਥੇ ਯਾਤਰਾ ਦੇ ਸਵਾਗਤ ਵਿੱਚ ਲੋਕ ਪਰੰਪਰਕ ਨਾਚ-ਗਾਣੇ ਗਾ ਰਹੇ ਸਨ। ਔਰਤਾਂ ਤੇ ਬੱਚੇ, ਬੁੱਢੇ ਤੇ ਜਵਾਨ ਰਾਹੁਲ ਗਾਂਧੀ ਨੂੰ ਮਿਲਣ ਲਈ ਬੇਤਾਬ ਸਨ। ਰਾਹੁਲ ਗਾਂਧੀ ਨੇ ਮਨੀਪੁਰ ਦੇ ਦੋ ਭਾਈਚਾਰਿਆਂ ਵਿੱਚ ਚੌੜੀ ਕੀਤੀ ਗਈ ਖਾਈ ਨੂੰ ਵੀ ਭਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਆਪਣੀ ਯਾਤਰਾ ਮੈਤਈ ਭਾਈਚਾਰੇ ਦੇ ਇਲਾਕੇ ਵਿੱਚੋਂ ਸ਼ੁਰੂ ਕਰਕੇ ਕੁੱਕੀ ਭਾਈਚਾਰੇ ਦੇ ਇਲਾਕੇ ਵਿੱਚੋਂ ਗੁਜ਼ਰੇ ਸਨ ਅਤੇ ਦੋਹਾਂ ਭਾਈਚਾਰਿਆਂ ਵਿੱਚ ਪੁਲ ਬਣਨ ਤੇ ਸੰਵਾਦ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਰਾਹੁਲ ਗਾਂਧੀ ਉਸ ਥਾਂ ਵੀ ਗਏ, ਜਿੱਥੇ ਦੋ ਔਰਤਾਂ ਨੂੰ ਨੰਗਿਆਂ ਕਰਕੇ ਘੁਮਾਇਆ ਗਿਆ ਸੀ। ਔਰਤਾਂ ਨੂੰ ਨਿਆਂ ਦਿਵਾਉਣ ਦੀ ਰਾਹੁਲ ਦੀ ਗੱਲ 'ਤੇ ਹਾਜ਼ਰ ਔਰਤਾਂ ਦੀਆਂ ਭੁੱਬਾਂ ਨਿਕਲ ਰਹੀਆਂ ਸਨ।

ਇਸ ਯਾਤਰਾ ਨੂੰ ਕਾਮਯਾਬ ਕਰਨ ਲਈ ਕਾਂਗਰਸ ਨੇ ਪਹਿਲੇ ਦਿਨ ਆਪਣੀ ਪੂਰੀ ਤਾਕਤ ਲਾ ਦਿੱਤੀ ਸੀ। ਦਿੱਲੀ ਤੋਂ ਇੰਡੀਗੋ ਦੀ ਇੱਕ ਪੂਰੀ ਫਲਾਈਟ ਬੁੱਕ ਕਰਾ ਕੇ ਕਾਂਗਰਸ ਦੇ ਕਰੀਬ 200 ਆਗੂ ਮਨੀਪੁਰ ਪੁੱਜੇ ਸਨ। ਇਨ੍ਹਾਂ ਵਿੱਚ ਕਾਂਗਰਸ ਕਾਰਜਕਾਰਨੀ ਦੇ ਸਮੂਹ ਮੈਂਬਰ, ਜਨਰਲ ਸਕੱਤਰ, ਕਾਂਗਰਸ ਪ੍ਰਧਾਨ, ਤਿੰਨਾਂ ਰਾਜਾਂ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਰਾਜਾਂ ਦੇ ਕਾਂਗਰਸ ਪ੍ਰਧਾਨ ਤੇ ਵਿਧਾਇਕ ਦਲਾਂ ਦੇ ਮੁਖੀ ਸ਼ਾਮਲ ਸਨ। ਸਾਰੇ ਆਗੂਆਂ ਨੇ ਇੱਕ ਸਾਥ ਮੰਚ ਉੱਤੇ ਬਹਿ ਕੇ ਮਨੀਪੁਰ ਦੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਇਸ ਦੁੱਖ ਦੀ ਘੜੀ 'ਚ ਪੂਰੀ ਕਾਂਗਰਸ ਉਨ੍ਹਾਂ ਨਾਲ ਹੈ। ਏਨੇ ਆਗੂਆਂ ਨੂੰ ਦੇਖ ਕੇ ਮਨੀਪੁਰ ਦੇ ਲੋਕ ਹੈਰਾਨ ਸਨ ਕਿ ਜਿੱਥੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਬਾਹਰਲੇ ਲੋਕਾਂ ਦੇ ਆਉਣ ਦੀ ਮਨਾਹੀ ਹੈ, ਉਥੇ ਸਾਰੀ ਕਾਂਗਰਸ ਹੀ ਉੱਠ ਕੇ ਆ ਗਈ ਹੈ!

ਇਸ ਯਾਤਰਾ ਨੂੰ ਮਨੀਪੁਰ ਵਿੱਚ ਕਿੰਨੀ ਕਾਮਯਾਬੀ ਮਿਲੇਗੀ, ਉਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਸੂਬਾ ਕਾਂਗਰਸ ਦੇ ਆਗੂ ਇਸ ਨੂੰ ਕਿਸ ਤਰ੍ਹਾਂ ਅੱਗੇ ਵਧਾਉਂਦੇ ਹਨ। ਮਨੀਪੁਰ ਦੀ ਜਨਤਾ ਨੇ ਇੱਕ ਤ੍ਰਾਸਦੀ ਦਾ ਸਾਹਮਣਾ ਕੀਤਾ ਹੈ। ਲੋਕਾਂ ਨੇ ਪਰਿਵਾਰ ਤੇ ਜਾਇਦਾਦਾਂ ਗੁਆ ਦਿੱਤੀਆਂ ਹਨ। ਮਨੀਪੁਰ ਨੂੰ ਇਸ ਯਾਤਰਾ ਦਾ ਕੋਈ ਲਾਭ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ!

ਕੁਝ ਦਿਨ ਪਹਿਲਾਂ ਜਦੋਂ ਕਾਂਗਰਸ ਨੇ ਇਸ ਯਾਤਰਾ ਦਾ ਐਲਾਨ ਕੀਤਾ ਸੀ ਤਾਂ ਉਸੇ ਦਿਨ ਸਵੇਰੇ ਵੱਡੇ ਤੜਕੇ ਰਾਹੁਲ ਗਾਂਧੀ ਹਰਿਆਣਾ ਦੇ ਝੱਜਰ ਦੇ ਇੱਕ ਪਿੰਡ ਵਿੱਚ ਭਲਵਾਨਾਂ ਦੇ ਇੱਕ ਅਖਾੜੇ ਵਿੱਚ ਉਨ੍ਹਾਂ ਦੇ ਦਰਦ ਨਾਲ ਖੁਦ ਨੂੰ ਜੋੜ ਰਹੇ ਸਨ। ਇਹ ਉਹੋ ਭਲਵਾਨ ਸਨ, ਜਿਨ੍ਹਾਂ ਮਹਿਲਾ ਭਲਵਾਨਾਂ ਨਾਲ ਹੋਏ ਜਿਨਸੀ ਦੁਰਵਿਹਾਰ ਦੇ ਦੋਸ਼ੀ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਣ ਸਿੰਘ ਵਿਰੁੱਧ ਪੰਜ ਮਹੀਨੇ ਸੜਕਾਂ ਉੱਤੇ ਲੜਾਈ ਲੜੀ ਸੀ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਆਪਣੇ ਆਖ਼ਰੀ ਭਾਸ਼ਣ ਵਿੱਚ ਕਿਹਾ ਸੀ ਕਿ ਸਾਡੇ ਦੇਸ਼ ਵਿੱਚ ਆਜ਼ਾਦੀ ਤੇ ਲੋਕਤੰਤਰ ਹਾਲੇ ਅਧੂਰਾ ਹੈ। 'ਜਿੰਨੀ ਆਬਾਦੀ ਓਨਾ ਹੱਕ' ਦਾ ਨਾਅਰਾ ਡਾ. ਅੰਬੇਡਕਰ ਦੇ ਇਸੇ ਵਿਚਾਰ ਦੀ ਪੁਸ਼ਟੀ ਕਰਦਾ ਹੈ। ਇਹ ਨਾਅਰਾ ਜਾਤੀ ਜਨਗਣਨਾ ਦੇ ਮੁੱਦੇ ਨੂੰ ਰਾਹੁਲ ਦੀ ਯਾਤਰਾ ਦਾ ਮੁੱਖ ਬਿੰਦੂ ਬਣਾ ਦੇਵੇਗਾ। ਇਹ ਯਾਤਰਾ ਉਸ ਸਮੇਂ ਸ਼ੁਰੂ ਹੋਈ ਹੈ, ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਹਨ।

**ਅਰਥ-ਵਿਵਸਥਾ ਦਾ ਹਾਲ:** ਰਜਵਾੜਾਸ਼ਾਹੀ ਦੌਰ ਵਿੱਚ ਰਾਮ ਰਾਜ ਨੂੰ ਇੱਕ ਆਦਰਸ਼ ਰਾਜ ਵਜੋਂ ਪੇਸ਼ ਕੀਤਾ ਗਿਆ ਸੀ ਤੇ ਅੱਜ ਵੀ ਕੀਤਾ ਜਾਂਦਾ ਹੈ। ਰਾਜ ਜਨਤਾ ਦੀ ਭਲਾਈ ਦੇ ਪੈਮਾਨੇ ਤੋਂ ਪਰਖਿਆ ਜਾਂਦਾ ਹੈ, ਜਿਸ ਵਿੱਚ ਹਰ ਵਿਅਕਤੀ ਖੁਸ਼ ਹੋਵੇ, ਊਚ-ਨੀਚ ਨਾ ਹੋਵੇ ਤੇ ਹਰ ਵਿਅਕਤੀ ਸਵੈਮਾਣ ਦੀ ਜ਼ਿੰਦਗੀ ਜੀ ਰਿਹਾ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਟਵੀਟ ਕਿ 'ਪ੍ਰਭੂ ਰਾਮ ਨੇ ਮੈਨੂੰ ਪ੍ਰਾਣ ਪ੍ਰਤਿਸ਼ਠਾ ਲਈ ਸਾਰੇ ਭਾਰਤ ਵਾਸੀਆਂ ਦੀ ਪ੍ਰਤੀਨਿਧਤਾ ਕਰਨ ਲਈ ਨਮਿੱਤ ਕੀਤਾ ਹੈ' ਸਪੱਸ਼ਟ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਰਾਮ ਚੰਦਰ ਦੇ ਨੁਮਾਇੰਦੇ ਵਜੋਂ ਪੇਸ਼ ਕਰ ਰਹੇ ਹਨ। ਮੋਦੀ ਦੇ 10 ਸਾਲਾ ਰਾਜ ਦੌਰਾਨ ਦੇਸ਼ ਵਿੱਚ ਕਿਹੋ ਜਿਹਾ ਰਾਮ ਰਾਜ ਰਿਹਾ, ਇਸ ਬਾਰੇ ਦੇਸ਼ ਦੀ ਬਦਹਾਲੀ ਮੂੰਹੋਂ ਬੋਲ ਰਹੀ ਹੈ। ਦੇਸ਼ ਦੀ ਅਰਥ-ਵਿਵਸਥਾ ਦਾ ਹਾਲ ਇਹ ਹੈ ਕਿ ਸਮੁੱਚੇ ਭਾਰਤੀ ਬੁਰੀ ਤਰ੍ਹਾਂ ਕਰਜ਼ੇ ਦੇ ਜਾਲ ਵਿੱਚ ਫਸ ਚੁੱਕੇ ਹਨ। ਨਰਿੰਦਰ ਮੋਦੀ ਨੇ ਜਦੋਂ 2014 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਹਾਸਲ ਕੀਤਾ ਸੀ ਤਾਂ ਦੇਸ਼ ਸਿਰ ਅੰਦਾਜ਼ਨ 55 ਲੱਖ ਕਰੋੜ ਦਾ ਕਰਜ਼ਾ ਸੀ, ਪਰ ਮੋਦੀ ਦੇ 10 ਸਾਲਾ ਰਾਜ ਦੌਰਾਨ ਇਹ ਕਰੀਬ 205 ਲੱਖ ਕਰੋੜ ਹੋ ਗਿਆ ਹੈ। ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰਨ ਵਾਲੇ ਲੋਕਾਂ ਦੀ ਗਿਣਤੀ ਵਧ ਕੇ 22 ਫ਼ੀਸਦੀ ਤੋਂ ਟੱਪ ਗਈ ਹੈ। ਬੇਰੁਜ਼ਗਾਰੀ ਨੇ 45 ਸਾਲਾਂ ਦਾ ਰਿਕਾਰਡ ਤੋੜ ਕੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਕਰ ਦਿੱਤਾ ਹੈ। ਸਮਾਜਿਕ ਅਨਿਆਂ ਤੇ ਸਮਾਜ ਵਿੱਚ ਫੈਲੀ ਨਫ਼ਰਤ ਕਾਰਨ ਦੇਸ਼ ਦੇ ਅਮੀਰ-ਗਰੀਬ ਦੇਸ਼ ਵਿੱਚੋਂ ਬਾਹਰ ਨਿਕਲਣ ਲਈ ਕਤਾਰਾਂ ਬੰਨ੍ਹੀ ਖੜ੍ਹੇ ਹਨ।

ਪਿਛਲੇ ਦਿਨੀਂ ਫ਼ਰਾਂਸ ਨੇ 303 ਭਾਰਤੀਆਂ ਨੂੰ ਨਿਕਾਰਾਗੂਆ ਲੈ ਕੇ ਜਾ ਰਹੇ ਇੱਕ ਜਹਾਜ਼ ਨੂੰ ਰੋਕ ਲਿਆ ਸੀ। ਇਨ੍ਹਾਂ ਲੋਕਾਂ ਨੇ ਨਿਕਾਰਾਗੂਆ ਪਹੁੰਚ ਕੇ ਗੈਰ-ਕਾਨੂੰਨੀ ਸਰਹੱਦ ਪਾਰ ਕਰਕੇ ਕੈਨੇਡਾ ਜਾਂ ਅਮਰੀਕਾ ਜਾਣਾ ਸੀ। ਇਨ੍ਹਾਂ ਵਿੱਚੋਂ ਅੱਧੇ ਉਸ ਗੁਜਰਾਤ ਦੇ ਸਨ, ਜਿਸ ਦੇ ਵਿਕਾਸ ਮਾਡਲ ਦਾ ਪ੍ਰਧਾਨ ਮੰਤਰੀ ਹਰ ਵੇਲੇ ਢੰਡੋਰਾ ਪਿੱਟਦੇ ਰਹਿੰਦੇ ਹਨ। 'ਦੀ ਹਿੰਦੂ' ਦੀ ਇੱਕ ਰਿਪੋਰਟ ਅਨੁਸਾਰ ਸਿਰਫ਼ ਨਵੰਬਰ 2022 ਤੋਂ ਸਤੰਬਰ 2023 ਤੱਕ ਇਕੱਲੇ ਅਮਰੀਕਾ ਵਿੱਚ ਦਾਖਲ ਹੋਣ ਲਈ ਸਰਹੱਦ ਪਾਰ ਕਰਦੇ 96,917 ਭਾਰਤੀ ਫੜੇ ਗਏ ਸਨ। ਜਿਹੜੇ ਇਸ ਕੋਸ਼ਿਸ਼ ਵਿੱਚ ਸਫ਼ਲ ਹੋ ਗਏ, ਉਨ੍ਹਾਂ ਦੀ ਗਿਣਤੀ ਕਿੰਨੀ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ! 2019-20 ਵਿੱਚ ਇਨ੍ਹਾਂ ਦੀ ਗਿਣਤੀ ਸਿਰਫ਼ 19,883 ਸੀ। ਸੰਸਾਰ ਨਿਵੇਸ਼ ਬੈਂਕ 'ਮਾਰਗਨ ਸਟੇਨਲੀ' ਮੁਤਾਬਕ 2014 ਤੋਂ 2018 ਤੱਕ ਭਾਰਤ ਦੇ 23 ਹਜ਼ਾਰ ਕਰੋੜਪਤੀਆਂ ਨੇ ਆਪਣਾ ਬਸੇਰਾ ਦੂਜੇ ਦੇਸ਼ਾਂ ਵਿੱਚ ਕਰ ਲਿਆ ਹੈ। 21 ਜੁਲਾਈ 2023 ਨੂੰ ਸੰਸਦ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਸੀ ਕਿ 2011 ਤੋਂ ਲੈ ਕੇ 2022 ਤੱਕ 16,63,440 ਭਾਰਤੀਆਂ ਨੇ ਆਪਣੀ ਭਾਰਤੀ ਨਾਗਰਿਕਤਾ ਤਿਆਗ ਦਿੱਤੀ ਸੀ। ਇਕੱਲੇ 2023 ਦੇ ਪਹਿਲੇ 6 ਮਹੀਨਿਆਂ ਦੌਰਾਨ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦਾ ਅੰਕੜਾ 87,026 ਤੱਕ ਪੁੱਜ ਗਿਆ ਸੀ। ਇੱਕ ਅੰਦਾਜ਼ੇ ਮੁਤਾਬਕ ਹਰ ਸਾਲ 20 ਲੱਖ ਭਾਰਤੀ ਵਿਦੇਸ਼ਾਂ ਵੱਲ ਹਿਜਰਤ ਕਰ ਜਾਂਦੇ ਹਨ, ਜਿਸ ਨਾਲ ਇਨ੍ਹਾਂ ਦੀ ਆਬਾਦੀ 3 ਕਰੋੜ ਤੋਂ ਟੱਪ ਗਈ ਹੈ।

ਭਾਰਤੀ ਹਾਕਮਾਂ ਨੇ ਅਸਲ ਵਿੱਚ ਭਾਰਤ ਨੂੰ ਮਜ਼ਦੂਰ ਸਪਲਾਈ ਕਰਨ ਦਾ ਕੇਂਦਰ ਬਣਾ ਦਿੱਤਾ ਹੈ। ਵਿਸ਼ਵ ਗੁਰੂ ਦੀ ਸਰਕਾਰ ਨੇ ਇਜ਼ਰਾਇਲ, ਗਰੀਸ ਤੇ ਇਟਲੀ ਨਾਲ ਸਸਤੇ ਮਜ਼ਦੂਰ ਸਪਲਾਈ ਕਰਨ ਲਈ ਸਮਝੌਤੇ ਕੀਤੇ ਹਨ। ਇਜ਼ਰਾਇਲ ਨੇ ਫਲਿਸਤੀਨੀਆਂ ਨੂੰ ਕੱਢ ਦੇਣ ਤੋਂ ਬਾਅਦ ਬਦਲ ਦੇ ਤੌਰ ਉੱਤੇ ਭਾਰਤੀਆਂ ਨੂੰ ਖੇਤੀ ਤੇ ਸਨਅਤੀ ਮਜ਼ਦੂਰ ਵਜੋਂ ਲੈਣ ਦਾ ਫੈਸਲਾ ਕੀਤਾ ਹੈ। ਇਸ ਨੇ ਅੰਗਰੇਜ਼ੀ ਰਾਜ ਦੇ ਉਨ੍ਹਾਂ ਦਿਨਾਂ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ, ਜਦੋਂ ਅੰਗਰੇਜ਼ ਸਾਡੇ ਦੇਸ਼ ਦੇ ਗਰੀਬਾਂ ਨੂੰ ਮਜ਼ਦੂਰੀ ਕਰਨ ਲਈ ਅਫ਼ਰੀਕੀ ਦੇਸ਼ਾਂ ਵਿੱਚ ਲੈ ਕੇ ਜਾਂਦੇ ਸਨ। ਮੱਧਵਰਗ ਦੇ ਲੋਕ ਸਮਝਦੇ ਹਨ ਕਿ ਇਸ ਦੇਸ਼ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਅਜਿਹੇ ਮਾਹੌਲ ਵਿੱਚ ਆਮ ਵਰਗ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਲਾਇਆ ਜਾ ਸਕਦਾ ਹੈ। ਮੋਦੀ ਸਰਕਾਰ ਨਹੀਂ ਚਾਹੁੰਦੀ ਕਿ ਲੋਕ ਇਨ੍ਹਾਂ ਮਸਲਿਆਂ ਬਾਰੇ ਸੋਚਣ। ਰਾਮ ਮੰਦਰ ਦੀ ਉਸਾਰੀ ਦੀ ਖੁਮਾਰੀ ਵੀ ਇੱਕ ਅਜਿਹੀ ਖੁਰਾਕ ਹੈ, ਜਿਸ ਦੇ ਆਸਰੇ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦੀ ਕੋਸ਼ਿਸ਼ ਵਿੱਚ ਹੈ।


TASTE OF India FINE DINING BISTRO
17115 W. Bluemound Rd, Suite D1, Brookfield, WI 53005

We Do Catering

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਜੇਲ੍ਹਾਂ 'ਚ ਮੌਤਾਂ: ਪੰਜਾਬ ਦਾ ਨਾਂ ਤੀਜੇ ਥਾਂ

ਗਹਿਰ-ਗੰਭੀਰ

ਕਮਲਜੀਤ ਸਿੰਘ ਬਨਵੈਤ
ਫੋਨ: +91-9814734035



***ਸੁਪਰੀਮ ਕੋਰਟ ਵੱਲੋਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਹਿਰਾਸਤੀ ਮੌਤਾਂ ਉੱਤੇ ਚਿੰਤਾ ਦਾ ਪ੍ਰਗਟਾਵਾ***
***ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੀ ਕੌਂਸਲਿੰਗ ਕਰਨੀ ਜਰੂਰੀ ਹੋ ਗਈ ਹੈ***

ਇੱਕ ਸਮਾਂ ਸੀ ਜਦੋਂ 'ਜੇਲ੍ਹਾਂ ਵਿੱਚੋਂ ਫੋਨ ਆਉਣਗੇ' ਗੀਤ ਰਿਲੀਜ਼ ਹੋਇਆ ਤਾਂ ਵੱਡਾ ਬਾਵੇਲਾ ਖੜਾ ਹੋ ਗਿਆ ਸੀ। ਫਿਰ 'ਕਚਹਿਰੀਆਂ 'ਚ ਮੇਲੇ ਲੱਗਦੇ ਜਦੋਂ ਪੈਂਦੀ ਐ ਤਰੀਕ ਕਿਸੇ ਜੱਟ ਦੀ' ਗੀਤ ਨੂੰ ਲੈ ਕੇ ਵੀ ਤਕੜਾ ਵਿਵਾਦ ਚੱਲਦਾ ਰਿਹਾ। ਹੁਣ ਨਾ ਜੇਲ੍ਹਾਂ 'ਚੋਂ ਫੋਨ ਆਉਣ 'ਤੇ ਅਤੇ ਨਾ ਹੀ ਕਚਹਿਰੀਆਂ ਵਿੱਚ ਜਦੋਂ ਮੇਲੇ ਲੱਗਣ 'ਤੇ ਕੋਈ ਚੂੰ ਕਰਦਾ ਹੈ। ਪੰਜਾਬ ਦੀ ਤਤਕਾਲੀ ਅਕਾਲੀ ਸਰਕਾਰ ਨੇ ਸੂਬੇ ਦੀਆਂ ਜੇਲ੍ਹਾਂ ਨੂੰ ਸੁਧਾਰ ਘਰ ਦਾ ਨਾਂ ਦਿੱਤਾ ਸੀ, ਪਰ ਇਹ ਵਿਗਾੜ ਘਰ ਅਤੇ ਨਸ਼ਿਆਂ ਦੇ ਤਸਕਰਾਂ ਤੇ ਗੈਂਗਸਟਰਾਂ ਦਾ ਸੁਰੱਖਿਅਤ ਬਸੇਰਾ ਬਣ ਕੇ ਰਹਿ ਗਈਆਂ ਹਨ। ਇੱਕ ਰਿਪੋਰਟ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿੱਚੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਬਾਅਦ ਸਭ ਤੋਂ ਵੱਧ ਮੌਤਾਂ ਹੋ ਰਹੀਆਂ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿੱਚ 126 ਅਤੇ ਬਿਹਾਰ ਦੀਆਂ ਜੇਲ੍ਹਾਂ ਵਿੱਚ 58 ਕੈਦੀ ਮਾਰੇ ਗਏ ਸਨ, ਜਦ ਕਿ ਪੰਜਾਬ ਦੀਆਂ ਜੇਲ੍ਹਾਂ 42 ਕੈਦੀਆਂ ਨੂੰ ਨਿਗਲ ਗਈਆਂ ਹਨ। ਉੱਤਰ ਪ੍ਰਦੇਸ਼ ਅਤੇ ਬਿਹਾਰ ਦੀ ਆਬਾਦੀ ਤੇ ਖੇਤਰਫਲ ਦੇ ਹਿਸਾਬ ਦਾ ਗਣਿਤ ਕਰੀਏ ਤਾਂ ਪੰਜਾਬ ਟੌਪ ਕਰ ਸਕਦਾ ਹੈ। ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਿੱਚੋਂ 41 ਫੀਸਦੀ ਨਸ਼ਾ ਤਸਕਰੀ ਦੇ ਦੋਸ਼ ਵਿੱਚ ਡੱਕੇ ਗਏ ਹਨ।

ਮੁਲਕ ਦੀਆਂ ਹੋਰਨਾਂ ਜੇਲ੍ਹਾਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 41 ਕਤਲ ਹੋਏ ਹਨ ਅਤੇ ਬਿਮਾਰੀ ਨਾਲ 7736 ਤੇ ਬੁਢਾਪੇ ਕਾਰਨ 4 ਮੌਤਾਂ ਹੋਈਆਂ ਹਨ। ਸਾਲ 2017 ਤੋਂ 2022 ਤੱਕ ਮੁਲਕ ਦੀਆਂ ਜੇਲ੍ਹਾਂ ਵਿੱਚ ਹੋਈਆਂ ਗੈਰ-ਕੁਦਰਤੀ ਮੌਤਾਂ ਵਿੱਚੋਂ 660 ਨੇ ਖੁਦਕੁਸ਼ੀ ਕੀਤੀ ਸੀ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿੱਚ ਸਿਰਫ 15, ਜੰਮੂ-ਕਸ਼ਮੀਰ ਵਿੱਚ 26 ਅਤੇ ਹਿਮਾਚਲ ਪ੍ਰਦੇਸ਼ ਵਿੱਚ ਸੱਤ ਹਿਰਾਸਤੀ ਮੌਤਾਂ ਹੋਈਆਂ ਦੱਸੀਆਂ ਗਈਆਂ ਹਨ।

ਪੰਜਾਬ ਵਿੱਚ ਨੌਂ ਕੇਂਦਰੀ ਜੇਲ੍ਹਾਂ ਅਤੇ 25 ਦੂਜੀਆਂ ਜੇਲ੍ਹਾਂ ਹਨ, ਜਿਨ੍ਹਾਂ ਵਿੱਚ 24 ਹਜ਼ਾਰ ਕੈਦੀ ਨੂੜੇ ਗਏ ਹਨ। ਸੂਬੇ ਦੀਆਂ 18 ਜੇਲ੍ਹਾਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਕੈਦੀਆਂ ਦੀ ਗਿਣਤੀ ਸਮਰੱਥਾ ਨਾਲੋਂ ਬਹੁਤ ਜ਼ਿਆਦਾ ਹੈ।

ਪੰਜਾਬ ਦੀਆਂ ਜੇਲ੍ਹਾਂ ਵਿੱਚੋਂ ਲਗਾਤਾਰ ਫੋਨ ਆਉਣ ਅਤੇ ਜੇਲ੍ਹਾਂ ਅੰਦਰ ਨਸ਼ੇ ਦੀ ਸਪਲਾਈ ਦੇ ਕੇਸ ਵਧੇ ਹਨ। ਪਿੱਛੇ ਜਿਹੇ ਜੇਲ੍ਹ ਵਿੱਚੋਂ ਲਾਰੈਂਸ ਬਿਸ਼ਨੋਈ ਦੀ ਇੱਕ ਟੀ.ਵੀ. ਚੈਨਲ 'ਤੇ ਚਲਾਈ ਗਈ ਇੰਟਰਵਿਊ ਨੇ ਜਿੱਥੇ ਸਰਕਾਰ ਲਈ ਨਮੋਸ਼ੀ ਪੈਦਾ ਕੀਤੀ ਸੀ, ਉੱਥੇ ਪੰਜਾਬ ਵਾਸੀਆਂ ਨੂੰ ਵੀ ਫਿਕਰ ਲਾ ਦਿੱਤੇ ਸਨ। ਦੋਵੇਂ ਮਾਮਲੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਅਧੀਨ ਹਨ।

ਪੰਜਾਬ ਸਰਕਾਰ ਨੇ ਜੇਲ੍ਹਾਂ ਦੇ ਮੁੱਖ ਦੁਆਰ ਉੱਤੇ ਬਾਡੀ ਸਕੈਨਰ ਲਾਉਣ ਦੀ ਤਜਵੀਜ਼ ਤਿਆਰ ਕਰ ਕੇ ਕੇਂਦਰ ਤੋਂ ਬਾਕਾਇਦਾ ਪ੍ਰਵਾਨਗੀ ਮੰਗੀ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਿਛਲੇ ਦਿਨੀਂ ਇੱਕ ਕੇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਛੇਤੀ ਤੋਂ ਛੇਤੀ ਜੇਲ੍ਹਾਂ ਦੇ ਬਾਹਰ ਬਾਡੀ ਸਕੈਨਰ ਲਾਉਣ ਦੀ ਪ੍ਰਵਾਨਗੀ ਦੇਣ ਦਾ ਭਰੋਸਾ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿੱਚੋਂ ਇੱਕ ਟੀ.ਵੀ. ਚੈਨਲ 'ਤੇ ਚੱਲੀ ਵੀਡੀਓ ਦਾ ਨੋਟਿਸ ਲਿਆ ਸੀ।

ਜੇਲ੍ਹਾਂ ਦੇ ਬਾਹਰ ਲਾਏ ਜਾਣ ਵਾਲੇ ਬਾਡੀ ਸਕੈਨਰਾਂ ਨਾਲ ਸਮੇਤ ਹੋਰ ਗੈਰ-ਕਾਨੂੰਨੀ ਅਵਸਥਾ ਅੰਦਰ ਜਾਣ ਦਾ ਡਰ ਘੱਟ ਜਾਵੇਗਾ। ਹੁਣ ਤੱਕ ਜੇਲ੍ਹਾਂ ਦੇ ਬਾਹਰ ਫੋਨ ਕਾਲਾਂ ਰੋਕਣ ਲਈ ਜੈਮਰ ਲਗਾਏ ਗਏ ਹਨ ਅਤੇ ਮੁਲਾਕਾਤੀਆਂ ਦੀ ਚੈਕਿੰਗ ਕੀਤੀ ਜਾਂਦੀ ਹੈ। ਸਰਕਾਰ ਦੇ ਇਹ ਦੋਵੇਂ ਹੀਲੇ ਕਾਰਗਰ ਸਾਬਤ ਨਹੀਂ ਹੋਏ ਹਨ। ਜੇਲ੍ਹਾਂ ਦੇ ਬਾਹਰ ਜੈਮਰ ਲੱਗਣ ਦੇ ਬਾਵਜੂਦ ਕੇਂਦਰੀ ਜੇਲ੍ਹ ਪਟਿਆਲਾ ਵਿੱਚੋਂ 41 ਹਜ਼ਾਰ ਫੋਨ ਕੀਤੇ ਗਏ ਹਨ। ਪੰਜਾਬ ਸਰਕਾਰ ਦੇ ਧਿਆਨ ਵਿੱਚ ਸਾਰਾ ਕੁਝ ਹੁੰਦਿਆਂ ਹੋਇਆਂ ਵੀ ਅਜਿਹਾ ਹੋ ਰਿਹਾ ਹੈ। ਇਸ ਤੋਂ ਪਹਿਲਾਂ ਸੱਤਾ ਵਿੱਚ ਰਹੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੰਤਰੀਆਂ ਉੱਤੇ ਤਾਂ ਜੇਲ੍ਹਾਂ ਵਿੱਚ ਆਪਣੇ ਚਹੇਤੇ ਗੈਂਗਸਟਰ ਰੱਖਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਇੱਥੋਂ ਤੱਕ ਕਿ ਯੂ.ਪੀ. ਦੇ ਇੱਕ ਗੈਂਗਸਟਰ ਲਈ ਤਾਂ ਜੇਲ ਦੇ ਅੰਦਰ ਪੰਜ ਸਟਾਰ ਕਮਰਾ ਬਣਾਉਣ ਦੇ ਇਲਜ਼ਾਮ ਵੀ ਲੱਗੇ। ਪੰਜਾਬ ਸਰਕਾਰ ਨੇ ਇਸ ਮਾਮਲੇ ਨੂੰ ਸ਼ੁਰੂ ਸ਼ੁਰੂ ਵਿੱਚ ਤਾਂ ਬੜੀ ਗੰਭੀਰਤਾ ਨਾਲ ਲਿਆ ਸੀ, ਪਰ ਹੁਣ ਇਹ ਵੀ ਕਈ ਹੋਰ ਮਾਮਲਿਆਂ ਦੀ ਤਰ੍ਹਾਂ ਫਾਈਲਾਂ ਦੀ ਧੂੜ ਫਕ ਰਿਹਾ ਹੈ।

ਪੰਜਾਬ ਦੀਆਂ ਜੇਲ੍ਹਾਂ ਵਿੱਚ ਹਿਰਾਸਤੀ ਮੌਤਾਂ ਦੀ ਗੱਲ ਕਰੀਏ ਤਾਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਸ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਕਮਿਸ਼ਨ ਦੇ ਆਪਣੇ ਦੰਦ ਨਾ ਹੋਣ ਕਾਰਨ ਦੂਜੇ ਸ਼ਬਦਾਂ ਵਿੱਚ ਕਮਿਸ਼ਨ ਸਿਰਫ ਇੱਕ ਰਿਕਮੈਂਡੇਟਰੀ ਬਾਡੀ ਹੈ। ਇਸ ਕੋਲੇ ਕਿਸੇ ਤਰ੍ਹਾਂ ਦਾ ਐਕਸ਼ਨ ਲੈਣ ਦਾ ਕੋਈ ਹੱਕ ਨਹੀਂ, ਇਸ ਕਰਕੇ ਪੀੜਤਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇ ਕੇ ਡੰਗ ਪਾਉਣਾ ਪੈ ਰਿਹਾ ਹੈ। ਇੱਕ ਜਾਣਕਾਰੀ ਅਨੁਸਾਰ ਕਮਿਸ਼ਨ ਵੱਲੋਂ ਹਾਲੇ ਤੱਕ ਵੱਧ ਤੋਂ ਵੱਧ ਕਿਸੇ ਪਰਿਵਾਰ ਨੂੰ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ। ਦੂਜੇ ਬੰਨੇ ਪੁਲਿਸ ਦੇ ਹੱਥ ਕਾਨੂੰਨ ਤੋਂ ਵੀ ਲੰਬੇ ਹਨ। ਪੁਲਿਸ ਬਹੁਤ ਵਾਰ ਗੈਰ-ਕੁਦਰਤੀ ਮੌਤ ਜਾਂ ਤਸੀਹੇ ਦੇ ਕੇ ਮਾਰ ਮੁਕਾਉਣ ਦੀ ਘਟਨਾ 'ਤੇ ਬਿਮਾਰੀ ਨਾਲ ਹੋਈ ਮੌਤ ਦਾ ਟੈਗ ਲਾ ਕੇ ਬਰੀ ਹੋ ਜਾਂਦੀ ਰਹੀ ਹੈ, ਪਰ ਕੈਦੀਆਂ ਦੇ ਉਨ੍ਹਾਂ ਮਾਪਿਆਂ, ਰਿਸ਼ਤੇਦਾਰਾਂ ਅਤੇ ਸੱਜਣਾਂ ਮਿੱਤਰਾਂ ਦਾ ਕੀ ਕੀਤਾ ਜਾਵੇ, ਜਿਹੜੇ ਮੁਲਾਕਾਤ ਵੇਲੇ ਆਪਣੀ ਜਾਨ ਖਤਰੇ ਵਿੱਚ ਪਾ ਕੇ ਵੀ ਨਸ਼ੇ ਪਰੋਸ ਆਉਂਦੇ ਹਨ? ਇਹ ਖਬਰ ਵੀ ਬੜੀ ਸ਼ਰਮਸਾਰ ਕਰ ਦੇਣ ਵਾਲੀ ਸੀ, ਜਿਸ ਵਿੱਚ ਇੱਕ ਪਤਨੀ ਦਾ ਜ਼ਿਕਰ ਕੀਤਾ ਗਿਆ ਸੀ, ਜੋ ਆਪਣੇ ਗੁਪਤ ਅੰਗ ਵਿੱਚ ਨਸ਼ਾ ਲਕੋ ਕੇ ਆਪਣੇ ਪਤੀ ਨੂੰ ਜੇਲ ਵਿੱਚ ਦੇਣ ਜਾਂਦੀ ਫੜੀ ਗਈ ਸੀ।

ਸੁਪਰੀਮ ਕੋਰਟ ਨੇ ਵੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਹਿਰਾਸਤੀ ਮੌਤਾਂ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੀ ਕੌਂਸਲਿੰਗ ਕਰਨੀ ਜਰੂਰੀ ਹੋ ਗਈ ਹੈ। ਸੁਪਰੀਮ ਕੋਰਟ ਮੰਨਦੀ ਹੈ ਕਿ ਪੰਜਾਬ ਪੁਲਿਸ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਕੈਦੀਆਂ ਦੇ ਵੀ ਮਨੁੱਖੀ ਅਧਿਕਾਰ ਹੁੰਦੇ ਹਨ। ਪੰਜਾਬ ਦੀਆਂ ਜੇਲ੍ਹਾਂ ਅਤੇ ਥਾਣਿਆਂ ਵਿੱਚ ਹੋ ਰਹੀਆਂ ਮੌਤਾਂ ਕਦੋਂ ਰੁਕਣਗੀਆਂ? ਰੱਬ ਹੀ ਜਾਣੇ! ਪੰਜਾਬ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਹਾਲੇ ਤੱਕ ਤਾਂ ਪੁਲਿਸ ਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਦਾ ਪਾਠ ਪੜ੍ਹਾਉਣ ਵਿੱਚ ਕਾਮਯਾਬ ਨਹੀਂ ਹੋਈਆਂ ਹਨ। ਜਦੋਂ ਤੱਕ ਸਿਆਸੀ ਲੀਡਰਾਂ ਅਤੇ ਪੁਲਿਸ ਦਾ ਗੱਠਜੋੜ ਨਹੀਂ ਟੁੱਟਦਾ, ਉਦੋਂ ਤੱਕ ਕੋਈ ਆਸ ਵੀ ਨਹੀਂ ਰੱਖਣੀ ਚਾਹੀਦੀ।

# ਨਵਜੋਤ ਸਿੰਘ ਸਿੱਧੂ ਦੇ ਸਿਆਸੀ ਕਿਰਦਾਰ ਵਿਚਲਾ ਦੋਗਲਾਪਨ

ਇਹ ਆਮ ਧਾਰਨਾ ਬਣ ਚੁੱਕੀ ਹੈ ਕਿ ਪੰਜਾਬ ਕਾਂਗਰਸ ਨੂੰ ਬਾਹਰਲੇ ਦੁਸ਼ਮਣ ਦੀ ਲੋੜ ਨਹੀਂ ਪੈਂਦੀ; ਪਾਰਟੀ ਨੂੰ ਮਾਰਨ ਵਾਲੇ ਅੰਦਰੋਂ ਹੀ ਬਥੇਰੇ ਖੜ੍ਹੇ ਹੋ ਜਾਂਦੇ ਹਨ। ਪੰਜਾਬ ਕਾਂਗਰਸ ਵਿਚਲੀ ਧੜੇਬੰਦੀ ਕੋਈ ਨਵੀਂ ਗੱਲ ਨਹੀਂ ਹੈ। ਸੂਬੇ ਦੀਆਂ ਦੂਜੀਆਂ ਦੋ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ 'ਚ ਵੀ ਗੁੱਟਬਾਜ਼ੀ ਚੱਲਦੀ ਆ ਰਹੀ ਹੈ, ਪਰ ਕਾਂਗਰਸ ਦੀ ਧੜੇਬੰਦੀ ਨੇ ਤਾਂ ਪਾਰਟੀ ਦੇ ਸੂਬੇ ਵਿੱਚੋਂ ਪੈਰ ਉਖਾੜ ਕੇ ਰੱਖ ਦਿੱਤੇ ਹਨ। ਪੈਰ ਤਾਂ ਅਕਾਲੀ ਦਲ ਅਤੇ ਭਾਜਪਾ ਦੇ ਵੀ ਨਹੀਂ ਲੱਗ ਰਹੇ ਹਨ। ਅਕਾਲੀ ਦਲ ਨੂੰ ਪੰਜਾਬੀਆਂ ਨੇ ਪਰੇ ਧੱਕ ਦਿੱਤਾ ਹੈ, ਜਦਕਿ ਭਾਜਪਾ ਨੂੰ ਮੂੰਹ ਨਹੀਂ ਲਾ ਰਹੇ ਹਨ।

ਇੱਕ ਸੱਚ ਇਹ ਵੀ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਵਿੱਚ ਕੋਈ ਸਰਬ ਪ੍ਰਵਾਨਿਤ ਲੀਡਰ ਉਭਰ ਕੇ ਨਹੀਂ ਆ ਰਿਹਾ ਹੈ। ਕਾਂਗਰਸ ਹਾਈ ਕਮਾਂਡ ਦੀ ਆਪਣੀ ਰੀੜ੍ਹ ਦੀ ਹੱਡੀ ਵਿੱਚ ਪਹਿਲਾਂ ਜਿਹਾ ਦਮ ਨਹੀਂ ਰਿਹਾ, ਜਿਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਬੇਲਗਾਮ ਹੋਈ ਪਈ ਹੈ। ਪੰਜਾਬ ਕਾਂਗਰਸ ਦੇ ਨਵ ਨਿਯੁਕਤ ਇੰਚਾਰਜ ਦਵਿੰਦਰ ਯਾਦਵ ਨੇ ਸੂਬੇ ਦਾ ਚਾਰ ਦਿਨਾਂ ਦਾ ਦੌਰਾ ਰੱਖਿਆ ਸੀ, ਪਰ ਲੀਰੋ ਲੀਰ ਹੋਈ ਕਾਂਗਰਸ ਨੂੰ ਤੋਪੇ ਭਰ ਕੇ ਸੀਣਾ ਉਨ੍ਹਾਂ ਦੇ ਵੀ ਵੱਸ ਨਹੀਂ ਲੱਗ ਰਿਹਾ। ਉਨ੍ਹਾਂ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੇ ਦਿਨ ਤਾਂ ਕਾਂਗਰਸੀਆਂ ਨੇ ਇੱਕ ਹੋਣ ਦਾ ਦਿਖਾਵਾ ਕੀਤਾ, ਫਿਰ ਚੰਡੀਗੜ੍ਹ ਵਿੱਚ ਰੱਖੀ ਮੀਟਿੰਗ ਦੌਰਾਨ ਸਾਰੇ ਪੁੱਲ ਖੁੱਲ੍ਹ ਗਏ। ਨਵਜੋਤ ਸਿੰਘ ਸਿੱਧੂ ਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਹੀ ਭੰਨ ਤੜੱਕੇ ਕਰਦੇ ਦਿਸੇ। ਦੱਸਿਆ ਜਾਂਦਾ ਹੈ ਕਿ ਨਵਜੋਤ ਸਿੰਘ ਸਿੱਧੂ ਹੁਸ਼ਿਆਰਪੁਰ ਵਿੱਚ ਰੈਲੀ ਕਰਨ ਤੋਂ ਪਹਿਲਾਂ ਦਵਿੰਦਰ ਯਾਦਵ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਗਏ ਸਨ। ਦਵਿੰਦਰ ਯਾਦਵ ਉਨ੍ਹਾਂ ਨੂੰ ਰੈਲੀ ਕਰਨ ਤੋਂ ਰੋਕ ਨਾ ਸਕੇ ਜਾਂ ਲੋੜ ਨਹੀਂ ਸਮਝੀ, ਇਹ ਭੇਦ ਹਾਲੇ ਖੁੱਲ੍ਹ ਨਹੀਂ ਸਕਿਆ।

ਨਵਜੋਤ ਸਿੱਧੂ ਦੀਆਂ ਪਿਛਲੀਆਂ ਤਿੰਨ ਰੈਲੀਆਂ ਵਿੱਚ ਦਿੱਤੇ ਭਾਸ਼ਣਾਂ ਅਤੇ ਉਨ੍ਹਾਂ ਦੀ ਇੰਡੀਆ ਗੱਠਜੋੜ ਨੂੰ ਲੈ ਕੇ ਕੀਤੀ ਬਿਆਨਬਾਜ਼ੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਕਿਰਦਾਰ ਵਿਚਲਾ ਦੋਗਲਾਪਨ ਸਾਫ ਝਲਕਦਾ ਦਿਸ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਮੁਲਕ ਦੀ ਭਲਾਈ ਲਈ ਇੰਡੀਆ ਗੱਠਜੋੜ ਨਾਲ ਖੜ੍ਹਨਾ ਲਾਜ਼ਮੀ ਹੈ। ਉਹ ਇਹ ਬਿਆਨ ਦੇ ਕੇ ਕਾਂਗਰਸ ਹਾਈ ਕਮਾਨ ਨੂੰ ਖੁਸ਼ ਕਰ ਗਏ, ਜਦਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸ਼ਰ੍ਹੇਆਮ ਵਿਰੋਧ ਕਰ ਰਹੇ ਹਨ।

ਸਿੱਧੂ ਆਪਣੀਆਂ ਰੈਲੀਆਂ ਦੌਰਾਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਚੋਰ ਦੱਸ ਰਹੇ ਹਨ, ਡਾਕੂ ਕਹਿ ਰਹੇ ਹਨ। ਭਗਵੰਤ ਮਾਨ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਪੰਜਾਬੀਆਂ ਤੋਂ ਸਹਿਯੋਗ ਮੰਗਣ ਲੱਗੇ ਹਨ। ਸਵਾਲ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਸਮਝੌਤਾ ਹੋਣ ਦੀ ਸੂਰਤ ਵਿੱਚ ਕੀ ਉਹ ਚੋਣ ਰੈਲੀਆਂ ਦੌਰਾਨ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਸੋਹਲੇ ਗਾਉਣੇ ਸ਼ੁਰੂ ਕਰ ਦੇਣਗੇ? ਕੀ ਇਹ ਨਵਜੋਤ ਸਿੰਘ ਸਿੱਧੂ ਦੇ ਸਿਆਸੀ ਕਿਰਦਾਰ ਦਾ ਦੋਗਲਾਪਨ ਹੈ?

ਇਸ ਤੋਂ ਪਹਿਲਾਂ ਉਹ ਭਾਰਤੀ ਜਨਤਾ ਪਾਰਟੀ ਵਿੱਚ ਹੁੰਦਿਆਂ ਕਾਂਗਰਸ ਦੇ ਕੌਮੀ ਨੇਤਾਵਾਂ ਦੀ ਲਾਹ-ਪਾਹ ਕਰਦੇ ਰਹੇ। ਰਾਹੁਲ ਗਾਂਧੀ ਨੂੰ ਪੱਪੂ ਨਾਂ ਉਨ੍ਹਾਂ ਨੇ ਹੀ ਦਿੱਤਾ ਸੀ। ਵਿਸ਼ਵ ਪੱਧਰ 'ਤੇ ਨਾਮਣਾ ਖੱਟਣ ਵਾਲੀ ਸਿੱਖ ਸ਼ਖਸੀਅਤ ਡਾ. ਮਨਮੋਹਨ ਸਿੰਘ ਨੂੰ ਵੀ ਉਹ ਗੂੰਗਾ ਕਹਿੰਦੇ ਰਹੇ ਹਨ। ਜਦੋਂ ਉਨ੍ਹਾਂ ਨੇ ਕਾਂਗਰਸ ਦਾ ਪੱਲਾ ਫੜਿਆ ਤਾਂ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੂਹਰਲੀ ਕਤਾਰ ਦੇ ਨੇਤਾਵਾਂ ਨੂੰ ਭੰਡਣ ਵਿੱਚ ਵੀ ਕੋਈ ਕਸਰ ਨਾ ਛੱਡੀ। ਨਿਰਸੰਦੇਹ ਉਨ੍ਹਾਂ ਦੀਆਂ ਰੈਲੀਆਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਲੋਕ ਪੰਜਾਬ ਦੀ ਵਾਗਡੋਰ ਉਨ੍ਹਾਂ ਦੇ ਹੱਥ ਫੜਾਉਣਾ ਚਾਹੁੰਦੇ ਹਨ। ਜੇ ਅਜਿਹਾ ਹੁੰਦਾ ਤਾਂ ਅੰਮ੍ਰਿਤਸਰ ਵਿਧਾਨ ਸਭਾ ਹਲਕੇ ਤੋਂ ਉਹ ਬੁਰੀ ਤਰ੍ਹਾਂ ਚੋਣ ਨਾ ਹਾਰਦੇ। ਬਿਕਰਮ ਸਿੰਘ ਮਜੀਠੀਆ ਉੱਤੇ ਇਲਜ਼ਾਮਬਾਜ਼ੀ ਕਰਨ ਵਿੱਚ ਉਨ੍ਹਾਂ ਨੇ ਕੋਈ ਮੌਕਾ ਹੱਥੋਂ ਨਾ ਜਾਣ ਦਿੱਤਾ, ਪਰ ਮਜੀਠੀਆ ਨੂੰ ਜੱਫੀ ਪਾਉਣ ਵੇਲੇ ਵੀ ਦੇਰ ਨਾ ਲਾਈ। ਕਾਂਗਰਸ ਹਾਈ ਕਮਾਂਡ ਨਵਜੋਤ ਸਿੰਘ ਸਿੱਧੂ ਵਿਰੁੱਧ ਕੋਈ ਐਕਸ਼ਨ ਲੈਣ ਤੋਂ ਕਤਰਾਂਦੀ ਲੱਗਦੀ ਹੈ। ਉਂਝ ਸਿੱਧੂ ਦੇ ਖੰਭ ਤਾਂ ਹਾਈ ਕਮਾਂਡ ਨੇ ਪਹਿਲਾਂ ਹੀ ਝਾੜ ਦਿੱਤੇ ਸਨ। ਉਨ੍ਹਾਂ ਕੋਲ ਨਾ ਕੋਈ ਕੌਮੀ ਅਤੇ ਨਾ ਹੀ ਕੋਈ ਸੂਬਾ ਪੱਧਰ 'ਤੇ ਅਹੁਦਾ ਰਿਹਾ ਹੈ।

ਪੰਜਾਬ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨਾਲ ਮੀਟਿੰਗ ਵੇਲੇ ਵੱਡੀ ਗਿਣਤੀ ਕਾਂਗਰਸੀਆਂ ਨੇ ਸਿੱਧੂ ਖਿਲਾਫ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ। ਕਈ ਨੇਤਾ ਤਾਂ ਇਸੇ ਕਰਕੇ ਮੀਟਿੰਗ ਤੋਂ ਦੂਰ ਵੀ ਰਹੇ। ਪੰਜਾਬ ਦੇ ਇੱਕ ਸਾਬਕਾ ਮੰਤਰੀ ਨੇ ਮੀਟਿੰਗ ਦਾ ਬਾਈਕਾਟ ਵੀ ਕਰ ਦਿੱਤਾ ਸੀ। ਇੱਥੋਂ ਤੱਕ ਕਿ ਉਹ ਮੀਟਿੰਗ ਵਿੱਚੋਂ ਉੱਠ ਕੇ ਚਲੇ ਗਏ। ਮੀਟਿੰਗ ਵਿੱਚ ਪੰਜਾਬ ਲੋਕ ਸਭਾ ਦੀਆਂ ਚੋਣਾਂ ਆਮ ਆਦਮੀ ਪਾਰਟੀ ਨਾਲ ਰਲ ਕੇ ਲੜਨ ਦੀ ਗੱਲ ਵੀ ਚੱਲੀ, ਪਰ ਵੱਡੀ ਗਿਣਤੀ ਲੀਡਰ ਇਸ ਦੇ ਵਿਰੋਧ ਵਿੱਚ ਭੁਗਤੇ।

ਖਬਰਾਂ ਹਨ ਕਿ ਜਦੋਂ ਪੰਜਾਬ ਦੇ ਕਾਂਗਰਸ ਲੀਡਰਾਂ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਨੇਤਾਵਾਂ ਨਾਲ ਮੀਟਿੰਗ ਕੀਤੀ ਸੀ, ਤਦ ਵੀ ਕੁਝ ਕੁ ਲੀਡਰਾਂ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਦਮ 'ਤੇ ਚੋਣ ਲੜਨ ਦੀ ਵਕਾਲਤ ਕੀਤੀ ਸੀ। ਕਾਂਗਰਸੀਆਂ ਦੀ ਇਸ ਦਲੀਲ ਵਿੱਚ ਵਜਨ ਵੀ ਹੈ ਕਿ 'ਆਪ' ਨਾਲ ਸਮਝੌਤਾ ਕਰਨ ਤੋਂ ਬਾਅਦ ਪਾਰਟੀ ਦੇ ਭਵਿੱਖ ਉੱਤੇ ਸਵਾਲੀਆ ਚਿੰਨ੍ਹ ਲੱਗ ਜਾਵੇਗਾ। ਇਹ ਮੰਨਣਾ ਪਵੇਗਾ ਕਿ ਕਿਸੇ ਵੀ ਪਰਿਵਾਰ, ਸਮਾਜ, ਪਾਰਟੀ ਜਾਂ ਮੁਲਕ ਨੂੰ ਸਹਿਜ ਨਾਲ ਚਲਾਉਣ ਲਈ ਅਨੁਸ਼ਾਸਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ।


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



## ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

ਅਹਿਮ ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



# ਕੀ ਰਾਜਸਥਾਨ ਨੂੰ ਵੀ ਪਾਣੀ ਮਿਲਣਾ ਹੈ ਐੱਸ.ਵਾਈ.ਐੱਲ. ਨਹਿਰ ਰਾਹੀਂ?

## *ਨਹਿਰ 'ਤੇ ਆਇਆ ਸਾਰਾ ਖ਼ਰਚਾ ਕੇਂਦਰ ਸਰਕਾਰ ਨੇ ਝੱਲਿਆ ਹੈ*

42 ਸਾਲ ਪਹਿਲਾਂ ਸਤਲੁਜ-ਯਮਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਦਾ ਟੱਕ ਲੱਗਣ ਤੋਂ ਲੈ ਕੇ ਅੱਜ ਤੱਕ ਕਦੇ ਇਹ ਗੱਲ ਸੁਣਨ ਵਿੱਚ ਨਹੀਂ ਸੀ ਆਈ ਕਿ ਇਸ ਨਹਿਰ ਨੇ ਰਾਜਸਥਾਨ ਨੂੰ ਦੇਣ ਖ਼ਾਤਰ ਪਾਣੀ ਵੀ ਖਿੱਚ ਕੇ ਲਿਜਾਣਾ ਹੈ। ਇਸ ਨਹਿਰ ਬਾਬਤ ਅਦਾਲਤੀ ਝਗੜੇ ਵੀ ਹਰਿਆਣੇ ਨਾਲ ਹੀ ਹੋਏ ਨੇ। ਐੱਸ.ਵਾਈ.ਐੱਲ. ਦਾ ਝਗੜਾ ਹੱਲ ਕਰਨ ਲਈ ਅਨੇਕਾਂ ਵਾਰ ਆਪਸੀ ਗੱਲਬਾਤ ਵੀ ਪੰਜਾਬ ਤੇ ਹਰਿਆਣੇ ਦੀ ਹੀ ਕਰਾਈ ਸੈਂਟਰ ਸਰਕਾਰ ਨੇ। ਫੇਰ ਐਸ.ਵਾਈ.ਐੱਲ. 'ਚ ਰਾਜਸਥਾਨ ਦਾ ਨਾਂ ਕਿਵੇਂ, ਉਹ ਵੀ ਬਤੌਰ ਹਿੱਸੇਦਾਰ? ਪੰਜਾਬ, ਹਰਿਆਣਾ ਅਤੇ ਰਾਜਸਥਾਨ ਸਰਕਾਰ ਦਾ ਇੱਕ ਸਾਂਝਾ ਦਸਤਾਵੇਜ਼ ਇੱਕ ਠੋਸ ਸ਼ੱਕ ਖੜ੍ਹੀ ਕਰਦਾ ਹੈ ਕਿ ਐੱਸ.ਵਾਈ.ਐੱਲ. ਦੇ ਪਾਣੀ 'ਚ ਰਾਜਸਥਾਨ ਦੀ ਵੀ ਹਿੱਸੇਦਾਰੀ ਹੈ। ਇਸ ਦਸਤਾਵੇਜ਼ 'ਚ ਰਾਜਸਥਾਨ ਦੀ ਹਿੱਸੇਦਾਰੀ ਬਾਕਾਇਦਾ ਤੈਅ ਹੋਈ ਹੈ ਤੇ ਪੰਜਾਬ ਨੇ ਇਹਨੂੰ ਤਸਲੀਮ ਵੀ ਕੀਤਾ ਹੈ। ਹਾਲਾਂਕਿ ਹਿੱਸੇਦਾਰੀ ਦੀ ਮਿਕਦਾਰ ਫ਼ੌਰੀ ਤੌਰ 'ਤੇ ਤੈਅ ਨਹੀਂ ਸੀ ਹੋਈ, ਪਰ ਇਸ ਨਹਿਰ ਰਾਹੀਂ ਕਿੰਨਾ ਪਾਣੀ ਲਿਜਾਏ ਜਾਣ ਦੀ ਰਾਜਸਥਾਨ ਮੰਗ ਕਰ ਰਿਹਾ ਹੈ, ਇਹ ਲਿਖਤੀ ਤੌਰ 'ਤੇ ਦੱਸਿਆ ਗਿਆ ਹੈ। ਦਸਤਾਵੇਜ਼ 'ਚ ਇਹ ਵੀ ਪੜ੍ਹਨ ਨੂੰ ਮਿਲਦਾ ਹੈ ਕਿ ਰਾਜਸਥਾਨ ਨੂੰ ਦਿੱਤੇ ਜਾਣ ਵਾਲੇ ਪਾਣੀ ਦੀ ਮਿਕਦਾਰ ਉੱਤੇ ਪੰਜਾਬ-ਹਰਿਆਣਾ ਤੇ ਰਾਜਸਥਾਨ ਦਰਮਿਆਨ ਜੇ ਕੋਈ ਆਪਸੀ ਸਹਿਮਤੀ ਬਣਦੀ ਹੈ ਤਾਂ ਖਰੀ ਵਾਹਵਾ, ਨਹੀਂ ਤਾਂ ਸੈਂਟਰ ਸਰਕਾਰ ਜੋ ਵੀ ਫੈਸਲਾ ਕਰੂ ਉਹ ਸਭ ਨੂੰ ਮੰਨਣਾ ਪਵੇਗਾ।

ਅੱਸੀਵਿਆਂ ਦੇ ਮੁੱਢ 'ਚ ਜਦੋਂ ਐੱਸ.ਵਾਈ.ਐੱਲ. ਨਹਿਰ ਬਣਾਉਣ ਵਾਸਤੇ ਸਾਰੀ ਤਕਨੀਕੀ ਤਜਵੀਜ ਸਿਰੇ ਚੜ੍ਹ ਗਈ ਤਾਂ ਇਸ 'ਤੇ ਸਹੀ ਪਾਉਣ ਲਈ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੇ ਪ੍ਰਧਾਨ ਮੰਤਰੀ ਦੀ ਹਾਜ਼ਰੀ 'ਚ ਇੱਕ ਸਮਝੌਤਾ ਕੀਤਾ। ਸਮਝੌਤੇ ਦੀਆਂ ਹੋਰ ਮੱਦਾਂ ਤੋਂ ਇਲਾਵਾ ਇੱਕ ਗੱਲ ਐੱਸ.ਵਾਈ.ਐੱਲ ਨਹਿਰ ਰਾਹੀਂ ਰਾਜਸਥਾਨ ਨੂੰ ਪਾਣੀ ਦੇਣ ਵਾਲੀ ਵੀ ਵਿਚਾਰੀ ਤੇ ਮੰਨੀ ਗਈ। ਨਵੀਂ ਦਿੱਲੀ 'ਚ 31 ਦਸੰਬਰ 1981 ਨੂੰ ਹੋਏ ਇਸ ਸਮਝੌਤੇ ਦੇ ਪੈਰਾ 4 'ਚ ਮੰਨਿਆ ਗਿਆ ਕਿ ਨਹਿਰ ਦੇ ਪਾਣੀ ਖਿੱਚਣ ਦੀ ਸਮਰੱਥਾ ਬਾਰੇ ਪੰਜਾਬ-ਹਰਿਆਣਾ ਅੱਜ ਤੋਂ 15 ਦਿਨਾਂ 'ਚ ਜੇਕਰ ਕਿਸੇ ਸਹਿਮਤੀ 'ਤੇ ਨਹੀਂ ਪੁੱਜਦੇ ਤਾਂ ਸੈਂਟਰਲ ਵਾਟਰ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਕ ਨਹਿਰ ਦੀ ਸਮਰੱਥਾ 6500 ਕਿਊਬਿਕਸ ਮੰਨੀ ਜਾਵੇਗੀ।

ਇਸੇ ਚੌਥੇ ਪੈਰੇ ਦੇ ਅਗਲੇ ਸਬ ਪੈਰੇ 'ਚ ਕਿਹਾ ਗਿਆ ਹੈ ਕਿ ਰਾਜਸਥਾਨ ਐੱਸ.ਵਾਈ.ਐੱਲ. ਨਹਿਰ ਰਾਹੀਂ .57 ਮਿਲੀਅਨ ਏਕੜ ਫੁੱਟ (ਐੱਮ.ਏ.ਐੱਫ.) ਪਾਣੀ ਦੀ ਮੰਗ ਕਰ ਰਿਹਾ ਹੈ। ਰਾਜਸਥਾਨ ਦੀ ਇਸ ਮੰਗ 'ਤੇ ਸਹਿਮਤੀ ਬਣਾਉਣ ਖ਼ਾਤਰ ਕੇਂਦਰੀ ਸਿੰਜਾਈ ਸੈਕਟਰੀ ਤਿੰਨਾਂ ਸੂਬਿਆਂ ਨਾਲ ਗੱਲ ਕਰਕੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨਗੇ। ਜੇਕਰ ਸਹਿਮਤੀ ਨਹੀਂ ਬਣਦੀ ਤਾਂ ਕੇਂਦਰੀ ਸਿੰਜਾਈ ਸੈਕਟਰੀ ਰਾਜਸਥਾਨ ਨੂੰ ਦਿੱਤੇ ਜਾਣ ਵਾਲੇ ਪਾਣੀ ਦੀ ਮਿਕਦਾਰ ਬਾਰੇ ਜੋ ਫੈਸਲਾ ਦੇਣਗੇ, ਉਹ ਤਿੰਨੇ ਸੂਬਿਆਂ ਨੂੰ ਮਨਜ਼ੂਰ ਹੋਵੇਗਾ। ਇਹ ਵੀ ਲਿਖਿਆ ਹੈ ਕਿ ਰਾਜਸਥਾਨ ਨੂੰ ਪਾਣੀ ਦੇਣ ਲਈ ਨਹਿਰ ਦੀ ਸਮਰੱਥਾ ਜੇ ਵਧਾਉਣੀ ਵੀ ਪਵੇ ਤਾਂ ਉਹ ਵੀ ਵਧਾਈ ਜਾਵੇਗੀ, ਰਾਜਸਥਾਨ ਦੇ ਖ਼ਰਚੇ 'ਤੇ।



ਐੱਸ.ਵਾਈ.ਐੱਲ. ਨਹਿਰ ਰਾਹੀਂ ਰਾਜਸਥਾਨ ਨੂੰ ਪਾਣੀ ਦੇਣ ਵਾਲੀ ਕਹਾਣੀ ਦੇ ਹੱਕ ਪੈ ਰਹੀ ਸ਼ੱਕ ਨੂੰ ਇੱਕ ਹੋਰ ਗੱਲ ਪੱਕੇ ਪੈਰੀਂ ਕਰਦੀ ਹੈ। ਰਾਜਸਥਾਨ ਨੂੰ 1955 'ਚ 8.00 ਐੱਮ.ਏ.ਐੱਫ. ਪਾਣੀ ਅਲਾਟ ਹੋਇਆ ਸੀ। ਰਾਜਸਥਾਨ ਵੱਲੋਂ ਇਹਦੀ ਵਰਤੋਂ ਲਈ ਹਰੀਕੇ ਹੈੱਡ-ਵਰਕਸ ਤੋਂ ਇੱਕ ਨਹਿਰ ਕੱਢ ਲਈ ਗਈ; ਤੇ ਉਸੇ ਸਮੇਂ ਤਿਆਰ ਹੋ ਰਹੀ ਨੰਗਲ ਡੈਮ ਤੋਂ ਨਿਕਲਦੀ ਪੱਕੀ ਨਹਿਰ ਭਾਖੜਾ ਮੇਨ ਲਾਈਨ ਵਿੱਚੋਂ ਵੀ 11.13 ਫੀਸਦ ਪਾਣੀ ਲੈ ਲਿਆ। 1981 ਦੇ ਸਮਝੌਤੇ ਤਹਿਤ ਰਾਜਸਥਾਨ ਨੂੰ 8.60 ਐੱਮ.ਏ.ਐੱਫ. ਪਾਣੀ ਅਲਾਟ ਹੋ ਗਿਆ ਯਾਨਿ ਪਹਿਲਾਂ ਮਿਲ ਰਹੇ ਪਾਣੀ ਤੋਂ .60 ਵਾਧੂ, ਜੀਹਨੂੰ ਲਿਜਾਣ ਵਾਸਤੇ ਰਾਜਸਥਾਨ ਨੂੰ ਚੱਲ ਰਹੀਆਂ ਨਹਿਰਾਂ ਕੋਲ ਸਮਰੱਥਾ ਨਹੀਂ ਸੀ। 1981 ਦੇ ਸਮਝੌਤੇ ਵਿੱਚ ਇਹ ਵੀ ਲਿਖਿਆ ਹੈ ਕਿ ਜਦੋਂ ਤੱਕ ਰਾਜਸਥਾਨ ਆਪਣਾ ਪੂਰਾ ਹਿੱਸਾ ਇਸਤੇਮਾਲ ਕਰਨ ਦੇ ਕਾਬਲ ਨਹੀਂ ਹੋ ਜਾਂਦਾ, ਉਦੋਂ ਤੱਕ ਰਾਜਸਥਾਨ ਦੇ ਹਿੱਸੇ ਦਾ ਪਾਣੀ ਵਰਤਣ ਦੀ ਪੰਜਾਬ ਨੂੰ ਆਜ਼ਾਦੀ ਹੋਵੇਗੀ। ਇਸ ਸਮਝੌਤੇ 'ਤੇ ਤਿੰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦਸਤਖ਼ਤ ਹਨ।

ਸਮਝੌਤੇ ਦੀ ਗੁੱਝੀ ਸਪਿਰਿਟ ਨੂੰ ਜੇ ਡੀ-ਕੋਡ ਕੀਤਾ ਜਾਵੇ ਕਿ ਰਾਜਸਥਾਨ ਵੱਲੋਂ ਐੱਸ.ਵਾਈ.ਐੱਲ. ਨਹਿਰ ਰਾਹੀਂ ਮੰਗਿਆ ਜਾਣ ਵਾਲਾ .57 ਐੱਮ.ਏ. ਐੱਫ. ਪਾਣੀ ਓਹੀ ਪਾਣੀ ਹੈ, ਜੋ ਕਿ .60 ਐੱਨ.ਏ.ਐੱਨ. ਰਾਜਸਥਾਨ ਨੂੰ ਵਾਧੂ ਅਲਾਟ ਕੀਤਾ ਗਿਆ ਹੈ। ਇਸੇ .60 ਪਾਣੀ ਬਾਰੇ ਕਿਹਾ ਗਿਆ ਸੀ ਕਿ ਇਸ ਪਾਣੀ ਨੂੰ ਵਰਤਣ ਵਾਸਤੇ ਰਾਜਸਥਾਨ ਕੋਲ ਜਿੰਨਾ ਚਿਰ ਕੋਈ ਬੰਦੋਬਸਤ ਨਹੀਂ ਹੋ ਜਾਂਦਾ, ਓਨਾ ਚਿਰ ਪੰਜਾਬ ਵਰਤ ਸਕਦਾ ਹੈ। ਸੋ ਹੁਣ ਇਹ ਬੰਦੋਬਸਤ ਕਰਨ ਲਈ ਹੀ ਐੱਸ.ਵਾਈ.ਐੱਲ. ਨੂੰ ਵਰਤਣ ਦੀ ਸੋਚੀ ਗਈ ਹੋਵੇਗੀ। ਜੇ ਇਹ ਗੱਲ ਠੀਕ ਹੋਵੇ ਤਾਂ ਇਹ ਪਾਣੀ ਪੰਜਾਬ ਵੱਲੋਂ ਹੁਣ ਵਰਤੇ ਜਾ ਰਹੇ ਪਾਣੀ ਵਿੱਚੋਂ ਹੀ ਘਟਣਾ ਹੈ, ਯਾਨਿ ਇਹ ਨਹਿਰ ਚਾਲੂ ਹੋਣ ਨਾਲ ਪੰਜਾਬ ਨੂੰ ਹੋਣ ਵਾਲਾ ਨੁਕਸਾਨ ਜਿੰਨਾ ਦਿਸ ਰਿਹਾ ਹੈ, ਅਸਲ ਨੁਕਸਾਨ ਉਹਦੇ ਨਾ਼ਲੋਂ ਵੀ ਵੱਡਾ ਹੋ ਸਕਦਾ ਹੈ, ਇਸ ਸ਼ੱਕ ਦੇ ਸਹੀ ਹੋਣ ਨਾਲ।

ਹੁਣ ਦੇਖਦੇ ਹਾਂ ਕਿ ਰਾਜਸਥਾਨ ਦੀ ਹਿੱਸੇਦਾਰੀ ਵਾਲੀ ਸ਼ੱਕ ਦੇ ਗਲਤ ਹੋਣ ਦੀ ਸੰਭਾਵਨਾ ਬਾਰੇ। ਜਿਵੇਂ ਕਿ ਸਮਝੌਤੇ 'ਚ ਲਿਖਿਆ ਹੈ, ਰਾਜਸਥਾਨ ਨੂੰ ਪਾਣੀ ਦੇਣ ਲਈ ਜੇ ਨਹਿਰ ਦੀ ਸਮਰੱਥਾ ਵਧਾਉਣ ਦੀ ਲੋੜ ਪਵੇ ਤਾਂ ਇਹਦਾ ਖ਼ਰਚਾ ਰਾਜਸਥਾਨ ਨੂੰ ਦੇਣਾ ਪਵੇਗਾ। ਇਸ ਗੱਲ ਦੀ ਤਸਦੀਕ ਰਾਜਸਥਾਨ ਵੱਲੋਂ ਪੰਜਾਬ ਨੂੰ ਦਿੱਤੇ ਗਏ ਖ਼ਰਚੇ ਤੋਂ ਹੋ ਸਕਦੀ ਸੀ, ਕਿਉਂਕਿ ਪੰਜਾਬ 'ਚ ਨਹਿਰ ਦੀ ਉਸਾਰੀ ਪੰਜਾਬ ਸਰਕਾਰ ਦੀ ਮਾਰਫਤ ਹੋਈ ਹੈ; ਪਰ ਇਹਦਾ ਖ਼ਰਚਾ ਕੇਂਦਰ ਸਰਕਾਰ ਵੱਲੋਂ ਕੀਤਾ ਹੋਣ ਕਰਕੇ ਇਹ ਪੈਮਾਨਾ ਵੀ ਨਹੀਂ ਚੱਲ ਸਕਦਾ। ਕੇਂਦਰ ਵੱਲੋਂ ਖ਼ਰਚਾ ਕੀਤੇ ਜਾਣ ਦੀ ਤਸਦੀਕ ਸੁਪਰੀਮ ਕੋਰਟ 'ਚ ਚੱਲ ਰਹੀ ਮੁਕੱਦਮੇਬਾਜ਼ੀ ਦੌਰਾਨ ਹੋਈ ਹੈ। ਹਰਿਆਣੇ ਵੱਲੋਂ 1996 'ਚ ਸੁਪਰੀਮ ਕੋਰਟ 'ਚ ਇੱਕ ਦਾਅਵਾ ਪਾ ਕੇ ਪੰਜਾਬ ਨੂੰ ਨਹਿਰ ਪੁੱਟਣ ਦਾ ਹੁਕਮ ਸੁਣਾਉਣ ਦੀ ਮੰਗ ਕੀਤੀ ਸੀ। 1996 ਦੇ ਉਰਿਜਨਲ ਸੂਟ ਨੰਬਰ 6 ਵਾਲੇ ਇਸ ਦਾਅਵੇ ਦਾ ਫੈਸਲਾ ਸੁਪਰੀਮ ਕੋਰਟ ਨੇ 4 ਜੂਨ 2004 ਨੂੰ ਸੁਣਾਇਆ। ਇਸ ਕੇਸ ਨਾਲ ਲੱਗੇ ਇੱਕ ਪੇਪਰ ਐਗਜ਼ੀਬਿਟ ਪੀ-13 'ਚ ਇਹ ਗੱਲ ਬਾਕਾਇਦਾ ਮੰਨੀ ਗਈ ਕਿ ਨਹਿਰ ਦੇ ਖਰਚ ਆਏ ਸਾਰੇ 560 ਕਰੋੜ ਰੁਪਈਏ ਕੇਂਦਰ ਨੇ ਭਰੇ ਹਨ।

ਹੁਣ ਲਾ-ਪਾ ਕੇ ਦੋ ਸੂਰਤਾਂ 'ਚ ਹੀ ਇਸ ਸ਼ੱਕ ਦੇ ਗਲਤ ਹੋਣ ਦੀ ਗੁੰਜਾਇਸ਼ ਹੋ ਸਕਦੀ ਹੈ। ਪਹਿਲੀ ਇਹ ਕਿ ਰਾਜਸਥਾਨ ਖ਼ੁਦ ਹੀ ਆਖ ਦਿੱਤਾ ਹੋਵੇ ਕਿ ਸਾਨੂੰ ਪਾਣੀ ਨਹੀਂ ਚਾਹੀਦਾ; ਦੂਜੀ ਇਹ ਕਿ ਕੇਂਦਰੀ ਸਿੰਜਾਈ ਸੈਕਟਰੀ ਨੇ ਆਪਣੇ ਹੁਕਮ 'ਚ ਰਾਜਸਥਾਨ ਨੂੰ ਉੱਕਾ ਹੀ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੋਵੇ। ਵੈਸੇ ਤਾਂ ਇਨ੍ਹਾਂ ਦੋਵੇਂ ਗੱਲਾਂ ਦੀ ਕੋਈ ਸੰਭਾਵਨਾ ਨਹੀਂ ਹੈ, ਪਰ ਫਿਰ ਵੀ ਇਹਨੂੰ ਇੱਕ ਹੋਰ ਨਜ਼ਰੀਏ ਤੋਂ ਪੜਚੋਲਦੇ ਹਾਂ। 31 ਦਸੰਬਰ 1981 ਨੂੰ ਹੋਏ ਦਸਤਖਤਾਂ ਵਾਲੇ ਸਮਝੌਤੇ 'ਚ ਇਹ ਲਿਖਿਆ ਗਿਆ ਸੀ ਕਿ ਰਾਜਸਥਾਨ ਨੂੰ ਦਿੱਤੇ ਜਾਣ ਵਾਲੇ ਪਾਣੀ ਦੀ ਮਿਕਦਾਰ ਬਾਰੇ ਜੇ ਅੱਜ ਤੋਂ 15 ਦਿਨਾਂ 'ਚ ਯਾਨਿ 15 ਜਨਵਰੀ 1982 ਤੱਕ ਤਿੰਨੇ ਸੂਬਿਆਂ 'ਚ ਕੋਈ ਸਹਿਮਤੀ ਨਾ ਬਣੀ ਤਾਂ ਕੇਂਦਰੀ ਸਿੰਜਾਈ ਸੈਕਟਰੀ 15 ਜਨਵਰੀ ਜਾਂ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਰਾਜਸਥਾਨ ਨੂੰ ਇਸ ਨਹਿਰ ਰਾਹੀਂ ਆਪਣਾ ਫੈਸਲਾ ਸੁਣਾ ਦੇਣਗੇ। 8 ਅਪ੍ਰੈਲ 1982 ਨੂੰ ਪ੍ਰਧਾਨ ਮੰਤਰੀ ਨੇ ਘਨੌਰ ਨੇੜੇ ਟੱਕ ਲਾ ਕੇ ਕੰਮ ਸ਼ੁਰੂ ਕਰ ਦਿੱਤਾ ਸੀ। ਸੋ ਕੇਂਦਰੀ ਸੈਕਟਰੀ ਦਾ ਫੈਸਲਾ 15 ਜਨਵਰੀ ਤੱਕ ਜਾਂ ਗਈ ਹੱਦ 8 ਅਪ੍ਰੈਲ ਤੋਂ ਪਹਿਲਾਂ ਆ ਜਾਣਾ ਚਾਹੀਦਾ ਸੀ।

ਸੋ ਉੱਪਰ ਦੱਸੀਆਂ ਦੋਵੇਂ ਸੂਰਤਾਂ 'ਚ ਰਾਜਸਥਾਨ ਨੂੰ ਉੱਕਾ ਹੀ ਪਾਣੀ ਨਾ ਮਿਲਣ ਦਾ ਫੈਸਲਾ ਹੋਇਆ ਹੁੰਦਾ ਤਾਂ ਪੰਜਾਬ ਸਰਕਾਰ ਨੇ ਆਪਣੇ ਵੱਲੋਂ ਪਾਣੀਆਂ ਉੱਪਰ ਜਾਰੀ ਕੀਤੇ ਗਏ ਵਾਈਟ ਪੇਪਰ 'ਚ ਇਸ ਗੱਲ ਨੂੰ ਆਪਣੀ ਇੱਕ ਅਹਿਮ ਪ੍ਰਾਪਤੀ ਵਜੋਂ ਪ੍ਰਚਾਰਨਾ ਸੀ। ਇਸ ਵਾਈਟ ਪੇਪਰ 'ਚ ਵੀ ਉਹ ਗੱਲ ਮੁੜ ਦੁਹਰਾਈ ਗਈ ਕਿ ਜਿੰਨਾ ਚਿਰ ਰਾਜਸਥਾਨ ਹੋਰ ਪਾਣੀ ਵਰਤਣ ਦੇ ਕਾਬਲ ਨਹੀਂ ਬਣ ਜਾਂਦਾ, ਓਨਾ ਚਿਰ ਪੰਜਾਬ ਕੋਲ ਇਹ ਪਾਣੀ ਵਰਤਣ ਦਾ ਅਖਤਿਆਰ ਹੈ। ਇਹ ਵਾਈਟ ਪੇਪਰ ਪਿੱਛੇ ਦੱਸੀ 15 ਜਨਵਰੀ ਵਾਲੀ ਮਿਥੀ ਤਰੀਕ ਤੋਂ 3 ਮਹੀਨੇ ਮਗਰੋਂ 23 ਅਪ੍ਰੈਲ 1982 ਨੂੰ ਜਾਰੀ ਹੋਇਆ ਸੀ, ਯਾਨਿ ਇਸ ਤਰੀਕ ਤੱਕ ਨਾ ਤਾਂ ਰਾਜਸਥਾਨ ਨੇ ਪਾਣੀ ਲੈਣ ਤੋਂ ਇਨਕਾਰ ਕੀਤਾ ਸੀ ਅਤੇ ਨਾ ਹੀ ਕੇਂਦਰੀ ਸਿੰਜਾਈ ਸੈਕਟਰੀ ਨੇ ਰਾਜਸਥਾਨ ਨੂੰ ਪਾਣੀ ਦੇਣੋਂ ਨਾਂਹ ਕੀਤੀ ਸੀ। ਇਨ੍ਹਾਂ ਗੱਲਾਂ ਤੋਂ ਇਹ ਗੱਲ ਪੱਕੀ ਹੁੰਦੀ ਹੈ ਕਿ ਨਹਿਰ 'ਚ ਪਾਣੀ ਵਗਿਆ ਤਾਂ ਉਸ ਵਿੱਚ ਹਰਿਆਣੇ ਤੋਂ ਇਲਾਵਾ ਰਾਜਸਥਾਨ ਵਾਸਤੇ ਹੋਰ ਪਾਣੀ ਜਾਊਗਾ।

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ




ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਭਾਰਤ ਦੇ ਸਿਰਜਣਾਤਮਕ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਦਾ ਮਸਲਾ

ਵਪਾਰ ਤੇ ਵਿਕਾਸ

ਕਰਮ ਬਰਸਟ
ਫੋਨ: +91-9417073831






ਅਮਰੀਕਾ ਅੰਦਰ ਫ਼ਿਲਮੀ ਲੇਖਕਾਂ ਅਤੇ ਕਲਾਕਾਰਾਂ ਦੀ ਹੜਤਾਲ ਨੇ ਭਾਰਤ ਦੀ ਸਿਰਜਣਾਤਮਕ ਸਨਅਤ ਵਿੱਚ ਰੁਚੀ ਰੱਖਣ ਵਾਲੇ ਲੋਕਾਂ ਦਾ ਵੀ ਧਿਆਨ ਖਿੱਚਿਆ ਹੈ। ਭਾਰਤ ਦੇ ਫਿਲਮ, ਟੀ.ਵੀ., ਸਟੇਜ ਗਾਇਕੀ ਅਤੇ ਨਾਟਕ ਵਾਲੇ ਸਿਰਜਣਾਤਮਕ ਖੇਤਰ ਨੂੰ ਮਹਾਂਮਾਰੀ ਦੌਰਾਨ ਗੰਭੀਰ ਹਰਜ਼ਾ ਝੱਲਣਾ ਪਿਆ ਸੀ। ਇਹ ਸੈਕਟਰ ਰੁਜ਼ਗਾਰ ਪੈਦਾ ਕਰਨ ਅਤੇ ਇੱਕ ਸਿਹਤਮੰਦ ਤੇ ਖੁਸ਼ਹਾਲ ਆਬਾਦੀ ਲਈ ਅਥਾਹ ਸੰਭਾਵਨਾਵਾਂ ਰੱਖਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਰਚਨਾਤਮਕ ਸਨਅਤ ਮਨੋਰੰਜਨ ਦੀਆਂ ਗਤੀਵਿਧੀਆਂ ਦੇ ਨਾਲ ਨਾਲ ਭਵਿੱਖ ਦੇ ਸਭ ਤੋਂ ਮਹੱਤਵਪੂਰਨ ਆਰਥਿਕ ਖੇਤਰਾਂ ਦੇ ਰੂਪ ਵਿੱਚ ਉਭਰਨ ਜਾ ਰਹੀ ਹੈ। ਮੋਟੇ ਤੌਰ 'ਤੇ ਰਚਨਾਤਮਕ ਉਦਯੋਗਾਂ ਵਿੱਚ ਇਸ਼ਤਿਹਾਰਬਾਜ਼ੀ, ਆਰਕੀਟੈਕਚਰ, ਕਲਾ, ਸ਼ਿਲਪਕਾਰੀ, ਡਿਜ਼ਾਈਨ, ਫੈਸ਼ਨ, ਫਿਲਮ, ਵੀਡੀਓ, ਫੋਟੋਗ੍ਰਾਫੀ, ਸੰਗੀਤ, ਪ੍ਰਦਰਸ਼ਨ ਕਲਾ, ਪ੍ਰਕਾਸ਼ਨ, ਖੋਜ ਤੇ ਵਿਕਾਸ, ਸਾਫਟਵੇਅਰ, ਕੰਪਿਊਟਰ ਗੇਮਾਂ, ਇਲੈਕਟ੍ਰਾਨਿਕ ਪ੍ਰਕਾਸ਼ਨ ਅਤੇ ਟੈਲੀਵਿਜ਼ਨ/ਰੇਡੀਓ ਸ਼ਾਮਲ ਹਨ।

ਸੰਯੁਕਤ ਰਾਸ਼ਟਰ ਦੀ ਵਪਾਰ ਅਤੇ ਵਿਕਾਸ ਬਾਰੇ ਕਾਨਫਰੰਸ (UNCTAD) ਦੁਆਰਾ ਪ੍ਰਕਾਸ਼ਿਤ 2019 ਦੀ ਰਿਪੋਰਟ ਵਿੱਚ ਨੋਟ ਕੀਤਾ ਗਿਆ ਸੀ ਕਿ ਇਹ ਗਤੀਵਿਧੀਆਂ ਸੱਭਿਆਚਾਰਕ ਅਤੇ ਵਪਾਰਕ- ਦੋਵਾਂ ਰੂਪਾਂ ਵਿੱਚ ਹੀ ਕੀਮਤੀ ਹਨ। ਸਪੱਸ਼ਟ ਤੌਰ 'ਤੇ ਇਹ ਮਨੁੱਖੀ ਜੀਵਨ ਅਤੇ ਸਮਾਜਿਕ ਤਾਣੇ-ਬਾਣੇ ਨੂੰ ਸੁਧਾਰਦੀਆਂ ਹਨ ਅਤੇ ਪ੍ਰਗਟਾਵੇ ਦੇ ਰੂਪ ਵਿੱਚ ਉਹ ਮਨੁੱਖੀ ਜੀਵਨ ਵਿੱਚ ਕਲਪਨਾ ਦੇ ਰੰਗ ਭਰਦੀਆਂ ਹੋਈਆਂ ਅਨੰਦ ਦੀ ਪੂਰਤੀ ਕਰਦੀਆਂ ਹਨ। ਇਹ ਸਰਗਰਮੀਆਂ ਆਪਣੇ ਉੱਤਮ ਰੂਪਾਂ ਵਿੱਚ ਅਹਿਮ ਸਮਾਜਿਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਫੈਲਾ ਕੇ ਸਮਾਜਿਕ ਏਕਤਾ ਨੂੰ ਵੀ ਉਤਸ਼ਾਹਿਤ ਕਰ ਸਕਦੀਆਂ ਹਨ ਅਤੇ ਮਨੁੱਖੀ ਸਰੋਕਾਰਾਂ ਨੂੰ ਆਵਾਜ਼ ਦਿੰਦੀਆਂ ਹਨ।

ਪਰ ਇਸ ਤੋਂ ਇਲਾਵਾ ਉਹ ਆਪਣੀ ਬਹੁਤ ਵੱਡੀ ਰੁਜ਼ਗਾਰ ਸੰਭਾਵਨਾ ਦੇ ਕਾਰਨ ਸਮੁੱਚੇ ਦੇਸ਼ ਦੇ ਆਰਥਿਕ ਵਿਕਾਸ ਲਈ ਵੀ ਅਹਿਮ ਹਨ। ਹੋਰ ਖੇਤਰਾਂ ਦੇ ਉਲਟ ਇਹ ਤਕਨੀਕੀ ਤਬਦੀਲੀਆਂ ਰਚਨਾਤਮਕ ਉਦਯੋਗਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ, ਨਵੀਆਂ ਨੌਕਰੀਆਂ ਪੈਦਾ ਕਰਦੀਆਂ ਹਨ ਅਤੇ ਆਮ ਰੂਪ ਵਿੱਚ ਹੋਰਨਾਂ ਸਨਅਤਾਂ ਵਾਂਗ ਬੇਕਾਰੀ ਪੈਦਾ ਨਹੀਂ ਕਰਦੀਆਂ; ਕਿਉਂਕਿ ਸਮਕਾਲੀ ਸਿਰਜਣਾਤਮਕ ਆਰਥਿਕਤਾ ਸੱਭਿਆਚਾਰ, ਤਕਨਾਲੋਜੀ, ਕਾਰੋਬਾਰ ਅਤੇ ਨਵੀਨਤਾ ਦੇ ਜੁੜਵੇਂ ਸੁਮੇਲ ਨਾਲ ਪ੍ਰਫੁਲਤ ਹੁੰਦੀ ਹੈ। ਜੇ ਤਿੰਨ-ਦਿਸ਼ਾਵੀ (3ਡੀ) ਐਨੀਮੇਸ਼ਨ ਬਾਰੇ ਸੋਚਿਆ ਜਾਵੇ ਜੋ ਕਿ ਹੁਣ ਹੰਗਰੀ ਅਤੇ ਇੰਡੋਨੇਸ਼ੀਆ ਦੇ ਨਾਲ-ਨਾਲ ਭਾਰਤ ਵਿੱਚ ਵੀ ਵਧ ਰਹੀ ਹੈ, ਜਾਂ ਬ੍ਰਾਜ਼ੀਲ ਵਿੱਚ ਇਮੋਟੀਮ ਵਰਗੇ ਬਾਹਰੀ ਕਲਾ ਪਾਰਕ ਦੇ ਰੂਪ ਵਿੱਚ ਉੱਭਰ ਰਹੀ ਹੈ, ਤਾਂ ਇਹ ਇੱਕ ਵਪਾਰ ਤੇ ਮਨੋਰੰਜਨ ਦਾ ਸ਼ਕਤੀਸ਼ਾਲੀ ਸਰੋਤ ਹੋ ਸਕਦੀ ਹੈ। ਭਵਿੱਖ ਦੇ ਨਵੀਨੀਕਰਨ ਦੇ ਨਾਲ ਨਾਲ। ਇਹ ਗਤੀਵਿਧੀਆਂ ਛੋਟੇ ਅਤੇ ਦਰਮਿਆਨੇ ਆਕਾਰ ਦੇ ਉੱਦਮਾਂ ਲਈ ਤੇਜ਼ੀ ਨਾਲ ਅਨੁਕੂਲ ਸਾਬਤ ਹੁੰਦੀਆਂ ਹਨ, ਖਾਸ ਕਰਕੇ ਜਦੋਂ ਇਨ੍ਹਾਂ ਵਿੱਚ ਉੱਦਮੀਆਂ ਦੇ ਦਾਖਲੇ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾਂਦਾ ਹੈ। ਸਿਰਜਣਾਤਮਕ ਵਸਤੂਆਂ ਅਤੇ ਸੇਵਾਵਾਂ ਵਿੱਚ ਕੌਮਾਂਤਰੀ ਵਪਾਰ ਦੀਆਂ ਵੀ ਅਥਾਹ ਸੰਭਾਵਨਾਵਾਂ ਹਨ।

ਦਿਲਚਸਪ ਗੱਲ ਇਹ ਹੈ ਕਿ ਭਾਰਤ ਨੂੰ ਇਨ੍ਹਾਂ ਉਦਯੋਗਾਂ ਦੇ ਵਿਸਤਾਰ ਲਈ ਸਭ ਤੋਂ ਵੱਧ ਸੰਭਾਵਨਾਵਾਂ ਵਾਲੇ ਦੇਸ਼ਾਂ ਵਜੋਂ ਦੇਖਿਆ ਜਾਂਦਾ ਹੈ। 2015 ਵਿੱਚ UNCTAD ਨੇ ਇਸ ਨੂੰ ਦੁਨੀਆ ਵਿੱਚ ਰਚਨਾਤਮਕ ਵਸਤੂਆਂ ਦਾ ਅੱਠਵਾਂ ਸਭ ਤੋਂ ਵੱਡਾ ਨਿਰਯਾਤਕ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ (ਚੀਨ ਅਤੇ ਹਾਂਗਕਾਂਗ ਤੋਂ ਬਾਅਦ) ਤੀਸਰਾ ਸਭ ਤੋਂ ਵੱਡਾ ਨਿਰਯਾਤ ਕਰਨ ਵਾਲਾ ਦੇਸ਼ ਮੰਨਿਆ ਹੈ। ਭਾਰਤ ਨੇ ਉਸ ਸਮੇਂ ਬਰਾਮਦ ਦੇ ਰੂਪ ਵਿੱਚ ਲਗਭਗ 13,6000 ਕਰੋੜ ਰੁਪਏ (17 ਬਿਲੀਅਨ ਡਾਲਰ) ਦਾ ਵਪਾਰ ਕੀਤਾ ਸੀ, ਜਿਸ ਵਿੱਚੋਂ 96,000 ਕਰੋੜ ਰੁਪਏ (12 ਬਿਲੀਅਨ ਡਾਲਰ) ਦਾ ਵਾਧੂ ਵਪਾਰ ਸੀ। ਬਾਲੀਵੁੱਡ ਦੀ ਇਸ ਕੰਮ ਵਿੱਚ ਕਾਫ਼ੀ ਘੱਟ ਭੂਮਿਕਾ ਸੀ। ਮਿਸਾਲ ਵਜੋਂ, ਹਾਲ ਹੀ ਦੇ ਸਾਲਾਂ ਵਿੱਚ ਭਾਰਤ ਗੇਮ ਡਿਵੈਲਪਮੈਂਟ ਅਤੇ ਗੇਮ ਸਪੋਰਟ ਸੇਵਾਵਾਂ ਦੀ ਆਊਟਸੋਰਸਿੰਗ ਲਈ ਇੱਕ ਵੱਡਾ ਕੇਂਦਰ ਬਣ ਗਿਆ ਹੈ।

ਬੇਸ਼ੱਕ ਭਾਰਤ ਵਿੱਚ ਇਹ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਕਿੰਨੇ ਕੁ ਲੋਕ ਰਚਨਾਤਮਕ ਉਦਯੋਗਾਂ ਵਿੱਚ ਲੱਗੇ ਹੋਏ ਹਨ, ਕਿਉਂਕਿ ਉਨ੍ਹਾਂ ਦਾ ਪ੍ਰਮੁੱਖ ਹਿੱਸਾ, ਗੈਰ-ਰਸਮੀ ਕੰਮ ਵਿੱਚ ਰੁੱਝਿਆ ਹੋਇਆ ਹੈ ਅਤੇ ਸਿਰਫ ਇੱਕ ਛੋਟਾ ਜਿਹਾ ਹਿੱਸਾ ਹੀ ਪੱਕਾ ਕੰਮ ਕਰਦਾ ਹੈ, ਜਿਸ ਨੂੰ 'ਰਜਿਸਟਰਡ' ਕਿਹਾ ਜਾਂਦਾ ਹੈ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਨਅਤ ਵਿੱਚ ਲੱਗੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ। ਪਰਫਾਰਮਿੰਗ ਆਰਟਸ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ, ਡਿਜ਼ਾਈਨ ਅਤੇ ਫੈਸ਼ਨ, ਫਿਲਮ ਤੇ ਫੋਟੋਗ੍ਰਾਫੀ ਉਦਯੋਗਾਂ ਨੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਔਨਲਾਈਨ ਪ੍ਰਸਾਰਣ ਤੋਂ ਲਾਭ ਪ੍ਰਾਪਤ ਕਰਨ ਵਾਲੇ ਨਵੇਂ ਖੇਤਰਾਂ ਵਿੱਚ ਨੌਕਰੀਆਂ ਦੀ ਸਿਰਜਣਾ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਭਾਰਤ ਵਰਗੀ ਅਰਥਵਿਵਸਥਾ ਵਿੱਚ, ਜਿੱਥੇ ਉਤਪਾਦਕ ਰੁਜ਼ਗਾਰ ਦੇ ਮੌਕਿਆਂ ਦੀ ਅਤੇ ਢੁਕਵੀਂ ਰੋਜ਼ੀ-ਰੋਟੀ ਦੀ ਘਾਟ ਪਿਛਲੇ ਸਮੇਂ ਦੀ ਮੁੱਖ ਚੁਣੌਤੀ ਰਹੀ ਹੈ, ਤਦ ਇਨ੍ਹਾਂ ਗਤੀਵਿਧੀਆਂ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

ਫਿਰ ਵੀ ਇਨ੍ਹਾਂ ਉਦਯੋਗਾਂ ਦੀ ਰੁਜ਼ਗਾਰ ਪੈਦਾ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਹੈ, ਪਰ ਇਸਨੂੰ ਉਸ ਹੱਦ ਤੱਕ ਜਨਤਕ ਸਮਰਥਨ ਦਾ ਲਾਭ ਨਹੀਂ ਮਿਲ ਸਕਿਆ, ਜਿਸ ਦੇ ਇਹ ਹੱਕਦਾਰ ਸਨ। ਸੰਯੁਕਤ ਰਾਸ਼ਟਰ ਦੇ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਰਾਹੀਂ ਪੁਸ਼ਟੀ ਕੀਤੀ ਗਈ ਹੈ ਕਿ ਬਹੁਤ ਸਾਰੇ ਦੇਸ਼ਾਂ, ਖਾਸ ਤੌਰ 'ਤੇ ਭਾਰਤ ਵਿੱਚ ਪਿਛਲੇ ਦਹਾਕੇ ਤੋਂ ਸੱਭਿਆਚਾਰ ਵਿੱਚ ਜਨਤਕ ਨਿਵੇਸ਼ ਲਗਾਤਾਰ ਘਟ ਰਿਹਾ ਹੈ। ਇਸ ਲਈ ਇਹ ਪੁੱਛਣਾ ਕਿ ਇਹ ਰਚਨਾਤਮਕ ਉਦਯੋਗ ਕੋਵਿਡ-19 ਮਹਾਂਮਾਰੀ ਦੁਆਰਾ ਕਿਵੇਂ ਪ੍ਰਭਾਵਿਤ ਹੋਏ ਹਨ, ਇੱਕ ਅਕਾਦਮਿਕ ਸਵਾਲ ਹੈ ਜਾਂ ਵੱਧ ਤੋਂ ਵੱਧ ਇਸ ਸਵਾਲ ਵਿੱਚ ਇਨ੍ਹਾਂ ਗਤੀਵਿਧੀਆਂ ਵਿੱਚ ਲੱਗੇ ਲੋਕਾਂ ਦੀ ਦਿਲਚਸਪੀ ਹੀ ਹੋ ਸਕਦੀ ਹੈ; ਪਰ ਇਸ ਦੇ ਸਮੁੱਚੇ ਅਰਥਚਾਰੇ ਉੱਪਰ ਪੈਣ ਵਾਲੇ ਪ੍ਰਭਾਵ ਅਤੇ ਭਵਿੱਖ ਦੇ ਸੰਭਾਵੀ ਵਿਕਾਸ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਸ ਬਾਰੇ ਵਧੇਰੇ ਵਿਆਪਕ ਅਧਿਕਾਰਤ ਅੰਕੜਿਆਂ ਦੀ ਅਣਹੋਂਦ ਵਿੱਚ ਬ੍ਰਿਟਿਸ਼ ਕੌਂਸਲ ਅਤੇ ਆਰਟ ਐਕਸ ਕੰਪਨੀ, 2022 ਦੀ ਇੱਕ ਰਿਪੋਰਟ ਇਸ ਬਾਰੇ ਸਰਵੇਖਣ-ਆਧਾਰਤ ਕੀਮਤੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਦੇਖਣਾ ਬਣਦਾ ਹੈ ਕਿ ਇਸ ਸਮੇਂ ਦੌਰਾਨ ਭਾਰਤ ਦੇ ਕਈ ਰਚਨਾਤਮਕ ਉਦਯੋਗਾਂ ਨੂੰ ਕੀ ਹੋਇਆ ਹੈ? ਅਚਾਨਕ ਅਤੇ ਲਗਾਤਾਰ ਵੱਜ ਰਹੇ ਝਟਕਿਆਂ ਨਾਲ ਸਿੱਝਣ ਲਈ ਉਨ੍ਹਾਂ ਨੇ ਕਿਹੜੀਆਂ ਰਣਨੀਤੀਆਂ ਅਪਨਾਈਆਂ ਹਨ?




ਹਾਸਲ ਸਬੂਤ ਵਾਕਈ ਖ਼ਤਰਨਾਕ ਤਸਵੀਰ ਪੇਸ਼ ਕਰਦੇ ਹਨ। ਇਹ ਉਦਯੋਗ ਆਮਦਨ ਅਤੇ ਰੁਜ਼ਗਾਰ- ਦੋਵਾਂ ਪੱਖਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਰਿਹਾ ਹੈ, ਬੇਸ਼ੱਕ ਵੱਖ-ਵੱਖ ਗਤੀਵਿਧੀਆਂ ਵਿੱਚ ਵਾਪਰੇ ਨਤੀਜੇ ਇਕਸਾਰ ਨਹੀਂ ਸਨ। ਸਭ ਤੋਂ ਮਾੜਾ ਅਸਰ ਜੀਵੰਤ (ਲਾਈਵ) ਪ੍ਰਦਰਸ਼ਨ, ਜਿਵੇਂ ਕਿ ਥੀਏਟਰ, ਸੰਗੀਤ ਅਤੇ ਡਾਂਸ ਦੇ ਨਾਲ-ਨਾਲ ਤਿਉਹਾਰਾਂ, ਸਿਨੇਮਾਘਰਾਂ, ਗੈਲਰੀਆਂ ਅਤੇ ਅਜਾਇਬ ਘਰਾਂ ਉਪਰ ਪਿਆ ਹੈ। ਹਾਲਾਂਕਿ ਪ੍ਰਾਈਵੇਟ ਗੈਲਰੀਆਂ ਅਤੇ ਕਲਾ ਦੀ ਵਿਕਰੀ ਦੇ ਨਾਲ-ਨਾਲ ਔਨਲਾਈਨ ਗਤੀਵਿਧੀਆਂ ਜਿਵੇਂ ਕਿ ਵਰਚੁਅਲ ਰਿਐਲਿਟੀ, ਮਸਨੂਈ ਸੂਝ ਅਤੇ ਗੇਮਿੰਗ ਵਿੱਚ ਮਹਾਂਮਾਰੀ ਦੌਰਾਨ ਵੀ ਵਪਾਰ ਤੇਜ਼ ਦਰ ਨਾਲ ਫੈਲਣਾ ਜਾਰੀ ਰਿਹਾ ਸੀ। ਮਨੋਰੰਜਨ ਸਨਅਤ ਹੀ ਇੱਕੋ ਇੱਕ ਖੇਤਰ ਸੀ, ਜੋ ਮਾੜੀਆਂ ਹਾਲਤਾਂ ਵਿੱਚ ਵੀ ਕੰਮ ਕਰਕੇ ਲੋਕਾਂ ਦੀ ਮਾਨਸਿਕ ਤ੍ਰਿਪਤੀ ਕਰਦਾ ਆ ਰਿਹਾ ਹੈ। ਫੇਰ ਵੀ ਲੌਕਡਾਊਨ ਅਤੇ ਸਮਾਜਿਕ ਦੂਰੀ (ਵਧੇਰੇ ਸਹੀ ਕਹਿਣਾ ਹੋਵੇ ਤਾਂ ਸਰੀਰਕ ਦੂਰੀ) ਦੀਆਂ ਲੋੜਾਂ ਨੇ ਜ਼ਿਆਦਾਤਰ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਬੁਰੇ ਰੁਖ ਪ੍ਰਭਾਵਿਤ ਕੀਤਾ ਸੀ, ਕਿਉਂਕਿ ਇਨ੍ਹਾਂ ਇਕਾਈਆਂ ਵਿੱਚ ਲਗਭਗ 88 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਮਿਲਣ ਦਾ ਅਨੁਮਾਨ ਹੈ। ਇਨ੍ਹਾਂ ਤੋ ਇਲਾਵਾ ਸਥਾਪਿਤ ਤੇ ਹੁਨਰਮੰਦ ਫ੍ਰੀਲਾਂਸ ਕਲਾਕਾਰਾਂ ਨੂੰ ਵੀ ਨੁਕਸਾਨ ਝੱਲਣਾ ਪਿਆ ਸੀ। ਸਰਵੇਖਣਾਂ ਵਿੱਚ ਪਾਇਆ ਗਿਆ ਕਿ ਅਜਿਹੇ ਕਾਮਿਆਂ ਨੂੰ 51 ਪ੍ਰਤੀਸ਼ਤ ਦੀ ਆਮਦਨੀ ਦਾ ਨੁਕਸਾਨ ਹੋਇਆ ਅਤੇ ਬਹੁਤ ਸਾਰੇ ਸਾਬਕਾ ਮਾਲਕ, ਜਿਨ੍ਹਾਂ ਦੀ ਫੀਸਦੀ 44 ਦੇ ਕਰੀਬ ਹੈ, ਨੂੰ ਵਧੇਰੇ ਅਸੁਰੱਖਿਅਤ ਅਤੇ ਅਸਥਾਈ ਫ੍ਰੀਲਾਂਸ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਖਾਸ ਤੌਰ 'ਤੇ ਸ਼ਿਲਪਕਾਰੀ ਕਾਰੀਗਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਉਹ ਥੋੜ੍ਹੇ ਜਿਹੇ ਸਮੇਂ ਦੇ ਨੋਟਿਸ 'ਤੇ ਹੀ ਆਪਣੀ ਰੋਜ਼ੀ-ਰੋਟੀ ਤੋਂ ਪੂਰੀ ਤਰ੍ਹਾਂ ਵਾਂਝੇ ਹੋ ਗਏ ਸਨ। ਇਨ੍ਹਾਂ ਵਿੱਚ ਆਪਣੇ ਜੱਦੀ ਪਿੰਡਾਂ ਨੂੰ ਵਾਪਸ ਜਾਣ ਵਾਲੇ ਲੱਖਾਂ ਹੀ ਪਰਵਾਸੀ ਮਜ਼ਦੂਰ ਸ਼ਾਮਲ ਸਨ।

ਧਾਰਮਿਕ ਅਤੇ ਸੱਭਿਆਚਾਰਕ ਤਿਉਹਾਰ- ਦੋਵੇਂ ਹੀ ਭਾਰਤ ਵਿੱਚ ਲੰਬੇ ਸਮੇਂ ਤੋਂ ਪ੍ਰਮੁੱਖ ਰਹੇ ਹਨ, ਜੋਕਿ ਮੌਸਮੀ ਨੌਕਰੀਆਂ ਪੈਦਾ ਕਰਨ ਵਾਲੇ ਹਨ। ਮਿਸਾਲ ਵਜੋਂ ਇਕੱਲੇ ਕੋਲਕਾਤਾ ਵਿੱਚ ਦੁਰਗਾ ਪੂਜਾ ਲਈ ਰੋਜ਼ਾਨਾ 2 ਤੋਂ 3 ਲੱਖ ਲੋਕਾਂ ਦੇ ਆਉਣ ਦਾ ਅੰਦਾਜ਼ਾ ਹੁੰਦਾ ਹੈ। ਇਹ ਤਿਉਹਾਰ ਇਨ੍ਹਾਂ ਥਾਂਵਾਂ ਉਤੇ ਸਮਾਨ ਅਤੇ ਭੋਜਨ ਵੇਚਣ ਵਾਲਿਆਂ ਅਤੇ ਹੋਰ ਸੇਵਾ ਪ੍ਰਦਾਨ ਕਰਨ, ਛੋਟੇ-ਮੋਟੇ ਮਨੋਰੰਜਨੀ ਪ੍ਰਦਰਸ਼ਨ ਕਰਨ ਵਿੱਚ ਸ਼ਾਮਲ ਲੋਕਾਂ ਲਈ ਅਸਥਾਈ ਰੁਜ਼ਗਾਰ ਤੇ ਆਮਦਨ ਦੇ ਵਸੀਲੇ ਪ੍ਰਦਾਨ ਕਰਦੇ ਹਨ। ਤਿਉਹਾਰਾਂ ਦਾ ਸੀਜ਼ਨ ਆਮ ਤੌਰ 'ਤੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਅਕਤੂਬਰ ਤੋਂ ਮਾਰਚ ਤੱਕ ਚੱਲਦਾ ਹੈ, ਪਰ 2020 ਅਤੇ 2021 ਵਿੱਚ ਸਰੀਰਕ ਦੂਰੀਆਂ ਦੀਆਂ ਪਾਬੰਦੀਆਂ ਕਾਰਨ ਜ਼ਿਆਦਾਤਰ ਤਿਉਹਾਰਾਂ ਨੂੰ ਰੱਦ, ਮੁਲਤਵੀ ਜਾਂ ਬਹੁਤ ਘੱਟ ਕਰ ਦਿੱਤਾ ਗਿਆ ਸੀ। ਇਸ ਨੇ ਨਾ ਸਿਰਫ਼ ਸਿੱਧੇ ਰੁਜ਼ਗਾਰ ਨੂੰ ਪ੍ਰਭਾਵਿਤ ਕੀਤਾ, ਸਗੋਂ ਇਨ੍ਹਾਂ ਤਿਉਹਾਰਾਂ 'ਤੇ ਵੇਚੀਆਂ ਜਾਣ ਵਾਲੀਆਂ ਵਸਤੂਆਂ ਦੀ ਮੰਗ ਅਤੇ ਅਜਿਹੇ ਪੈਦਾਵਾਰ ਲਈ ਵਰਤੇ ਜਾਣ ਵਾਲੇ ਸਮਾਨ ਨੂੰ ਵੀ ਪ੍ਰਭਾਵਿਤ ਕੀਤਾ। ਵਧੇਰੇ ਕੁਲੀਨ ਸਮੂਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਤਿਉਹਾਰ ਡਿਜੀਟਲ ਪਲੇਟਫਾਰਮਾਂ ਅਤੇ ਔਨਲਾਈਨ ਕ੍ਰਿਆਵਾਂ ਦੀ ਵਰਤੋਂ ਕਰਦੇ ਹੋਏ ਮੁੜ ਸੁਰਜੀਤੀ ਦਾ ਮਾਰਗ ਤਿਆਰ ਕਰਨ ਦੇ ਯੋਗ ਸਨ, ਪਰ ਇਨ੍ਹਾਂ ਵਿੱਚ ਸਪਸ਼ਟ ਤੌਰ 'ਤੇ ਘੱਟ ਆਮਦਨੀ ਅਤੇ ਘੱਟ ਰੁਜ਼ਗਾਰ ਮਿਲਣ ਦੀਆਂ ਸਥਿਤੀਆਂ ਦਰਪੇਸ਼ ਸਨ।

ਸਿਰਜਣਾਤਮਕ ਸਰਗਰਮੀਆਂ ਦੇ ਮਾਮਲੇ ਵਿੱਚ ਭਾਰਤ ਦਾ ਫਿਲਮ ਉਦਯੋਗ ਦੁਨੀਆ ਭਰ ਵਿੱਚ ਸਭ ਤੋਂ ਵੱਡਾ ਗਿਣਿਆ ਜਾਂਦਾ ਹੈ। ਨਵੇਂ ਉੱਭਰ ਰਹੇ ਰੁਝਾਨਾਂ ਮੁਤਾਬਕ ਬਾਲੀਵੁੱਡ ਨੂੰ ਖੇਤਰੀ ਭਾਸ਼ਾਵਾਂ ਦੇ ਨਿਰਮਾਤਾਵਾਂ ਵੱਲੋਂ ਮਿਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਧਾਰਾ ਦੇ ਸਿਨੇਮਾ ਨੂੰ ਖੇਤਰੀ ਗੀਤ-ਸੰਗੀਤ ਅਤੇ ਵਿਸ਼ਿਆਂ ਨੂੰ ਥਾਂ ਦੇਣੀ ਪੈ ਰਹੀ ਹੈ। ਸਿਨੇਮਾ ਥੀਏਟਰਾਂ ਨੂੰ ਲਾਈਵ ਪ੍ਰਦਰਸ਼ਨ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਦੇਸ਼ ਭਰ ਵਿੱਚ ਮਹਾਂਮਾਰੀ ਵਿੱਚ ਅੰਦਾਜ਼ਨ 9,527 ਵਿੱਚੋਂ ਲਗਭਗ 1,000 ਸਕ੍ਰੀਨਾਂ ਪੱਕੇ ਤੌਰ 'ਤੇ ਬੰਦ ਹੋ ਗਈਆਂ ਸਨ; ਹਾਲਾਂਕਿ ਕੁਝ ਥੀਏਟਰ ਹੁਣ ਖੁੱਲ੍ਹ ਰਹੇ ਹਨ। ਫਿਲਮ ਅਤੇ ਸੰਗੀਤਕ ਐਲਬਮਾਂ ਦਾ ਹਰ ਪਾਸੇ ਇੱਕੋਦਮ ਪ੍ਰਚਲਨ/ਸਟ੍ਰੀਮਿੰਗ ਸੇਵਾਵਾਂ ਦੀ ਗਿਣਤੀ ਅਤੇ ਤਾਕਤ ਵਿੱਚ ਵਾਧਾ ਹੋਇਆ ਹੈ, ਪਰ ਇਸ ਦਾ ਰੁਜ਼ਗਾਰ ਅਤੇ ਲੇਖਕਾਂ-ਕਲਾਕਾਰਾਂ ਦੀ ਆਮਦਨ 'ਤੇ ਮਾੜਾ ਪ੍ਰਭਾਵ ਦਿਸਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਅੰਦਰ ਲੇਖਕਾਂ ਅਤੇ ਕਲਾਕਾਰਾਂ ਦੀ ਚੱਲ ਰਹੀ ਹੜਤਾਲ ਘੱਟ ਰਹੀ ਆਮਦਨ ਦੇ ਵਿਰੋਧ ਦਾ ਹੀ ਨਤੀਜਾ ਹੈ।

ਭਾਰਤ ਅੰਦਰ 2020 ਵਿੱਚ ਅਜਾਇਬ ਘਰ ਅਤੇ ਗੈਲਰੀਆਂ ਔਸਤਨ 155 ਦਿਨਾਂ ਲਈ ਬੰਦ ਰਹੀਆਂ ਅਤੇ ਕੁਝ ਨੂੰ 2021 ਵਿੱਚ ਦੁਬਾਰਾ ਬੰਦ ਕਰਨਾ ਪਿਆ ਸੀ। ਸਪੱਸ਼ਟ ਤੌਰ 'ਤੇ ਦੇਖਣ ਵਾਲਿਆਂ ਦੀ ਗਿਣਤੀ ਵਿੱਚ 70 ਪ੍ਰਤੀਸ਼ਤ ਤੱਕ ਵੱਡੀ ਗਿਰਾਵਟ ਆਈ ਸੀ ਅਤੇ 2019 ਦੇ ਮੁਕਾਬਲੇ ਮਾਲੀਆ 40 ਤੋਂ 60 ਪ੍ਰਤੀਸ਼ਤ ਤੱਕ ਘੱਟ ਗਿਆ ਸੀ। ਬਾਕੀ ਦੁਨੀਆ ਵਾਂਗ ਹੀ ਉਨ੍ਹਾਂ ਵਿੱਚੋਂ ਵਧੇਰੇ ਨਿਰਮਾਤਾ ਆਨਲਾਈਨ ਪੇਸ਼ਕਾਰੀਆਂ ਵੱਲ ਮੁੜ ਗਏ ਸਨ। ਉਦੋਂ ਦਾ ਸ਼ੁਰੂ ਹੋਇਆ ਇਹ ਸਿਲਸਲਾ ਹੁਣ ਇੱਕ ਪੱਕਾ ਪੈਟਰਨ ਬਣਨ ਵੱਲ ਵੱਧ ਰਿਹਾ ਹੈ ਕਿ 70 ਫੀਸਦੀ ਲੋਕ ਸਿਨੇਮਾ ਘਰਾਂ ਵਿੱਚ ਜਾਣ ਦੀ ਥਾਂ ਘਰ ਬੈਠ ਕੇ ਆਨਲਾਈਨ ਫਿਲਮਾਂ ਅਤੇ ਵੈਬ ਸੀਰੀਜ਼ ਵੱਧ ਦੇਖਣਾ ਪਸੰਦ ਕਰਨ ਲੱਗੇ ਹਨ। ਇਸ ਨਾਲ ਥਿਏਟਰ ਵਿੱਚ ਕੰਮ ਕਰਨ ਵਾਲੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਵੇਚਣ ਵਾਲੇ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ ਹੈ।

ਫੇਰ ਵੀ ਕੁੱਝ ਲੋਕਾਂ ਦੇ ਰੁਜ਼ਗਾਰ ਵਿੱਚ ਗਿਰਾਵਟ ਆਉਣ ਦੇ ਬਾਵਜੂਦ ਔਨਲਾਈਨ ਗੇਮਿੰਗ ਉਦਯੋਗ ਨੇ ਲੌਕਡਾਊਨ ਦੌਰਾਨ ਅਤੇ ਬਾਅਦ ਵਿੱਚ ਕਾਫ਼ੀ ਪਾਸਾਰ-ਵਿਸਥਾਰ ਕੀਤਾ ਹੈ। ਖਾਸ ਤੌਰ 'ਤੇ ਜਿਵੇਂ ਕਿ ਗੇਮਾਂ ਵਧੇਰੇ ਖਿੱਚਪਾਊ ਅਤੇ ਵਧੇਰੇ ਕਫਾਇਤੀ ਬਣ ਗਈਆਂ ਹਨ। ਭਾਰਤ ਵਿੱਚ ਖੇਤਰੀ ਭਾਸ਼ਾਵਾਂ ਅਤੇ ਖੇਤਰ-ਵਿਸ਼ੇਸ਼ ਸੱਭਿਆਚਾਰਕ ਸਮੱਗਰੀ 'ਤੇ ਵਧੇਰੇ ਜ਼ੋਰ ਦੇਣ ਦੇ ਨਾਲ ਸਮੱਗਰੀ ਵਧੇਰੇ ਸਥਾਨਕ ਬਣ ਰਹੀ ਹੈ। ਇਸ ਸਭ ਕਾਸੇ ਨੇ ਦੇਸ਼ ਵਿੱਚ ਮੁੱਖ ਤੌਰ 'ਤੇ ਨੌਜਵਾਨ ਆਬਾਦੀ ਦੇ ਨਾਲ ਨਾਲ ਇਸ ਦੀ ਪ੍ਰਸਿੱਧੀ ਵਿੱਚ ਵੀ ਵਾਧਾ ਕੀਤਾ ਹੈ ਅਤੇ ਹੁਨਰਮੰਦਾਂ ਦੀ ਇੱਕ ਛੋਟੀ ਪਰ ਵਧ ਰਹੀ ਗਿਣਤੀ ਲਈ ਨਵਾਂ ਰੁਜ਼ਗਾਰ ਪ੍ਰਦਾਨ ਕੀਤਾ ਹੈ। ਗੇਮਿੰਗ ਪਲੇਟਫਾਰਮਾਂ ਵਿੱਚ ਨਵੇਂ ਦਰਸ਼ਕਾਂ ਦੀ ਗਿਣਤੀ ਵਿੱਚ ਲਗਭਗ 50 ਪ੍ਰਤੀਸ਼ਤ ਅਤੇ ਰੋਜ਼ਾਨਾ ਸਰਗਰਮ ਦਰਸ਼ਕਾਂ ਦੀ ਗਿਣਤੀ ਵਿੱਚ 20 ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ ਹੈ, ਜਿਸ ਨਾਲ ਇਸ ਖੇਤਰ ਵਿੱਚ ਨਿਵੇਸ਼ ਵਧ ਰਿਹਾ ਹੈ।

ਇਸ ਖਾਸ ਸਫਲਤਾ ਦੇ ਬਾਵਜੂਦ ਸਿਰਜਣਾਤਮਕ ਉਦਯੋਗਾਂ ਨੂੰ ਮਹਾਂਮਾਰੀ ਦੇ ਦੌਰਾਨ ਦੇਹ-ਝੰਜੋੜੂ ਝਟਕਾ ਲੱਗਾ ਸੀ ਅਤੇ ਬਹੁਤ ਸਾਰੀਆਂ ਗਤੀਵਿਧੀਆਂ ਅਤੇ ਖਾਸ ਤੌਰ 'ਤੇ ਕੀਮਤੀ ਚੀਜ਼ਾਂ ਤੇ ਸੇਵਾਵਾਂ ਜਿਵੇਂ ਕਿ ਕੁਝ ਦਸਤਕਾਰੀ ਅਤੇ ਕੁਝ ਕਿਸਮਾਂ ਦੀ ਕਾਰਗੁਜ਼ਾਰੀ ਸ਼ਾਇਦ ਬਚ ਨਾ ਸਕੀਆਂ। ਇਹ ਰੁਝਾਨ ਨਾ ਸਿਰਫ਼ ਰੁਜ਼ਗਾਰ ਲਈ ਮਾੜਾ ਹੈ, ਸਗੋਂ ਇਹ ਸਮਾਜ ਵਿੱਚ ਹਰ ਕਿਸੇ ਦੇ ਜੀਵਨ ਦੀ ਗੁਣਵੱਤਾ ਅਤੇ ਤੰਦਰੁਸਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਹ ਜਾਣਿਆ ਜਾਂਦਾ ਤੱਥ ਹੈ ਕਿ ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ ਸੱਭਿਆਚਾਰਕ ਅਤੇ ਰਚਨਾਤਮਕ ਖੇਤਰਾਂ ਨਾਲ ਗੂੜ੍ਹੇ ਸਬੰਧਾਂ ਤੋਂ ਲਾਭ ਉਠਾਉਂਦੀਆਂ ਹਨ, ਕਿਉਂਕਿ ਇਹ ਵਧੇਰੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਵੱਲ ਲੈ ਕੇ ਜਾਂਦੀਆਂ ਹਨ। ਇਹ ਸੇਵਾਵਾਂ ਸਮਾਜਿਕ ਤੇ ਆਰਥਿਕ ਕਦਰਾਂ-ਕੀਮਤਾਂ ਦੀ ਸਿਰਜਣਾ ਅਤੇ ਸਮਾਜਿਕ ਏਕਤਾ ਦੇ ਉਤਪ੍ਰੇਰਕ ਵੀ ਹੋ ਸਕਦੀਆਂ ਹਨ, ਖਾਸ ਤੌਰ 'ਤੇ ਅਜਿਹੇ ਸਮੇਂ ਵਿੱਚ ਜਦੋਂ ਵੰਡਣ ਵਾਲੀਆਂ ਪ੍ਰਵਿਰਤੀਆਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੋਵੇ। ਇਹ ਨਹੀਂ ਕਿ ਵੰਡਪਾਊ ਸ਼ਕਤੀਆਂ ਸਿਰਜਣਾਤਮਕ ਖੇਤਰ ਵਿੱਚ ਸਰਗਰਮ ਨਹੀਂ ਹਨ, ਪਰ ਅਜੇ ਉਨ੍ਹਾਂ ਦੀ ਪੁੱਗਤ ਉਨੀ ਨਹੀਂ ਕਿ ਸਮਾਜ ਨੂੰ ਖੇਰੂੰ ਖੇਰੂੰ ਕਰ ਸਕਣ।

ਇਸ ਲਈ ਇਨ੍ਹਾਂ ਗਤੀਵਿਧੀਆਂ ਨੂੰ ਜਿਉਂਦਾ ਰੱਖਣ ਅਤੇ ਉਨ੍ਹਾਂ ਨੂੰ ਗੰਭੀਰ ਤੇ ਅਣਗਿਣਤ ਚੁਣੌਤੀਆਂ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਸਹੀ ਕਿਸਮ ਦੀ ਜਨਤਕ ਦਖਲਅੰਦਾਜ਼ੀ ਬਹੁਤ ਮਹੱਤਵਪੂਰਨ ਹੈ। ਇਹ ਉਨ੍ਹਾਂ ਲੱਖਾਂ ਰਚਨਾਤਮਕ ਲੋਕਾਂ ਲਈ ਖਾਸ ਤੌਰ 'ਤੇ ਅਹਿਮ ਹੈ, ਜਿਨ੍ਹਾਂ ਕੋਲ ਵਧ ਰਹੇ ਨਾਜ਼ੁਕ ਅਤੇ ਜੋਖਮ ਭਰੇ ਮਾਹੌਲ ਵਿੱਚ ਛੋਟੇ ਤੇ ਸੂਖਮ ਉੱਦਮੀ ਬਣਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਸੀ ਜਾਂ ਹੈ। ਰਚਨਾਤਮਕ ਖੇਤਰ ਵਿੱਚ ਰੁਜ਼ਗਾਰ ਪੈਦਾ ਕਰਨ ਅਤੇ ਭਵਿੱਖ ਵਿੱਚ ਇੱਕ ਸਿਹਤਮੰਦ ਅਤੇ ਖੁਸ਼ਹਾਲ ਆਬਾਦੀ ਨੂੰ ਸੰਬੋਧਿਤ ਹੋਣ ਲਈ ਅਥਾਹ ਸੰਭਾਵਨਾਵਾਂ ਹਨ, ਪਰ ਸਾਨੂੰ ਸਰਕਾਰਾਂ ਨੂੰ ਇਸ ਦੀ ਪਛਾਣ ਕਰਵਾਉਣੀ ਪਵੇਗੀ ਅਤੇ ਇਸ ਦੀ ਪੂਰੀ ਸਮਰੱਥਾ ਨੂੰ ਸਾਰੇ ਸਮਾਜ ਅਤੇ ਕੁਦਰਤ ਨਾਲ ਇਕਸੁਰਤਾ ਵਿੱਚ ਖੋਲ੍ਹਣਾ ਪਵੇਗਾ।

# 2024 ਚੋਣਾਂ: ਸਿਆਸੀ ਸਮੀਕਰਨ ਬਨਾਮ 'ਇੰਡੀਆ' ਗੱਠਜੋੜ

**ਚੋਣ ਚਰਚਾ**

**ਵਿਸ਼ਾਲ**
ਫੋਨ: +91-9988423237

ਹੁਣ ਜਦੋਂ 2024 ਨੇ ਸਾਡੇ ਬੂਹਿਆਂ 'ਤੇ ਦਸਤਕ ਦੇ ਦਿੱਤੀ ਹੈ; ਸੁਭਾਵਿਕ ਹੈ ਕਿ ਭਾਰਤ ਵਾਸੀ ਇਹ ਚਾਹ ਰਹੇ ਹੋਣਗੇ ਕਿ ਇਹ ਵਰ੍ਹਾ ਸੁੱਖ ਸੁਨੇਹੇ ਲੈ ਕੇ ਆਵੇ, ਕਿਉਂਕਿ 2023 ਦਾ ਸਾਲ ਬੜਾ ਕਸੂਤਾ ਜਿਹਾ (ਅਬਨਾਰਮਲ) ਸੀ, ਜਿਸ ਵਿੱਚ ਹਰ ਸੂਬੇ ਦੇ ਲੋਕ ਅਸੁਰੱਖਿਅਤ ਮਹਿਸੂਸ ਕਰਦੇ ਰਹੇ, ਭਾਵੇਂ ਉਹ 'ਵਾਰਿਸ ਪੰਜਾਬ ਦੇ' ਦੇ ਆਪੇ ਮੁਖੀ ਬਣੇ ਸ਼ਖ਼ਸ ਦੀਆਂ ਆਪਹੁਦਰੀਆਂ ਸੀ, ਭਾਵੇਂ ਉਸ ਨੇ ਸਿੱਖ ਸੰਗਤ ਨੂੰ ਧਾਰਮਿਕ ਭਾਵਨਾਵਾਂ ਰਾਹੀਂ ਆਪਣੇ ਨਾਲ ਜੋੜਿਆ ਸੀ, ਪਰ ਜਦੋਂ ਕੋਈ ਵੀ ਹਾਲਤ ਵਿਸਫੋਟਕ ਹੁੰਦੀ ਹੈ ਤਾਂ ਆਮ ਲੋਕਾਂ ਦਾ ਦਮ ਘੁਟਣ ਲੱਗਦਾ ਹੈ ਤੇ ਇਹੀ ਹੋਇਆ। ਬੀਤਿਆ ਵਰ੍ਹਾ ਸਿਆਸੀ ਪਾਰਟੀਆਂ ਦੀਆਂ ਨਿੱਜੀ ਰੰਜਿਸ਼ਾਂ ਹੇਠ ਲਤਾੜਿਆ ਜਾਂਦਾ ਰਿਹਾ ਤੇ ਆਮ ਸ਼ਹਿਰੀ ਹਾਸ਼ੀਏ 'ਤੇ ਚਲਾ ਗਿਆ। ਨਸ਼ਿਆਂ ਦਾ ਬੋਲਬਾਲਾ, ਬੇਰੁਜ਼ਗਾਰੀ, ਗੈਂਗਸਟਰਾਂ ਦੀਆਂ ਲੁੱਟਾਂ-ਖੋਹਾਂ ਨੇ ਪੰਜਾਬ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਸੱਤਾਧਾਰੀ ਪਾਰਟੀ ਨੇ ਆਪਣੇ ਵਿਰੋਧੀਆਂ ਨੂੰ ਜੇਲ੍ਹਾਂ 'ਚ ਡੱਕਣ ਲਈ ਹਰ ਹੀਲਾ ਵਰਤਿਆ, ਜਿਸ ਨਾਲ ਆਮ ਲੋਕਾਂ ਦਾ ਵਿਸ਼ਵਾਸ ਟੁੱਟਿਆ।

ਮਈ 2024 ਵਿੱਚ ਲੋਕਾਂ ਨੇ ਅਗਲੇ ਪੰਜਾਂ ਸਾਲਾਂ ਲਈ ਆਪਣੇ ਦੇਸ਼ ਦਾ ਨੁਮਾਇੰਦਾ ਚੁਣਨਾ ਹੈ, ਜਿਸ ਲਈ ਹੁਣ ਤੋਂ ਹੀ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਦੋ ਵੱਡੀਆਂ ਮੁੱਖ ਪਾਰਟੀਆਂ- ਭਾਜਪਾ ਅਤੇ ਕਾਂਗਰਸ ਉੱਭਰ ਕੇ ਸਾਹਮਣੇ ਆਈਆਂ ਹਨ। 'ਇੰਡੀਆ' ਗੱਠਜੋੜ ਭਾਜਪਾ ਨੂੰ ਕੁਰਸੀ ਤੋਂ ਹਟਾਉਣ ਲਈ ਇੱਕ ਮੰਚ 'ਤੇ ਇਕੱਠਾ ਹੋ ਰਿਹਾ ਹੈ, ਪਰ ਜੇ ਸੀਟਾਂ ਨੂੰ ਲੈ ਕੇ ਖਿੱਚੋਤਾਣ ਹੁੰਦੀ ਰਹੀ ਤਾਂ ਪਾਸਾ ਪਲਟਣਾ ਅਸੰਭਵ ਹੋ ਜਾਣਾ ਹੈ।

ਪਿਛਲੀਆਂ ਚੋਣਾਂ 'ਚ ਭਾਜਪਾ ਨੇ 543 'ਚੋਂ 303 ਸੀਟਾਂ 'ਤੇ ਹੱਕ ਜਤਾਇਆ ਸੀ ਤੇ ਇਸ ਵਾਰ ਉਨ੍ਹਾਂ ਦਾ ਟੀਚਾ 400 ਸੀਟਾਂ 'ਤੇ ਜਿੱਤ ਹਾਸਿਲ ਕਰਨ ਦਾ ਹੈ। ਲੱਗਦਾ ਹੈ ਕਿ ਇਹ ਲੋਕਤੰਤਰ ਲਈ ਬਿਲਕੁੱਲ ਸਹੀ ਨਹੀਂ ਹੈ, ਕਿਉਂਕਿ ਇਹ ਟੀਚਾ ਪੂਰਾ ਕਰਨ ਲਈ ਇਹ ਪਾਰਟੀ ਕੋਈ ਵੀ ਹੀਲਾ ਵਰਤ ਸਕਦੀ ਹੈ, ਜੋ ਆਮ ਲੋਕਾਂ ਦੇ ਹੱਕਾਂ 'ਤੇ ਡਾਕਾ ਹੋ ਸਕਦਾ ਹੈ। ਇਸ ਨਾਲ ਸਮਾਜਿਕ ਸਮੀਕਰਨ ਹੋਰ ਵੀ ਵਿਗੜ ਜਾਣਗੇ। ਅਯੁੱਧਿਆ ਵਿੱਚ ਰਾਮ ਮੰਦਰ ਦੇ ਉਦਘਾਟਨ ਮੌਕੇ ਵੱਡੇ ਵੋਟ ਬੈਂਕ ਨੂੰ ਆਪਣੇ ਹੱਕ 'ਚ ਭੁਗਤਾਉਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੱਤਾਧਾਰੀ ਪਾਰਟੀ ਨੇ ਟਿਕੇ ਰਹਿਣ ਲਈ ਰਾਜਨੀਤੀ 'ਚ ਹਰ ਗੀਟੀ ਸੁੱਟਣੀ ਹੁੰਦੀ ਹੈ। ਮੀਡੀਆ ਨੂੰ ਖਰੀਦਣਾ ਅਤੇ ਮੀਡੀਆ ਦਾ ਵਿਕ ਜਾਣਾ ਲੋਕਤੰਤਰ ਲਈ ਵੱਡਾ ਖ਼ਤਰਾ ਹੈ। ਸਮੇਂ ਦੀਆਂ ਸਰਕਾਰਾਂ ਆਪਣੇ ਵਿਰੁੱਧ ਉੱਠੀਆਂ ਆਵਾਜ਼ਾਂ ਨੂੰ ਸ਼ੁਰੂ ਤੋਂ ਹੀ ਦਬਾਉਂਦੀਆਂ ਆਈਆਂ ਹਨ। ਸੋ, ਲੋਕਤੰਤਰੀ ਰਾਜ ਦੀ ਨੀਂਹ ਕਦੇ ਵੀ ਨਹੀਂ ਰੱਖੀ ਜਾ ਸਕੀ।


ਦੂਜੇ ਪਾਸੇ, 'ਇੰਡੀਆ' ਗੱਠਜੋੜ ਸਰਗਰਮੀ ਫੜ ਰਿਹਾ ਹੈ ਅਤੇ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਾਰੇ ਸੂਬਿਆਂ 'ਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੀ ਲੀਡਰਸ਼ਿਪ ਨਾਲ ਵੀ ਮੀਟਿੰਗਾਂ ਹੋ ਰਹੀਆਂ ਹਨ। ਜੇ ਖੜਗੇ ਦੂਰ-ਦ੍ਰਿਸ਼ਟੀ ਨਾਲ ਆਪਣੇ ਜ਼ਿਆਦਾ ਉਮੀਦਵਾਰ ਉਤਾਰਨ ਨਾਲ ਗੱਠਜੋੜ ਨੂੰ ਬਣਦੀਆਂ ਸੀਟਾਂ ਦੇਣ ਤਾਂ ਗੱਠਜੋੜ ਦੀ ਇਕਜੁੱਟਤਾ ਬਣੀ ਰਹਿ ਸਕਦੀ ਹੈ। ਭਾਜਪਾ ਦੀਆਂ ਕਈ ਮਾਰੂ ਨੀਤੀਆਂ ਤੋਂ ਲੋਕ ਅੰਦਰੋਂ ਦੁਖੀ ਹਨ, ਕਿਸਾਨ ਮੋਰਚੇ ਦਾ ਦਰਦ ਅਤੇ ਹੋਈਆਂ ਮੌਤਾਂ ਅਜੇ ਲੋਕ ਭੁੱਲੇ ਨਹੀਂ ਹਨ, ਪਰ ਚੋਣਾਂ ਨੇੜੇ ਆ ਕੇ ਭਾਜਪਾ ਲੀਡਰਸ਼ਿਪ ਲੋਕ ਹਿੱਤਾਂ ਲਈ ਕਿਹੜੇ ਫ਼ੈਸਲੇ ਕਰਦੀ ਹੈ, ਇਸ ਬਾਰੇ ਅਜੇ ਕੁਝ ਵੀ ਕਿਹਾ ਨਹੀਂ ਜਾ ਸਕਦਾ।

ਜੇ ਕਾਂਗਰਸ 'ਇੰਡੀਆ' ਗੱਠਜੋੜ ਅੱਗੇ ਸੀਟਾਂ ਨੂੰ ਲੈ ਕੇ ਕੁਝ ਸ਼ਰਤਾਂ ਰੱਖਦੀ ਹੈ ਤਾਂ ਮੋਦੀ ਦੀ ਹੈਟ੍ਰਿਕ ਨੂੰ ਕੋਈ ਨਹੀਂ ਰੋਕ ਸਕਦਾ। ਇੱਥੇ 'ਇੰਡੀਆ' ਗੱਠਜੋੜ ਨੂੰ ਇੱਕ ਹੋਰ ਕਦਮ ਚੁੱਕਣਾ ਪਵੇਗਾ। 'ਇੰਡੀਆ' ਤਾਂ ਹੀ ਜਿੱਤੇਗਾ, ਜੇ ਸਾਰਾ ਗੱਠਜੋੜ ਆਪੋ-ਆਪਣੀ ਪੀਪਣੀ ਵਜਾਉਣ ਨਾਲੋਂ 'ਇੰਡੀਆ' ਦੇ ਉਮੀਦਵਾਰ ਮੈਦਾਨ ਵਿੱਚ ਉਤਾਰੇ। ਇਸ ਫ਼ੈਸਲੇ ਨੂੰ ਅਮਲੀ ਰੂਪ ਦੇਣ ਵਿੱਚ ਬਹੁਤ ਸਾਰੇ ਨਹੀਂ, ਪੋਟਿਆਂ 'ਤੇ ਗਿਣੇ ਜਾਣ ਵਾਲੇ ਅੜਿੱਕੇ ਹਨ। ਉਮੀਦਵਾਰ ਦੀ ਚੋਣ ਲਈ 'ਕੌਮੀ ਤਲਾਸ਼ ਕਮੇਟੀ' ਬਣਾ ਲਈ ਜਾਵੇ ਤੇ ਫਿਰ ਉਸ ਅਧੀਨ ਸੂਬਾਈ ਪੱਧਰ ਦੀਆਂ ਉਪ-ਕਮੇਟੀਆਂ ਬਣਾ ਲਈਆਂ ਜਾਣ, ਜੋ ਮੁੱਖ ਕਮੇਟੀ ਨੂੰ ਸੁਝਾਅ ਦੇਣ ਕਿ ਫਲਾਣੀ ਲੋਕ ਸਭਾ ਚੋਣ ਲਈ ਪੰਜ ਨਾਮ ਢੁਕਵੇਂ ਹਨ। ਉਨ੍ਹਾਂ ਨਾਂਵਾਂ ਵਿੱਚੋਂ ਇੱਕ 'ਤੇ ਕੌਮੀ ਕਮੇਟੀ ਸਹਿਮਤੀ ਬਣਾ ਕੇ ਦੇਵੇ ਅਤੇ ਨਾਲ ਹੀ ਉਸ ਦੀ ਜ਼ਿੰਮੇਵਾਰੀ ਜਿਸ ਵੀ ਪਾਰਟੀ ਨੂੰ ਦੇਣੀ ਹੈ, ਦੇ ਦਿੱਤੀ ਜਾਵੇ। ਉਮੀਦਵਾਰ ਦੀ ਚੋਣ ਸਹੀ ਹੋਣੀ ਚਾਹੀਦੀ ਹੈ।




ਹੁਣ ਦੇਸ਼ ਦੇ ਲੋਕ ਸਹੀ ਅਰਥਾਂ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਉਮੀਦਵਾਰ ਚੁਣਨਾ ਚਾਹੁੰਦੇ ਹਨ, ਨਾ ਕਿ ਪਾਰਟੀਆਂ ਵੱਲੋਂ ਥੋਪੇ ਉਮੀਦਵਾਰਾਂ ਨੂੰ। ਸਿਤਮ ਵਾਲੀ ਗੱਲ ਇਹ ਹੈ ਕਿ ਉਹ ਲੋਕ ਜਿੱਤ ਕੇ ਚਲੇ ਜਾਂਦੇ ਹਨ, ਜਿਨ੍ਹਾਂ ਨੂੰ ਆਪਣੇ ਲੋਕ ਸਭਾ ਹਲਕੇ ਅਤੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਦੀ ਸਮਝ ਨਾਂਹ ਦੇ ਬਰਾਬਰ ਹੈ। ਉਹ ਆਪਣੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਹੁੰਦੇ ਹਨ। ਇਸ ਕਰ ਕੇ 'ਇੰਡੀਆ' ਉਨ੍ਹਾਂ ਆਗੂਆਂ ਨੂੰ ਉਮੀਦਵਾਰ ਬਣਾਵੇ, ਜੋ ਲੋਕ ਸਭਾ ਵਿੱਚ ਕਿਸੇ ਪਾਰਟੀ ਦੀ ਨਹੀਂ, ਲੋਕਾਂ ਦੀ ਪ੍ਰਤੀਨਿਧਤਾ ਕਰੇ। ਦੇਸ਼ ਹਿੱਤ ਲਈ 'ਇੰਡੀਆ' ਗੱਠਜੋੜ ਨੂੰ ਇਹ ਸਖ਼ਤ ਕਦਮ ਵੀ ਚੁੱਕਣਾ ਪਵੇਗਾ, ਜੋ ਸਮੇਂ ਦੀ ਮੁੱਖ ਮੰਗ ਬਣ ਗਈ ਹੈ।

ਜਿੱਤ ਮੰਤਰ ਇਸ ਵੇਲੇ ਉਮੀਦਵਾਰਾਂ ਦੀ ਸਹੀ ਚੋਣ 'ਤੇ ਹੀ ਨਿਰਭਰ ਹੈ। ਫਿਲਮੀ ਕਲਾਕਾਰਾਂ ਜਾਂ ਕੋਈ ਹੋਰ ਕਲਾਕਾਰ, ਖਿਡਾਰੀ ਜਾਂ ਕੋਈ ਗਿਆਨੀ, ਧਿਆਨੀ ਜਾਂ ਫਿਰ ਵਿਗਿਆਨੀ ਨੂੰ ਉਮੀਦਵਾਰ ਬਣਾਉਣ ਦੀ ਥਾਂ ਸੂਝਵਾਨ, ਇਮਾਨਦਾਰ, ਧਰਮ ਨਿਰਪੱਖ, ਉੱਚ ਯੋਗਤਾ ਪ੍ਰਾਪਤ ਉਮੀਦਵਾਰ ਹੋਣੇ ਚਾਹੀਦੇ ਹਨ। ਅਨਪੜ੍ਹ, ਘੱਟ ਪੜ੍ਹੇ-ਲਿਖੇ, ਦਾਗ਼ੀ ਜਾਂ ਅਪਰਾਧੀ ਪਿਛੋਕੜ ਵਾਲੇ ਉਮੀਦਵਾਰ ਬਣਾਉਣ ਦੀ ਪ੍ਰਵਾਨਗੀ ਨਾ ਦਿੱਤੀ ਜਾਵੇ। ਜੇ ਸੀਟਾਂ ਦੀ ਵੰਡ ਅਤੇ ਉਮੀਦਵਾਰਾਂ ਦੀ ਚੋਣ ਵਾਲਾ ਮਸਲਾ ਚੰਗੀ ਤਰ੍ਹਾਂ ਸਿਰੇ ਨਹੀਂ ਚੜ੍ਹਿਆ ਤਾਂ ਨਾ ਭਾਰਤ ਜੁੜੇਗਾ ਤੇ ਨਾ ਹੀ ਇੰਡੀਆ ਜਿੱਤੇਗਾ।



# ਬਲੈਕ ਹੋਲ ਦੇ ਰਹੱਸ

**ਵਿਗਿਆਨ**

**ਡਾ. ਸੰਜੇ ਵਰਮਾ**



ਵਿਗਿਆਨੀ ਨਹੀਂ ਜਾਣਦੇ ਕਿ ਇਸ ਬ੍ਰਹਿਮੰਡ ਵਿੱਚ ਕਿੰਨੇ ਬਲੈਕ ਹੋਲ ਹਨ ਅਤੇ ਉਹ ਕਿੱਥੋਂ ਆਉਂਦੇ ਹਨ। ਫਿਰ ਵੀ ਇਹ ਇੱਕ ਅੰਦਾਜ਼ਾ ਹੈ ਕਿ ਇਕੱਲੀ ਸਾਡੀ ਗਲੈਕਸੀ ਵਿੱਚ 100 ਮਿਲੀਅਨ ਤੋਂ ਵੱਧ ਬਲੈਕ ਹੋਲ ਹਨ। ਹਾਲਾਂਕਿ ਵਿਗਿਆਨੀ ਆਪਣੇ ਨਿਰੀਖਣਾਂ ਦੁਆਰਾ ਇਨ੍ਹਾਂ ਵਿੱਚੋਂ ਸਿਰਫ 20 ਬਲੈਕ ਹੋਲ ਦਾ ਪਤਾ ਲਾਉਣ ਵਿੱਚ ਕਾਮਯਾਬ ਹੋਏ ਹਨ। ਸਾਲ 2022 ਵਿੱਚ ਪਾਇਆ ਗਿਆ ਗਾਇਆ ਬੀਐਚ-1 ਨਾਮ ਦਾ ਬਲੈਕ ਹੋਲ ਧਰਤੀ ਦੇ ਸਭ ਤੋਂ ਨੇੜੇ ਮੰਨਿਆ ਜਾਂਦਾ ਹੈ। ਗਾਈਆ ਬੀਐਚ-1, ਆਕਾਸ਼ਗੰਗਾ ਗਲੈਕਸੀ ਦੇ ਓਫੇਸਸ ਤਾਰਾਮੰਡਲ ਵਿੱਚ ਸਥਿਤ ਹੈ, ਸਾਡੀ ਧਰਤੀ ਤੋਂ 1,610 ਪ੍ਰਕਾਸ਼-ਸਾਲ ਦੂਰ। ਇੱਕ ਪ੍ਰਕਾਸ਼ ਸਾਲ ਦੀ ਦੂਰੀ ਲਗਭਗ 94.6 ਟ੍ਰਿਲੀਅਨ ਕਿਲੋਮੀਟਰ ਹੈ। ਇਹ ਸਾਡੇ ਸੂਰਜ ਨਾਲੋਂ 10 ਗੁਣਾ ਵੱਡਾ ਹੈ। ਇਸ ਤੋਂ ਪਹਿਲਾਂ, ਬਲੈਕ ਹੋਲ ਜਿਸ ਨੂੰ ਧਰਤੀ ਦੇ ਸਭ ਤੋਂ ਨੇੜੇ ਹੋਣ ਦਾ ਖਿਤਾਬ ਦਿੱਤਾ ਗਿਆ ਸੀ, ਮੋਨੋਸੇਰੋਸ ਤਾਰਾਮੰਡਲ ਵਿੱਚ 3 ਹਜ਼ਾਰ ਪ੍ਰਕਾਸ਼ ਸਾਲ ਦੂਰ ਹੈ। ਸਵਾਲ ਹੈ ਕਿ ਇਸ ਸਮੇਂ ਬਲੈਕ ਹੋਲ ਬਾਰੇ ਇੰਨੀ ਚਰਚਾ ਕਿਉਂ ਹੋ ਰਹੀ ਹੈ?

ਕਾਰਨ ਹੈ ਭਾਰਤੀ ਪੁਲਾੜ ਖੋਜ ਸੰਗਠਨ- ਇਸਰੋ ਦਾ ਇੱਕ ਨਵਾਂ ਮਿਸ਼ਨ, ਜਿਸਦਾ ਇੱਕ ਉਦੇਸ਼ ਬਲੈਕ ਹੋਲ ਦੀ ਮੌਜੂਦਗੀ ਦਾ ਪਤਾ ਲਾਉਣਾ ਹੈ। ਦਰਅਸਲ, ਬਲੈਕ ਹੋਲ ਨੂੰ ਲੈ ਕੇ ਕਈ ਪ੍ਰਸਤਾਵ ਸਾਹਮਣੇ ਆਏ ਹਨ। ਕੁਝ ਸਾਲ ਪਹਿਲਾਂ ਨਿਰੀਖਣਾਂ ਦੇ ਆਧਾਰ 'ਤੇ ਇਸ ਦੀ ਤਸਵੀਰ ਵੀ ਬਣਾਈ ਗਈ ਸੀ, ਪਰ ਇਹ ਵਿਸ਼ਾ ਏਨਾ ਗੁੰਝਲਦਾਰ, ਰਹੱਸਮਈ ਅਤੇ ਦਿਲਚਸਪ ਹੈ ਕਿ ਇਸ ਸਬੰਧੀ ਕੋਈ ਵੀ ਨਵੀਂ ਪਹਿਲਕਦਮੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਇਸੇ ਲਈ ਪਹਿਲੀ ਜਨਵਰੀ 2024 ਨੂੰ ਜਦੋਂ ਇਸਰੋ ਨੇ ਐਕਸ-ਰੇ ਪੋਲਰੀਮੀਟਰ ਸੈਟੇਲਾਈਟ (ਐਕਸਪੋਸੈਟ) ਲਾਂਚ ਕੀਤਾ ਸੀ, ਤਾਂ ਬਲੈਕ ਹੋਲ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਸੀ।

ਇਸਰੋ ਅਨੁਸਾਰ ਇਹ ਉਪਗ੍ਰਹਿ ਬ੍ਰਹਿਮੰਡ ਦੇ 50 ਸਭ ਤੋਂ ਚਮਕਦਾਰ ਜਾਣੇ ਜਾਂਦੇ ਸਰੋਤਾਂ ਦਾ ਨੇੜਿਓਂ ਅਧਿਐਨ ਕਰੇਗਾ, ਜਿਸ ਵਿੱਚ ਬਲੈਕ ਹੋਲ ਅਤੇ ਨਿਊਟ੍ਰੋਨ ਤਾਰੇ ਸ਼ਾਮਲ ਹਨ। ਇਹ ਉਪਗ੍ਰਹਿ ਵਿਸ਼ੇਸ਼ ਤੌਰ 'ਤੇ ਐਕਸ-ਰੇ ਸਰੋਤਾਂ ਬਾਰੇ ਜਾਣਕਾਰੀ ਇਕੱਠੀ ਕਰੇਗਾ। ਇਹ ਦੁਨੀਆ ਵਿੱਚ ਆਪਣੀ ਕਿਸਮ ਦੀ ਸਿਰਫ ਦੂਜੀ ਮੁਹਿੰਮ ਹੈ। ਇਸਰੋ ਤੋਂ ਪਹਿਲਾਂ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ 2021 ਵਿੱਚ ਸੈਟੇਲਾਈਟ- ਇਮੇਜਿੰਗ ਐਕਸ-ਰੇ ਪੋਲਰੀਮੈਟਰੀ ਲਾਂਚ ਕੀਤਾ ਸੀ।

ਇਸਦਾ ਉਦੇਸ਼ ਪੁਲਾੜ ਵਿੱਚ ਸਥਿਤ ਐਕਸ-ਰੇ ਸਰੋਤਾਂ ਦਾ ਪਤਾ ਲਾਉਣਾ ਵੀ ਸੀ। ਇਸ ਤੋਂ ਅੱਗੇ ਜਾ ਕੇ ਇਸਰੋ ਨੇ ਜੋ ਐਕਸਪੋਸੈਟ ਪੁਲਾੜ ਵਿੱਚ ਭੇਜਿਆ ਹੈ, ਉਹ ਬਲੈਕ ਹੋਲ ਦੇ ਨਾਲ-ਨਾਲ ਗਲੈਕਸੀਆਂ, ਨਿਊਟ੍ਰੋਨ ਤਾਰਿਆਂ ਅਤੇ ਗੈਰ-ਥਰਮਲ ਸੁਪਰਨੋਵਾ ਤਾਰਿਆਂ ਦੇ ਸਰਗਰਮ ਨਿਊਕਲੀਅਸ ਦੇ ਅਵਸ਼ੇਸ਼ਾਂ ਬਾਰੇ ਵੀ ਜਾਣਕਾਰੀ ਇਕੱਠੀ ਕਰੇਗਾ। ਬੇਸ਼ੱਕ, ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਿਲਚਸਪੀ ਬਲੈਕ ਹੋਲ ਬਾਰੇ ਹੈ

ਅਸਲ ਵਿੱਚ ਬਲੈਕ ਹੋਲ ਬ੍ਰਹਿਮੰਡ ਵਿੱਚ ਕਈ ਰਹੱਸਮਈ ਗਤੀਵਿਧੀਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਮੰਨੇ ਜਾਂਦੇ ਹਨ। ਹੁਣ ਤੱਕ ਦੀ ਵਿਗਿਆਨਕ ਸਮਝ ਇਹ ਦਰਸਾਉਂਦੀ ਹੈ ਕਿ ਬਲੈਕ ਹੋਲ ਜਾਣੇ-ਪਛਾਣੇ ਸਪੇਸ ਵਿੱਚ ਮੌਜੂਦ ਅਜਿਹੇ ਸਥਾਨ ਹਨ, ਜਿਨ੍ਹਾਂ ਵਿੱਚ ਦਾਖਲ ਹੋਣ ਤੋਂ ਬਾਅਦ ਕੁਝ ਵੀ ਬਾਹਰ ਨਹੀਂ ਨਿਕਲਦਾ ਅਤੇ ਇਹ ਬਲੈਕ ਹੋਲ ਦੇ ਪੁੰਜ ਵਿੱਚ ਸ਼ਾਮਲ ਹੋ ਜਾਂਦਾ ਹੈ। ਬਲੈਕ ਹੋਲ ਵਿੱਚ ਰੋਸ਼ਨੀ ਦੀਆਂ ਕਿਰਨਾਂ ਵੀ ਖਤਮ ਹੋ ਜਾਂਦੀਆਂ ਹਨ। ਇਸ ਲਈ ਬਲੈਕ ਹੋਲ ਦੀ ਮੌਜੂਦਗੀ ਦਾ ਪਤਾ ਨਹੀਂ ਚੱਲਦਾ।

ਬਲੈਕ ਹੋਲ ਦੀ ਗੰਭੀਰਤਾ ਵੀ ਇੰਨੀ ਜ਼ਿਆਦਾ ਹੈ ਕਿ ਇਹ ਆਪਣੇ ਆਲੇ-ਦੁਆਲੇ ਦੀ ਹਰ ਚੀਜ਼ ਨੂੰ ਖਿੱਚਦਾ ਅਤੇ ਜਜ਼ਬ ਕਰਦਾ ਰਹਿੰਦਾ ਹੈ। ਵਿਗਿਆਨੀਆਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਚੀਜ਼ਾਂ ਇੱਕ ਵਾਰ ਲੀਨ ਹੋ ਜਾਣ ਤੋਂ ਬਾਅਦ ਕਿੱਥੇ ਜਾਂਦੀਆਂ ਹਨ! ਇਹ ਯਕੀਨੀ ਤੌਰ 'ਤੇ ਕਿਹਾ ਜਾਂਦਾ ਹੈ ਕਿ ਜਦੋਂ ਬਹੁਤ ਸਾਰੇ ਵੱਡੇ ਸਿਤਾਰੇ ਬੁਝਣ ਜਾਂ ਮਰਨ ਦੀ ਪ੍ਰਕਿਰਿਆ ਵਿੱਚ ਹੁੰਦੇ ਹਨ, ਤਾਂ ਉਹ ਬਲੈਕ ਹੋਲ ਵਿੱਚ ਬਦਲ ਜਾਂਦੇ ਹਨ। ਮਿਸਾਲ ਵਜੋਂ ਇੱਕ ਦਾਅਵਾ ਹੈ ਕਿ ਸਾਡਾ ਆਪਣਾ ਸੂਰਜ ਵੀ ਬੁੱਢਾ ਹੋ ਜਾਵੇਗਾ ਅਤੇ ਕੁਝ ਅਰਬ ਸਾਲਾਂ ਬਾਅਦ ਇੱਕ ਮਰ ਰਹੇ ਬਲੈਕ ਹੋਲ ਵਿੱਚ ਬਦਲ ਜਾਵੇਗਾ। ਇਸ ਪ੍ਰਕਿਰਿਆ ਵਿੱਚ ਸੂਰਜ ਪਹਿਲਾਂ ਇੱਕ ਚਿੱਟੇ ਬੌਣੇ ਤਾਰੇ ਵਿੱਚ ਬਦਲ ਜਾਵੇਗਾ ਅਤੇ ਫਿਰ ਹੌਲੀ-ਹੌਲੀ ਇੱਕ ਬਲੈਕ ਹੋਲ ਵਿੱਚ ਬਦਲ ਜਾਵੇਗਾ। ਫਿਰ ਸੰਭਵ ਹੈ ਕਿ ਇਹ ਧਰਤੀ ਸਮੇਤ ਸੂਰਜੀ ਮੰਡਲ ਦੇ ਬਾਕੀ ਸਾਰੇ ਗ੍ਰਹਿਆਂ ਨੂੰ ਨਿਗਲ ਜਾਵੇ। ਇੱਕ ਦਿਲਚਸਪ ਤੱਥ ਇਹ ਹੈ ਕਿ ਬ੍ਰਹਿਮੰਡ ਦੀਆਂ ਸਾਰੀਆਂ ਗਲੈਕਸੀਆਂ ਦੇ ਕੇਂਦਰ ਵਿੱਚ ਬਲੈਕ ਹੋਲ ਹਨ। ਇਹ ਅਸਲ ਵਿੱਚ ਉਹ ਤਾਰੇ ਹਨ, ਜੋ ਮਰਨ ਦੀ ਪ੍ਰਕਿਰਿਆ ਵਿੱਚ ਹਨ।

ਅਜਿਹਾ ਨਹੀਂ ਹੈ ਕਿ ਹੁਣ ਤੱਕ ਦੇ ਅਧਿਐਨਾਂ ਅਤੇ ਨਿਰੀਖਣਾਂ ਦੇ ਆਧਾਰ 'ਤੇ ਵਿਗਿਆਨੀ ਬਲੈਕ ਹੋਲ ਦੇ ਗਠਨ ਅਤੇ ਵਿਹਾਰ ਬਾਰੇ ਕੁਝ ਵੀ ਨਹੀਂ ਜਾਣ ਸਕੇ ਹਨ। ਇਨ੍ਹਾਂ ਵਿੱਚੋਂ ਕੁਝ ਪ੍ਰਸਤਾਵ ਸੰਕਲਪਿਕ ਪੱਧਰ 'ਤੇ ਹਨ, ਜਦਕਿ ਬਾਕੀਆਂ ਬਾਰੇ ਦੂਰਬੀਨ, ਉਪਗ੍ਰਹਿ ਤੇ ਅਧਿਐਨਾਂ ਤੋਂ ਪ੍ਰਾਪਤ ਜਾਣਕਾਰੀ ਅਤੇ ਅੰਕੜਿਆਂ ਦੇ ਆਧਾਰ 'ਤੇ ਅਨੁਮਾਨ ਲਾਇਆ ਗਿਆ ਹੈ। ਮਿਸਾਲ ਵਜੋਂ ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਟਾਈਨ ਨੇ ਬਲੈਕ ਹੋਲ ਦੀ ਸ਼ਕਤੀ ਦਾ ਵਰਣਨ ਕਰਦਿਆਂ ਕਿਹਾ ਸੀ ਕਿ ਜਿੱਥੇ ਉਹ ਪੁਲਾੜ ਵਿੱਚ ਮੌਜੂਦ ਹਨ, ਉੱਥੇ ਭੌਤਿਕ ਵਿਗਿਆਨ ਦੇ ਆਮ ਨਿਯਮ ਕੰਮ ਨਹੀਂ ਕਰਦੇ।

ਉਹ ਆਪਣੀ ਤਾਕਤਵਰ ਗਰੈਵਿਟੀ ਦੇ ਕਾਰਨ ਆਪਣੀ ਜਗ੍ਹਾ ਉੱਤੇ ਇੰਨੀ ਮਜ਼ਬੂਤ ਖਿੱਚ ਬਣਾਉਂਦੇ ਹਨ ਕਿ ਉਨ੍ਹਾਂ ਦੇ ਆਲੇ ਦੁਆਲੇ ਦੀ ਹਰ ਚੀਜ਼, ਇੱਥੋਂ ਤੱਕ ਕਿ ਛੋਟੇ ਬਲੈਕ ਹੋਲ ਵੀ, ਖਿੱਚ ਲੈਂਦੇ ਹਨ ਅਤੇ ਇਸਦੇ ਕੇਂਦਰ ਵੱਲ ਉੱਡ ਜਾਂਦੇ ਹਨ। ਫਿਰ ਬਲੈਕ ਹੋਲ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਚੂਸਦਾ ਹੈ ਅਤੇ ਉਨ੍ਹਾਂ ਨੂੰ ਅਲੋਪ ਕਰ ਦਿੰਦਾ ਹੈ। ਆਈਨਸਟਾਈਨ ਨੇ ਇਹ ਵੀ ਕਿਹਾ ਕਿ ਬਲੈਕ ਹੋਲ ਦੀ ਸ਼ਕਤੀਸ਼ਾਲੀ ਗੁਰੂਤਾ ਇਸਦੇ ਆਲੇ-ਦੁਆਲੇ ਸਪੇਸ ਨੂੰ ਸਮੇਟਦੀ ਹੈ ਅਤੇ ਇੱਕ ਵਕਰ ਬਣਤਰ ਬਣਾਉਂਦੀ ਹੈ। ਪਰ ਕੀ ਅਜਿਹੀ ਸਥਿਤੀ ਹੈ, ਜਦੋਂ ਬਲੈਕ ਹੋਲ ਵੀ ਆਪਣੇ-ਆਪ ਅਲੋਪ ਹੋ ਜਾਂਦਾ ਹੈ? ਇਸ ਬਾਰੇ ਇੱਕ ਹੋਰ ਮਸ਼ਹੂਰ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਨੇ ਆਪਣੇ ਅਧਿਐਨ ਦੇ ਆਧਾਰ 'ਤੇ ਕਿਹਾ ਸੀ ਕਿ ਰੇਡੀਏਸ਼ਨ ਦੀ ਇੱਕ ਵਿਸ਼ੇਸ਼ ਪ੍ਰਕਿਰਿਆ (ਹਾਕਿੰਗ ਰੇਡੀਏਸ਼ਨ) ਕਾਰਨ ਅਜਿਹੀ ਸਥਿਤੀ ਪੈਦਾ ਹੁੰਦੀ ਹੈ, ਜਦੋਂ ਬਲੈਕ ਹੋਲ ਪੁੰਜ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ ਅਤੇ ਬ੍ਰਹਿਮੰਡ ਤੋਂ ਅਲੋਪ ਹੋ ਜਾਂਦਾ ਹੈ। ਇਸ ਪਿੱਛੋਂ ਕੀ ਹੋਵੇਗਾ? ਇਸ ਬਾਰੇ ਵਿਗਿਆਨ ਅਜੇ ਵੀ ਚੁੱਪ ਹੈ। ਇਸ ਸਥਿਤੀ ਬਾਰੇ ਕਿਆਸਅਰਾਈਆਂ ਹੀ ਪੇਸ਼ ਕੀਤੀਆਂ ਗਈਆਂ ਹਨ ਕਿ ਇੱਕ ਬ੍ਰਹਿਮੰਡ ਤੋਂ ਅਲੋਪ ਹੋ ਕੇ ਬਲੈਕ ਹੋਲ ਦੂਜੇ ਬ੍ਰਹਿਮੰਡ 'ਚ ਪਹੁੰਚ ਜਾਂਦੇ ਹਨ।

ਸਾਲ 2019 ਵਿੱਚ ਬਲੈਕ ਹੋਲ ਦੇ ਇੱਕ ਥਾਂ ਤੋਂ ਦੂਜੀ ਥਾਂ ਗਾਇਬ ਹੋਣ ਦੀ ਧਾਰਨਾ ਦੀ ਚਰਚਾ ਵੀ ਹੋਈ। ਦਰਅਸਲ, ਉਸ ਸਮੇਂ ਯਾਨਿ 10 ਅਪਰੈਲ 2019 ਨੂੰ ਦੁਨੀਆ 'ਚ ਪਹਿਲੀ ਵਾਰ ਵਿਗਿਆਨੀਆਂ ਨੇ ਨਿਰੀਖਣਾਂ ਦੇ ਆਧਾਰ 'ਤੇ ਬਲੈਕ ਹੋਲ ਦੀ ਤਸਵੀਰ ਬਣਾਈ ਅਤੇ ਦੁਨੀਆ ਨਾਲ ਸਾਂਝੀ ਕੀਤੀ। ਇਹ ਤਸਵੀਰ ਅਸਲੀਅਤ ਦੇ ਬਹੁਤ ਨੇੜੇ ਮੰਨੀ ਜਾਂਦੀ ਹੈ। ਇਸ ਤੋਂ ਪਹਿਲਾਂ ਬਲੈਕ ਹੋਲ ਦੀਆਂ ਸਾਰੀਆਂ ਤਸਵੀਰਾਂ ਜਾਂ ਡਰਾਇੰਗ ਪੂਰੀ ਤਰ੍ਹਾਂ ਕਲਪਨਾ 'ਤੇ ਆਧਾਰਿਤ ਹਨ। ਜਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਕੇਵਲ ਵਿਗਿਆਨਕ ਅਨੁਮਾਨਾਂ ਅਤੇ ਕਲਪਨਾਵਾਂ 'ਤੇ ਆਧਾਰਿਤ ਕਲਾਕਾਰ ਦੀ ਪੇਸ਼ਕਾਰੀ ਹੈ। ਹਾਲਾਂਕਿ 2019 ਦੀ ਤਸਵੀਰ ਵੀ ਅਸਲ ਬਲੈਕ ਹੋਲ ਦਾ ਇੱਕ ਪਰਛਾਵਾਂ ਹੈ, ਕਿਉਂਕਿ ਕੋਈ ਵੀ ਬਲੈਕ ਹੋਲ ਪ੍ਰਕਾਸ਼ ਦੀਆਂ ਕਿਰਨਾਂ ਨਹੀਂ ਛੱਡਦਾ, ਇਹ ਉਨ੍ਹਾਂ ਨੂੰ ਜਜ਼ਬ ਕਰਦਾ ਹੈ। ਇਸ ਕਾਰਨ ਨਾ ਸਿਰਫ਼ ਇਸ ਦੀ ਤਸਵੀਰ ਲੈਣੀ ਅਸੰਭਵ ਹੈ, ਸਗੋਂ ਬਹੁਤ ਸ਼ਕਤੀਸ਼ਾਲੀ ਟੈਲੀਸਕੋਪ ਨਾਲ ਵੀ ਇਸ ਦੀ ਮੌਜੂਦਗੀ ਦਾ ਅੰਦਾਜ਼ਾ ਲਾਉਣਾ ਅਸੰਭਵ ਹੈ। ਪਰ ਖਗੋਲ ਵਿਗਿਆਨੀਆਂ ਨੇ ਪਹਿਲੀ ਵਾਰ ਮਿਸੀਰ-87 ਨਾਮਕ ਆਕਾਸ਼ਗੰਗਾ ਵਿੱਚ ਇਸਦੀ ਮੌਜੂਦਗੀ ਨੂੰ ਸਾਬਤ ਕੀਤਾ ਅਤੇ ਇਸ ਦੇ ਪਰਛਾਵੇਂ ਨੂੰ ਇੱਕ ਚਮਕਦਾਰ ਸੁਨਹਿਰੀ ਰੰਗ ਨਾਲ ਭਰ ਕੇ ਇਸਨੂੰ ਦ੍ਰਿਸ਼ਮਾਨ ਬਣਾਇਆ। ਇਹ ਤਸਵੀਰ ਇੱਕ ਗੇਂਦ ਜਾਂ ਅੱਗ ਦੇ ਚੱਕਰ ਦਾ ਪ੍ਰਭਾਵ ਦਿੰਦੀ ਹੈ, ਜਿਸ ਦੇ ਕਿਨਾਰੇ ਅੰਦਰ ਵੱਲ ਵਕਰ ਹੋਏ ਦਿਖਾਈ ਦਿੰਦੇ ਹਨ। ਖਗੋਲ ਵਿਗਿਆਨੀਆਂ ਅਨੁਸਾਰ ਚੱਕਰ ਦੇ ਅੰਦਰ ਇੱਕ ਬਲੈਕ ਹੋਲ ਮੌਜੂਦ ਹੈ। ਧਰਤੀ ਤੋਂ 54 ਮਿਲੀਅਨ ਪ੍ਰਕਾਸ਼-ਸਾਲ ਦੂਰ ਐਮ-87 ਗਲੈਕਸੀ ਵਿੱਚ ਸਥਿਤ ਬਲੈਕ ਹੋਲ ਦੀ ਇਹ ਤਸਵੀਰ ਈਵੈਂਟ ਹੋਰਾਈਜ਼ਨ ਟੈਲੀਸਕੋਪ ਦੁਆਰਾ ਕੈਪਚਰ ਕੀਤੀ ਗਈ ਸੀ। ਇੱਕ ਪ੍ਰੋਜੈਕਟ 2012 ਵਿੱਚ ਫਰਾਂਸ, ਹਵਾਈ, ਮੈਕਸੀਕੋ ਵਿੱਚ ਸਥਿਤ ਅੱਠ ਟੈਲੀਸਕੋਪਾਂ ਦੇ ਇੱਕ ਗਲੋਬਲ ਨੈਟਵਰਕ ਤੋਂ ਸ਼ੁਰੂ ਕੀਤਾ ਗਿਆ ਸੀ- ਚਿਲੀ, ਸਪੇਨ ਅਤੇ ਅੰਟਾਰਕਟਿਕਾ (ਈ.ਐਚ.ਟੀ.) ਖੋਜਕਰਤਾਵਾਂ ਦੁਆਰਾ ਇਕੱਤਰ ਕੀਤੇ ਗਏ ਡੇਟਾ ਦੇ ਅਧਾਰ 'ਤੇ। ਈ.ਐਚ.ਟੀ. ਦੇ ਨਿਰਦੇਸ਼ਕ ਸ਼ੈਫਰਡ ਡੇਲਮੈਨ ਨੇ ਉਦੋਂ ਇਸ ਤਸਵੀਰ ਬਾਰੇ ਕਿਹਾ ਸੀ ਕਿ ਬਲੈਕ ਹੋਲ ਦੀ ਇਹ ਤਸਵੀਰ ਇਸ ਤਰ੍ਹਾਂ ਹੈ, ਜਿਵੇਂ ਧਰਤੀ ਤੋਂ ਚੰਦਰਮਾ 'ਤੇ ਕਿਸੇ ਸੰਤਰੇ ਜਾਂ ਪੱਥਰ ਦੀ ਤਸਵੀਰ ਲਈ ਗਈ ਹੋਵੇ। ਇਸ ਬਲੈਕ ਹੋਲ, ਜਿਸ ਦਾ ਵਜ਼ਨ ਚਾਲੀ ਮਿਲੀਅਨ ਸੂਰਜਾਂ ਦੇ ਬਰਾਬਰ ਹੈ ਅਤੇ 15 ਮਿਲੀਅਨ ਮੀਲ ਚੌੜਾ ਹੈ, ਦੀ ਤਸਵੀਰ ਨਾਲ ਜੁੜੇ ਅੰਕੜਿਆਂ ਨੂੰ ਸੁੰਗੜਨ ਅਤੇ ਇਸ ਨੂੰ ਦ੍ਰਿਸ਼ਮਾਨ ਬਣਾਉਣ ਲਈ ਖਗੋਲ ਵਿਗਿਆਨੀਆਂ ਨੂੰ ਦੋ ਸਾਲ ਲੱਗੇ।

ਪਰ ਕੀ ਇੰਨਾ ਵੱਡਾ ਬਲੈਕ ਹੋਲ ਵੀ ਕਿਸੇ ਦਿਨ ਬ੍ਰਹਿਮੰਡ ਵਿੱਚੋਂ ਅਚਾਨਕ ਅਲੋਪ ਹੋ ਸਕਦਾ ਹੈ? ਇਸ ਬਲੈਕ ਹੋਲ, ਜਿਸ ਦਾ ਪੁੰਜ ਸਾਡੇ ਸੂਰਜ ਤੋਂ 650 ਕਰੋੜ ਗੁਣਾ ਜ਼ਿਆਦਾ ਹੈ ਅਤੇ ਧਰਤੀ ਤੋਂ 55 ਮਿਲੀਅਨ ਪ੍ਰਕਾਸ਼ ਸਾਲ ਦੂਰ ਸਥਿਤ ਹੈ, ਨੂੰ ਲੈ ਕੇ ਸਵਾਲ ਖੜ੍ਹਾ ਹੋ ਗਿਆ ਹੈ ਕਿ ਇੰਨਾ ਵੱਡਾ ਸਰੀਰ ਅਚਾਨਕ ਅਲੋਪ ਹੋ ਕੇ ਕਿੱਥੇ ਜਾ ਸਕਦਾ ਹੈ? ਇਹ ਸੰਭਵ ਹੈ ਕਿ ਮੌਤ ਤੋਂ ਬਾਅਦ ਇਹ ਵਿਸ਼ਾਲ ਬੁਝੇ ਹੋਏ ਤਾਰੇ ਯਾਨਿ ਬਲੈਕ ਹੋਲ ਕਿਤੇ ਨਹੀਂ ਜਾਂਦੇ ਹਨ, ਪਰ ਕਥਿਤ ਤੌਰ 'ਤੇ ਦ੍ਰਿਸ਼ਮਾਨ ਸਪੇਸ ਵਿੱਚ ਦਿਖਾਈ ਦੇਣਾ ਬੰਦ ਕਰ ਦਿੰਦੇ ਹਨ। ਵੈਸੇ ਵੀ ਬਲੈਕ ਹੋਲ ਆਪਣੀ ਦਿੱਖ ਦੌਰਾਨ ਹੀ ਦਿਖਾਈ ਨਹੀਂ ਦਿੰਦੇ, ਆਪਣੇ ਵਿਨਾਸ਼ ਤੋਂ ਬਾਅਦ ਕਿੱਥੇ ਜਾਂਦੇ ਹਨ, ਇਸ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਹਾਲਾਂਕਿ ਵਿਗਿਆਨੀਆਂ ਨੇ ਵੱਡੇ ਤਾਰਿਆਂ ਜਾਂ ਬਲੈਕ ਹੋਲਾਂ ਦੇ ਵਿਨਾਸ਼ ਜਾਂ ਮੌਤ ਦੀ ਪ੍ਰਕਿਰਿਆ ਦੀ ਇੱਕ ਅਨੁਮਾਨਿਤ ਰੂਪਰੇਖਾ ਤਿਆਰ ਕੀਤੀ ਹੈ।

ਖਗੋਲ ਵਿਗਿਆਨੀਆਂ ਅਨੁਸਾਰ ਸੂਰਜ ਤੋਂ ਕਈ ਗੁਣਾ ਜ਼ਿਆਦਾ ਪੁੰਜ ਵਾਲੇ ਵੱਡੇ ਤਾਰਿਆਂ ਦਾ ਅੰਤ ਉਨ੍ਹਾਂ ਦੇ ਵਿਸ਼ਾਲ ਵਿਸਫੋਟ ਅਰਥਾਤ ਸੁਪਰਨੋਵਾ ਨਾਲ ਸ਼ੁਰੂ ਹੁੰਦਾ ਹੈ। ਇਸ ਧਮਾਕੇ ਕਾਰਨ ਬ੍ਰਹਿਮੰਡ ਦੇ ਚਾਰੇ ਪਾਸੇ ਬਹੁਤ ਸਾਰਾ ਤਾਰਾ ਪਦਾਰਥ ਫੈਲ ਜਾਂਦਾ ਹੈ। ਇਸ ਤੋਂ ਬਾਅਦ ਤਾਰੇ ਦੇ ਕੇਂਦਰ ਵਿੱਚ ਇੱਕ ਬਹੁਤ ਛੋਟਾ ਅਤੇ ਅਤਿ-ਸੰਘਣਾ ਸਰੀਰ ਰਹਿ ਜਾਂਦਾ ਹੈ। ਤਾਰਿਆਂ ਦੀ ਸਮੱਗਰੀ ਦੀ ਘਣਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਮੱਗਰੀ ਦਾ ਇੱਕ ਚਮਚਾ ਕਈ ਟਨ ਵਜ਼ਨ ਕਰ ਸਕਦਾ ਹੈ। ਜੇ ਤਾਰਾ ਸਾਡੇ ਸੂਰਜ ਜਿੰਨਾ ਵੱਡਾ ਹੁੰਦਾ ਹੈ, ਤਾਂ ਇਹ ਸੁਪਰਨੋਵਾ ਵਿਸਫੋਟ ਤੋਂ ਬਾਅਦ ਚਿੱਟਾ ਬੌਣਾ ਬਣ ਸਕਦਾ ਹੈ। ਪਰ ਸਾਡੇ ਸੂਰਜ ਨਾਲੋਂ ਕਈ ਗੁਣਾ ਵੱਡੇ ਤਾਰੇ ਵਿਨਾਸ਼ ਦੀ ਪ੍ਰਕਿਰਿਆ ਵਿੱਚ ਨਿਊਟ੍ਰੋਨ ਤਾਰਿਆਂ ਵਿੱਚ ਬਦਲ ਜਾਂਦੇ ਹਨ। ਕੁਝ ਤਾਰਿਆਂ ਵਿੱਚ ਜੋ ਇਨ੍ਹਾਂ ਤੋਂ ਵੀ ਵੱਡੇ ਹਨ, ਸੁਪਰਨੋਵਾ ਵਿਸਫੋਟ ਤੋਂ ਬਾਅਦ ਬਚਿਆ ਸੰਘਣਾ ਸਰੀਰ ਗੁਰੂਤਾਕਰਸ਼ਣ ਦੇ ਕਾਰਨ ਸੁੰਗੜਨਾ ਜਾਰੀ ਰੱਖਦਾ ਹੈ। ਮਰਨ ਵਾਲੇ ਤਾਰੇ ਇੱਕ ਸੁਪਰਨੋਵਾ ਵਿਸਫੋਟ ਤੋਂ ਬਾਅਦ ਇੰਨੀ ਜ਼ਿਆਦਾ ਗਰੈਵੀਟੇਸ਼ਨਲ ਬਲ ਵਿਕਸਿਤ ਕਰਦੇ ਹਨ ਕਿ ਉਹ ਬ੍ਰਹਿਮੰਡ ਵਿੱਚ ਆਪਣੇ ਨੇੜੇ ਦੀ ਹਰ ਚੀਜ਼ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ, ਉਹ ਰੋਸ਼ਨੀ ਨੂੰ ਜਜ਼ਬ ਕਰਨਾ ਵੀ ਸ਼ੁਰੂ ਕਰ ਦਿੰਦੇ ਹਨ। ਤਾਰਿਆਂ ਦੀ ਇਸ ਅਵਸਥਾ ਨੂੰ ਬਲੈਕ ਹੋਲ ਕਿਹਾ ਜਾਂਦਾ ਹੈ। ਤਾਰਿਆਂ ਵਿੱਚ ਬਲੈਕ ਹੋਲ ਬਣਨ ਦਾ ਇੱਕ ਪੜਾਅ ਆਉਂਦਾ ਹੈ ਜਦੋਂ ਰੌਸ਼ਨੀ ਦੇ ਕਣ ਉਨ੍ਹਾਂ ਵਿੱਚੋਂ ਬਾਹਰ ਆਉਣੇ ਬੰਦ ਹੋ ਜਾਂਦੇ ਹਨ। ਇਹ ਉਨ੍ਹਾਂ ਦੀ ਅਥਾਹ ਗੰਭੀਰਤਾ ਕਾਰਨ ਵਾਪਰਦਾ ਹੈ, ਪਰ ਇਸ ਤੋਂ ਪਹਿਲਾਂ ਉਨ੍ਹਾਂ ਸਿਤਾਰਿਆਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਤਾਰਿਆਂ ਦੀ ਇਸ ਅਵਸਥਾ ਨੂੰ ਇਵੈਂਟ ਹੌਰਾਈਜ਼ਨ ਕਿਹਾ ਜਾਂਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਲਗਾਤਾਰ ਸੁੰਗੜਦੇ ਅਤੇ ਮਰ ਰਹੇ ਤਾਰੇ ਦੀ ਅੰਤਿਮ ਦਿੱਖ ਦੀ ਅਵਸਥਾ ਹੈ। ਜਦੋਂ ਇੱਕ ਬਲੈਕ ਹੋਲ ਅੰਦਰ ਵੱਲ ਸੁੰਗੜਨਾ ਸ਼ੁਰੂ ਕਰ ਦਿੰਦਾ ਹੈ ਅਤੇ ਹਰ ਚੀਜ਼ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ, ਤਾਂ ਇਸਦੇ ਬਾਹਰੀ ਕਿਨਾਰੇ ਤੇ ਕੁਆਂਟਮ ਪ੍ਰਭਾਵਾਂ ਦੇ ਕਾਰਨ, ਗਰਮ ਕਣ ਟੁੱਟ ਕੇ ਬ੍ਰਹਿਮੰਡ ਵਿੱਚ ਫੈਲਣਾ ਸ਼ੁਰੂ ਕਰ ਦਿੰਦੇ ਹਨ। ਉਸ ਸਮੇਂ ਵਿੱਚ, ਬਾਹਰੀ ਹਿੱਸੇ ਨੂੰ ਇਵੈਂਟ ਹੌਰਾਈਜ਼ਨ ਕਿਹਾ ਜਾਂਦਾ ਹੈ, ਜਿੱਥੋਂ ਜਦੋਂ ਅਸੀਂ ਅੰਦਰ ਜਾਂਦੇ ਹਾਂ ਤਾਂ ਸਮਾਂ ਤੇ ਸਪੇਸ ਆਪਣੇ ਅਰਥ ਗੁਆ ਲੈਂਦੇ ਹਨ ਅਤੇ ਫਿਰ ਉੱਥੇ ਭੌਤਿਕ ਵਿਗਿਆਨ ਦਾ ਕੋਈ ਨਿਯਮ ਕੰਮ ਨਹੀਂ ਕਰਦਾ। ਇੱਕ ਤਰ੍ਹਾਂ ਨਾਲ ਇੱਕ ਤਾਰੇ ਦੇ ਬਲੈਕ ਹੋਲ ਵਿੱਚ ਤਬਦੀਲ ਹੋਣ ਨੂੰ ਜੀਵਨ ਤੋਂ ਨਿਰਲੇਪ ਹੋਣ ਦਾ ਪਲ ਕਿਹਾ ਜਾ ਸਕਦਾ ਹੈ, ਭਾਵ ਮੋਹ ਦੇ ਬੰਧਨਾਂ ਨੂੰ ਛੱਡਣ ਦਾ ਪਲ। ਅਜਿਹੀ ਸਥਿਤੀ ਵਿੱਚ ਨਾ ਸਿਰਫ ਉਸ ਤਾਰੇ ਨਾਲ ਲਗਾਅ ਦਾ ਬੰਧਨ ਟੁੱਟਦਾ ਹੈ, ਬਲਕਿ ਇਹ ਪੁਲਾੜ ਦੀਆਂ ਗਹਿਰਾਈਆਂ ਵਿੱਚ ਗੁਆਚ ਜਾਂਦਾ ਹੈ। ਇੱਥੋਂ ਤੱਕ ਕਿ ਆਪਣੇ ਆਲੇ-ਦੁਆਲੇ ਦੇ ਗ੍ਰਹਿਆਂ, ਤਾਰਿਆਂ ਅਤੇ ਪ੍ਰਕਾਸ਼ ਦੀਆਂ ਕਿਰਨਾਂ ਨੂੰ ਵੀ ਮਿਟਾ ਦਿੰਦਾ ਹੈ, ਜਿੱਥੋਂ ਇਹ ਸੰਭਵ ਹੈ ਕਿ ਇਸਦੇ ਨਵੇਂ ਸਫਰ ਦੀ ਯਾਤਰਾ ਸ਼ੁਰੂ ਹੁੰਦੀ ਹੈ।



ਗਾਇਆ ਬੀਐਚ-1 ਨਾਮ ਦੇ ਬਲੈਕ ਹੋਲ ਦੀ ਇੱਕ ਤਸਵੀਰ

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# AVANTE'

## BANQUETS & CONFERENCE CENTER






## CATERED WEDDING PACKAGE

***INCLUDES THE FOLLOWING:***

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
**Choose our plush chairs to help you stand out. And make you feel even more special on your beautiful wedding day.**

**CHAMPAGNE TOAST FOR EVERYONE**
**Let your guests help to celebrate YOU on YOUR day while raising a glass in your honor.**

**DRAPERY: Beautiful, flowing white drapery to use behind your head table.**
**UPLIGHTING: Includes 6 multicolor LED up lights (Multiple Sets Available)**

**SWEET TABLE PACKAGES**
**TRADITIONAL and DELUXE**

**DISPLAYS:**
**ANTIPASTO DISPLAY**
**MEDITERRANEAN DISPLAY**
**SEAFOOD TOWER DISPLAY**
**CALAMARI PLATTER**

**Late Night Eats Packages**

**1050 Northwest Hwy,**
**Fox River Grove, IL 60021**

**(847) 287-1006**

**Office@AvanteBanquets.com**
**www.AvanteBanquets.com**

# ਦਲਾਲ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



ਆਮ ਤੌਰ 'ਤੇ ਦੋ ਧਿਰਾਂ ਵਿੱਚ ਸੌਦਾ ਕਰਾਉਣ ਵਾਲੇ ਨੂੰ ਵਿਚੋਲਾ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਵਿਚੋਲਾ ਸ਼ਬਦ ਵਿਆਹ ਨਾਲ ਜੁੜਿਆ ਹੋਇਆ ਹੈ। ਦੋ ਧਿਰਾਂ ਵਿੱਚ ਮੁੰਡੇ-ਕੁੜੀ ਨੂੰ ਸਾਕ ਕਰਾਉਣ ਵਾਲੇ ਨੂੰ ਵਿਚੋਲਾ ਕਿਹਾ ਜਾਂਦਾ ਹੈ। ਪੰਜਾਬੀ ਲੋਕ ਬੋਲੀ ਵੀ ਹੈ- 'ਪੁੱਤ ਮਰ ਗਏ ਵਿਚੋਲਿਆ ਤੇਰੇ ਹਾਣ ਦਾ ਸਾਕ ਟੋਲਿਆ।' ਇੱਕ ਅਖੌਤ ਵੀ ਇਹਦੇ ਨਾਲ ਜੁੜੀ ਹੋਈ ਹੈ- ਕੁੜਮ ਕੁੜਮ ਰਲੇ ਤੇ ਵਿਚੋਲੇ ਰਹੇ ਖਲੇ; ਵਿਚੋਲੀ ਜਾਂ ਵਿਚੋਲਣ ਇਹਦਾ ਇਸਤਰੀ ਲਿੰਗ। ਵਿਚੋਲਗੀ ਕਿਰਿਆ ਹੈ। ਵਿਚੋਲਗਿਰੀ/ਵਿਚੋਲਪੁਣਾ= ਸਾਲਸੀ, ਪਰ ਜਦੋਂ ਇਹੀ ਵਿਚੋਲਗੀ ਵਪਾਰ ਦੇ ਖੇਤਰ ਵਿੱਚ ਆ ਜਾਂਦੀ ਹੈ ਤਾਂ ਉਥੇ ਇਹ ਦਲਾਲੀ ਦਾ ਰੂਪ ਧਾਰ ਜਾਂਦੀ ਹੈ।

ਵਿਓਤਪਤੀ ਕੋਸ਼ ਅਨੁਸਾਰ ਦਲਾਲ- ਸੌਦਾ ਕਰਾਉਣ ਵਾਲਾ, ਵਿਚੋਲਾ, ਅਰਬੀ ਦੱਲਾਲ-ਸੌਦਾ ਕਰਾਉਣ ਵਾਲਾ, ਵਿਕਰੇਤਾ ਪਥ ਪ੍ਰਦਰਸ਼ਕ, ਨਖਰੇਬਾਜ਼ੀ; ਦੱਲਾ-ਦੋ ਧਿਰਾਂ ਵਿਚਕਾਰ ਜਿਨਸੀ ਸਬੰਧ ਪੈਦਾ ਕਰਾਉਣ ਵਾਲਾ। ਦੱਲੇ ਦਾ ਇਸਤਰੀ ਲਿੰਗ ਹੈ ਦੱਲੀ, ਫੱਫੇਕੁਟਣੀ; ਅਰਬੀ ਦਲਾਲਾ-ਵਿਚੋਲਣ। ਮਹਾਨ ਕੋਸ਼ ਅਨੁਸਾਰ ਦੱਲਾਲ-ਰਹਨੁਮਾ, ਰਸਤਾ ਦਿਖਾਉਣ ਵਾਲਾ, ਉਹ ਆਦਮੀ ਜੋ ਵਿੱਚ ਪੈ ਕੇ ਸੌਦਾ ਕਰਾਵੇ, 'ਵਢੀਅਹਿ ਹਥ ਦਲਾਲ ਕੇ' (ਵਾਰ ਆਸਾ) ਅਰਥਾਤ ਜੋ ਝੂਠ ਬੋਲ ਕੇ ਪਰਲੋਕ ਵਿੱਚ ਸਮੱਗਰੀ ਪੁਚਾਉਣ ਦਾ ਵਪਾਰ ਕਰਦਾ ਹੈ, ਦਲਾਲਤ- ਰਹਨੁਮਾਈ ਯੁਕਤੀ ਅਨੁਮਾਨ; ਦਲਾਲੀ- ਦਲਾਲ ਦੀ ਕਿਰਿਆ, ਉਜਰਤ, 'ਜਪੁ ਤਪ ਦੇਉ ਦਲਾਲੀ ਰੇ' (ਰਾਮ ਕਬੀਰ) 'ਧਰਮ ਰਾਇ ਹੈ ਦੇਵਤਾ ਲੈ ਗੱਲਾਂ ਕਰੇ ਦਲਾਲੀ' (ਵਾਰ ਰਾਮ 3)

ਪੰਜਾਬੀ ਕੋਸ਼ਾਂ ਅਨੁਸਾਰ ਦਲਾਲ ਦਾ ਅਰਥ ਹੈ- ਜਿਸਦੇ ਰਾਹੀਂ ਸੌਦਾ ਹੋਵੇ, ਵਿਚੋਲਾ; ਦਲਾਲਗੀ- ਦਲਾਲ ਦਾ ਕੰਮ, ਮਜਦੂਰੀ, ਦਲਾਲਗਿਰੀ ਦਲਾਲ ਦਾ ਪੇਸ਼ਾ; ਦਲਾਲਪੁਣਾ-ਦਲਾਲ ਦਾ ਕੰਮ; ਦਲਾਲੀ-ਦਲਾਲ ਦਾ ਮਿਹਨਤਾਨਾ, ਇਸ ਨਾਲ ਮੁਹਾਵਰੇ ਅਖਾਣ ਵੀ ਜੁੜੇ ਹੋਏ ਹਨ- ਦਲਾਲਾਂ ਵਿੱਚੋਂ ਦਲਾਲ ਸਰੂਪੋ ਬਾਹਮਣੀ, ਦਲਾਲੀ ਖਾਣਾ, ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ; ਦੱਲਾ- ਵਿਭਚਾਰ ਦੀ ਵਿਚੋਲਗੀ ਕਰਨ ਵਾਲਾ ਆਦਮੀ; ਇੱਕ ਗਾਲ੍ਹ।

ਫਾਰਸੀ ਕੋਸ਼ਾਂ ਵਿੱਚ ਵੀ ਲਗਪਗ ਇਹੋ ਜਿਹੇ ਅਰਥ ਮਿਲਦੇ ਹਨ। ਆਮ ਤੌਰ 'ਤੇ ਦਲਾਲ ਲਈ 'ਬਰੋਕਰ' ਸ਼ਬਦ ਵੀ ਪ੍ਰਚਲਤ ਹੈ। ਫਾਰਸੀ ਵਿੱਚ ਇਹਦੇ ਬਰਾਬਰ ਦਾ ਸ਼ਬਦ ਮੀਆਂ ਜਾਂ ਮੀਆਂ ਜੀ ਹੈ, ਜਿਸਦਾ ਅਰਥ ਵਿਚੋਲਾ ਹੈ। ਇਹਦੀ ਵਿਓਤਪਤੀ ਇੰਡੋ-ਇਰਾਨੀ ਪਰਿਵਾਰ ਦੀ ਭਾਸ਼ਾ ਅਵੇਸਤਾ ਦੇ 'ਮਦੀਆ' (ਸੰਸਕ੍ਰਿਤ ਮੱਧ) ਸ਼ਬਦ ਤੋਂ ਹੋਈ ਹੈ। ਦਲਾਲ ਸ਼ਬਦ ਅਰਬੀ ਦਾ ਹੈ। ਇਹਦੀ ਵਿਓਤਪਤੀ ਸੈਮੇਟਿਕ ਧਾਤੂ 'ਦ-ਲ-ਲ' (d-l-l) ਤੋਂ ਹੋਈ ਹੈ। ਭਾਵੇਂ ਇਸ ਧਾਤੂ ਦੀ ਅਰਥ ਸੱਤਾ ਵਿਸ਼ਾਲ ਹੈ, ਪਰ ਮੂਲ ਅਰਥ ਵਿਚੋਲਗੀ ਵਾਲਾ ਹੈ। ਦਲਾਲ ਦਾ ਅਰਥ ਛੋਟਾ ਕਾਰੋਬਾਰੀ, ਦੁਕਾਨਦਾਰ ਕੀਤਾ ਜਾਂਦਾ ਹੈ। ਰਿਟੇਲਰ ਜਾਂ ਖੁਦਰਾ ਵਪਾਰੀ ਅਸਲ ਵਿੱਚ ਵਸਤੂ ਤੇ ਖਰੀਦਦਾਰ ਦੀ ਵਿਚਲੀ ਕੜੀ ਹੈ।

ਅਰਬੀ ਵਿੱਚ ਨਿਲਾਮਕਰਤਾ ਨੂੰ ਵੀ ਦਲਾਲ ਕਿਹਾ ਜਾਂਦਾ ਹੈ, ਕਿਉਂਕਿ ਨਿਲਾਮੀ ਵਿੱਚੋਂ ਉਹਨੂੰ ਦਲਾਲੀ ਮਿਲਦੀ ਹੈ। ਮੋਟੇ ਤੌਰ 'ਤੇ ਦਲਾਲ ਇੱਕ ਏਜੰਟ ਵਾਂਗ ਵਿਕਰੇਤਾ ਤੇ ਖਰੀਦਦਾਰ ਨਾਲ ਸਬੰਧ ਜੋੜ ਕੇ ਕਮਿਸ਼ਨ ਲੈਂਦਾ ਹੈ। ਵਪਾਰਕ ਧੰਦਾ ਹੋਣ ਕਰਕੇ ਗੁਜਰਾਤ ਦੇ ਇੱਕ ਵੈਸ਼ ਸਮੁਦਾਏ ਵਿੱਚ ਦਲਾਲ ਉਪਨਾਮ ਪ੍ਰਚਲਤ ਹੈ। ਹਰਿਆਣੇ ਵਿੱਚ ਜਾਟਾਂ ਵਿੱਚ ਦਲਾਲ ਸਰਨੇਮ ਵੀ ਮਿਲਦਾ ਹੈ। ਪੰਜਾਬ ਵਿੱਚ ਦਲਾਲ ਗੋਤ ਵਾਚਕ ਨਾਂ ਹੈ। ਪਾਰਸੀਆਂ ਵਿੱਚ ਵਪਾਰਕ ਤੌਰ 'ਤੇ ਮਰਚੈਂਟ ਤੇ ਗੁਜਰਾਤੀਆਂ ਵਿੱਚ ਬਰੋਕਰ ਵੀ ਪ੍ਰਸਿਧ ਹੈ ਜਿਵੇਂ ਗੁਲਾਬ ਦਾਸ ਬਰੋਕਰ।

ਦਲਾਲੀ ਨੂੰ ਸਮਾਜ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ ਪਰ ਕਾਰੋਬਾਰੀ ਵਿਵਸਥਾ ਦਾ ਇਹ ਲਾਜ਼ਮੀ ਅੰਗ ਹੈ। ਅਰਬੀ ਵਿੱਚ ਵੀ ਇਹ ਉਚਤਾ ਦਾ ਵਾਚਕ ਨਹੀਂ, ਸ਼ਾਇਦ ਏਸੇ ਕਰਕੇ ਦਲਾਲ ਤੋਂ ਬਣਿਆ ਸ਼ਬਦ ਦੱਲਾ ਨੀਚਤਾ ਦਾ ਬੋਧਕ ਹੈ। ਦਲੀਲ ਸ਼ਬਦ ਦੀ ਵੀ ਇਸ ਨਾਲ ਸਕੀਰੀ ਹੈ। ਦਲੀਲ ਤਰਕ ਸ਼ਕਤੀ ਨਾਲ ਜੁੜਿਆ ਉਚਤਾ ਵਾਲਾ ਸ਼ਬਦ ਹੈ, ਏਸੇ ਧਾਤੂ ਨਾਲ ਸਬੰਧਤ ਇੱਕ ਹੋਰ ਧਾਤੂ 'ਦ-ਲ-ਯ' (d-l-y), ਜਿਸ ਤੋਂ ਬਣਿਆ ਦੱਲਾ ਇਸਦਾ ਇੱਕ ਅਰਥ ਗਾਈਡ, ਮਾਰਗਦਰਸ਼ਕ, ਸਲਾਹ ਦੇਣ ਵਾਲਾ, ਪਰਾਮਰਸ਼ਦਾਤਾ ਵੀ ਕੀਤਾ ਜਾਂਦਾ ਹੈ। ਇਸ ਅਰਥ ਵਿੱਚ ਦਲੀਲ ਦੇਣ ਵਾਲੇ ਦੇ 'ਦਲਾਲ' ਅਰਥ ਵੀ ਹਨ, ਇਸਦੇ ਸਗੋਤੀ ਸ਼ਬਦ ਵਿਚੋਲਾ ਜਾਂ ਵਿਚੋਲੀਆ 'ਤੇ ਨਿਗ੍ਹਾ ਮਾਰੀਏ ਤਾਂ ਇਹ 'ਵਿਚ+ਔਲੀਆ' ਤੋਂ ਬਣਿਆ ਹੈ। ਜਾਨ ਪਲੈਟਸ ਦੇ ਉਰਦੂ ਕਲਾਸੀਕਲ ਕੋਸ਼ ਅਨੁਸਾਰ- 'ਵਿਚ' ਸ਼ਬਦ ਬਣਿਆ ਹੈ ਸੰਸਕ੍ਰਿਤ ਦੇ 'ਵਿਅਚਸ' ਤੋਂ ਜਿਸਦਾ ਅਰਥ ਹੈ ਵਿਸਥਾਰ, ਭਾਗ, ਹਿੱਸਾ। ਮੋਨੀਅਰ ਵਿਲੀਅਮ ਮੋਨੀਅਰ ਤੇ ਆਪਟੇ ਨੇ ਇਹਦਾ ਸਬੰਧ 'ਵਿਅਚ੍' ਧਾਤੂ ਨਾਲ ਜੋੜਿਆ ਹੈ। ਆਪਟੇ ਨੇ ਇਹਦੇ ਅਰਥ ਠੱਗਣਾ, ਧੋਖਾ ਦੇਣਾ, ਚਾਲ ਚਲਣੀ ਆਦਿ ਕੀਤੇ ਹਨ ਜਦ ਕਿ ਵਿਲੀਅਮ ਮੋਨੀਅਰ ਨੇ ਇਹਦਾ ਅਰਥ ਵਿਸਥਾਰ ਕੀਤਾ ਹੈ। ਆਪਟੇ ਕੋਸ਼ ਵਿੱਚ 'ਵਿਅਚਸ' ਦੀ ਧਾਤੂ 'ਵਿਚ੍' ਹੈ ਜਿਸਦਾ ਭਾਵ ਹੈ- ਵੰਡਣਾ, ਕੱਟਣਾ, ਵੱਖ ਕਰਨਾ, ਵਿਚੋਲਾ ਵੀ ਰਿਸ਼ਤਿਆਂ ਨੂੰ ਜੋੜਨ ਤੋਂ ਪਹਿਲਾਂ ਦੋ ਧਿਰਾਂ ਤੋਂ ਤੋੜਦਾ ਵੀ ਹੈ। ਅੰਗਰੇਜ਼ੀ ਵਿੱਚ ਇਹਦੇ ਲਈ ਬਰੋਕਰ ਤੇ ਡੀਲਰ ਸ਼ਬਦ ਪ੍ਰਚਲਤ ਹਨ।

'ਦ ਚੈਂਬਰਜ਼ ਡਿਕਸ਼ਨਰੀ ਆਫ਼ ਐਟਮਾਲੌਜੀ' ਅਨੁਸਾਰ ਬਰੋਕਰ ਉਹ ਵਿਅਕਤੀ ਹੈ, ਜੋ ਸਟਾਕ ਖਰੀਦਦਾ ਤੇ ਵੇਚਦਾ ਹੈ। 1378 ਵਿੱਚ ਇਸ ਸ਼ਬਦ ਦੀ ਵਰਤੋਂ ਏਜੰਟ ਅਥਵਾ ਵਿਚੋਲੇ ਦੇ ਰੂਪ ਵਿੱਚ ਕੀਤੀ ਜਾਂਦੀ ਸੀ। ਇਸ ਤੋਂ ਪਹਿਲਾਂ 1260 ਵਿੱਚ ਇਹ ਸਰਨੇਮ ਸੀ ਤੇ ਐਂਗਲੋ-ਫਰੈਂਚ ਦੁਆਰਾ 'abrokur, brocour' ਦੇ ਰੂਪ ਵਿੱਚ ਇਹ ਆਗਤ ਸ਼ਬਦ ਵਜੋਂ ਲਿਆ ਗਿਆ ਹੈ, ਜਿਥੇ ਇਸਦਾ ਅਰਥ ਪ੍ਰਚੂਨ ਸ਼ਰਾਬ ਵਿਕਰੇਤਾ ਤੇ ਬਾਰ ਵਿੱਚ ਸ਼ਰਾਬ ਵਰਤਾਉਣ ਵਾਲੇ ਵਜੋਂ ਕੀਤਾ ਜਾਂਦਾ ਸੀ। ਪੁਰਾਤਨ ਉਤਰੀ ਫਰੈਂਚ ਵਿੱਚ 'brokeor' ਸ਼ਬਦ ਪ੍ਰਚਲਤ ਰਿਹਾ ਹੈ। ਇਸਦੇ ਨਾਲ ਜੁੜਵਾਂ ਸ਼ਬਤ 'deal' ਹੈ। 700 ਤੋਂ ਪਹਿਲਾਂ ਪੁਰਾਤਨ ਅੰਗਰੇਜ਼ੀ ਵਿੱਚ ਇਹ 'dael' ਪੁਰਾਣੀ ਸੈਕਸਨ 'ਮੱਧਕਾਲੀ ਡੱਚ ਤੇ ਅਧੁਨਿਕ ਡੱਚ ਵਿੱਚ 'deel' ਪ੍ਰਸਿੱਧ ਰਿਹਾ ਹੈ। Old Icelandic ਵਿੱਚ 'deild', ਗੋਥਿਕ ਵਿੱਚ 'dails', Old Slavic ਵਿੱਚ 'dēlū', ਪਰੋਟੋ- ਜਰਮੈਨਿਕ ਵਿੱਚ 'dailiz' ਤੇ ਇੰਡੋ-ਯੂਰਪੀਅਨ ਵਿੱਚ 'dāi' ਆਦਿ ਪ੍ਰਚਲਤ ਰਿਹਾ ਹੈ।

ਮੂਲ ਰੂਪ ਵਿੱਚ ਇਹਦਾ ਅਰਥ ਵੰਡ ਜਾਂ ਵੰਡਣ ਨਾਲ ਜੁੜਿਆ ਹੋਇਆ ਹੈ। 'dealer, dealing' ਸ਼ਬਦ ਏਸੇ ਤੋਂ ਬਣੇ ਹਨ। ਇਨ੍ਹਾਂ ਤੋਂ ਇਲਾਵਾ ਡੀਲ, ਸਟਾਕ ਡੀਲਰ, ਡੀਲਰਸ਼ਿਪ, ਸ਼ੇਅਰ ਬਰੋਕਰ, ਸਟਾਕਬਰੋਕਰ, ਸਟਾਕ ਐਕਸਚੈਂਜ, ਸਟਾਕਿਸਟ, ਸਟਾਕ ਮਾਰਕੀਟ ਵਰਗੇ ਸ਼ਬਦਾਂ ਨਾਲ ਇਹਦੀ ਸਕੀਰੀ ਹੈ। ਮੂਲ ਰੂਪ ਵਿੱਚ ਇਨ੍ਹਾਂ ਵਿੱਚ ਕਮਿਸ਼ਨ ਏਜੰਟ ਦੇ ਭਾਵ ਪਏ ਹਨ। ਇਨ੍ਹਾਂ ਸ਼ਬਦਾਂ ਦੀ ਮੂਲ ਧਾਤੂ ਨੂੰ ਵਿਚਾਰੀਏ ਤਾਂ ਇਸ ਵਿੱਚ ਅੰਸ਼, ਹਿੱਸਾ, ਭਾਗ, ਟੁਕੜਾ, ਕੱਟਣਾ, ਵਿਸਥਾਰ ਵਰਗੇ ਅਰਥ ਪਏ ਹਨ। ਵਪਾਰੀ ਵੀ ਜਦੋਂ ਕੋਈ ਵਸਤ ਖਰੀਦਦਾ ਹੈ ਤਾਂ ਫਿਰ ਉਹਨੂੰ ਕਈ ਹਿੱਸਿਆਂ ਵਿੱਚ ਵੰਡ ਕੇ ਵੇਚਦਾ ਹੈ ਤੇ ਹਰ ਵਿਕਰੀ ਵਿੱਚੋਂ ਕੁਝ ਹਿੱਸਾ ਆਪਣੇ ਕੋਲ ਰੱਖਦਾ ਹੈ।

ਪ੍ਰਚੂਨ ਲਈ ਖੁਦਰਾ ਸ਼ਬਦ ਪ੍ਰਚਲਤ ਹੈ। ਇਹ ਫਾਰਸੀ ਦਾ ਸ਼ਬਦ ਹੈ। ਫਾਰਸੀ ਕੋਸ਼ ਅਨੁਸਾਰ ਖੁਦਰਾ ਦਾ ਅਰਥ ਹੈ- ਆਪਣੇ ਲਈ, ਆਪਣੇ ਵਾਸਤੇ, ਆਪਣੇ ਆਪਨੂੰ। ਮੂਲ ਰੂਪ ਵਿੱਚ ਇਹ ਸੰਸਕ੍ਰਿਤ ਦੇ 'ਸ਼ੁਦਰ' ਦਾ ਰੂਪਾਂਤਰ ਹੈ, ਜਿਸਦਾ ਅਰਥ ਹੈ- ਬਹੁਤ ਛੋਟਾ ਹਿੱਸਾ, ਘੱਟ, ਤੁੱਛ, ਲਘੂ, ਟੋਟਾ ਆਦਿ। ਸ਼ੁਦਰ ਤੋਂ ਹੀ ਫਾਰਸੀ ਵਿੱਚ ਖੁਰਦ ਬਣਿਆ, ਜਿਸ ਵਿੱਚ ਇਹ ਸਾਰੇ ਭਾਵ ਹਨ। ਖੁਰਦਬੀਨ ਭਾਵ ਸੂਖਮਦਰਸ਼ੀ। ਫਾਰਸੀ ਦੇ ਖ਼ੁਰਦ ਤੋਂ ਹੀ ਖੁਦਰਾ ਸ਼ਬਦ ਬਣਿਆ ਹੈ। ਖੁਦਰਾ ਵਪਾਰੀ ਦਾ ਅਰਥ ਹੈ- ਛੋਟਾ ਪ੍ਰਚੂਨੀਆ, ਫੁਟਕਲ ਸਮਾਨ ਵੇਚਣ ਵਾਲਾ ਦੁਕਾਨਦਾਰ/ਵਪਾਰੀ; ਬਰੋਕਰ ਦਾ ਵੀ ਇਹੀ ਅਰਥ ਹੈ।

ਲੈਟਿਨ ਦੇ 'brucca' ਤੋਂ ਇਹਦੀ ਵਿਓਤਪਤੀ ਮੰਨੀ ਗਈ ਹੈ, ਜਿੱਥੇ ਇਸਦਾ ਅਰਥ ਤਿੱਖੀ ਸਲਾਈ, ਸਲਾਖ, ਛੇਕਣਾ, ਟੁਕੜੇ ਕਰਨਾ ਆਦਿ ਹੈ। ਇੱਕ ਹੋਰ ਮੱਤ ਅਨੁਸਾਰ ਬਰੋਕਰ ਸ਼ਬਦ ਸਪੈਨਿਸ਼ 'alboroque' ਦਾ ਰੂਪਾਂਤਰ ਹੈ। ਅਮੈਰਿਕਨ ਹੈਰੀਟੇਜ ਕੋਸ਼ ਅਨੁਸਾਰ ਇਹਦਾ ਅਰਥ ਕਿਸੇ ਵਪਾਰਕ ਸੌਦੇ ਤੋਂ ਹੋਣ ਵਾਲੇ ਲਾਭ ਕਰਕੇ ਖੁਸ਼ੀ ਵਿੱਚ ਹੋਣ ਵਾਲਾ ਜਲਸਾ ਹੈ ਜਾਂ ਇਸ ਮੌਕੇ 'ਤੇ ਸੌਦੇ ਦੇ ਨਮਿਤ ਦਿੱਤਾ ਜਾਣ ਵਾਲਾ ਤੋਹਫਾ ਹੈ। ਇਹਦੇ ਵਿੱਚ ਵੀ ਵਿਚੋਲਗੀ ਨਜ਼ਰ ਆਉਂਦੀ ਹੈ। ਤੋਹਫਾ ਪ੍ਰਾਪਤ ਕਰਨ ਵਾਲਾ ਦਲਾਲ ਜਾਂ ਬਰੋਕਰ ਹੈ। ਯੂਰਪ ਵਿੱਚ ਬਰੋਕਰ ਵਿੱਚ ਖੁਸ਼ੀ ਦੇ ਭਾਵ ਐਵੇਂ ਨਹੀਂ ਜੋੜੇ ਗਏ। ਅਰਬੀ ਵਿੱਚ ਸ਼ੁਭ ਜਾਂ ਮੰਗਲਕਾਮਨਾ ਦੇ ਭਾਵ ਪਹਿਲਾਂ ਹੀ ਇਸ ਵਿੱਚ ਮੌਜੂਦ ਹਨ।

ਸਪੈਨਿਸ਼ ਦਾ 'alboroque' ਅਸਲ ਵਿੱਚ ਅਰਬੀ ਮੂਲ ਦਾ ਸ਼ਬਦ ਹੈ। ਮੱਧਕਾਲ ਵਿੱਚ ਅਰਬਾਂ ਨੇ ਸਮੁੱਚੇ ਭੂਮੱਧਸਾਗਰ ਇਲਾਕੇ 'ਤੇ ਆਪਣਾ ਦਬਦਬਾ ਕਾਇਮ ਕਰ ਲਿਆ ਸੀ ਤੇ ਤਦੋਂ ਸਪੇਨ ਦਾ ਇੱਕ ਵੱਡਾ ਹਿੱਸਾ ਅਰਬਾਂ ਦੀ ਬਸਤੀ ਸੀ। ਸਪੇਨੀ ਭਾਸ਼ਾ ਤੇ ਸਭਿਆਚਾਰ 'ਤੇ ਅਰਬੀ ਪ੍ਰਭਾਵ ਬਹੁਤ ਗਹਿਰਾ ਹੈ। ਅਰਬੀ ਸ਼ਬਦ Al-baraka (Al-barack) ਸੈਮੇਟਿਕ ਧਾਤੂ 'b-r-k (ਬਾ-ਰਾ-ਕਾਫ)' ਤੋਂ ਬਣਿਆ ਹੈ ਜਿਸਦਾ ਅਰਥ ਹੈ- ਅਸ਼ੀਰਵਾਦ ਦੇਣਾ, ਪ੍ਰਸ਼ੰਸਾ ਕਰਨੀ, ਸ਼ੁਕਰਾਨਾ, ਰਿਣੀ ਹੋਣਾ। ਅਰਬੀ ਤੋਂ ਇਲਾਵਾ ਹਿਬਰੂ ਵਿੱਚ ਵੀ ਇਹੀ ਧਾਤੂ ਹੈ। Al-baraka ਵਿੱਚ ਵੀ ਇਹੀ ਭਾਵ ਹਨ। ਖੁਸ਼ਹਾਲੀ, ਸਮਰਿਧੀ, ਨੌਨਿਧਾਂ ਦੀ ਪ੍ਰਾਪਤੀ ਲਈ ਅਕਸਰ ਬਰਕਤ ਸ਼ਬਦ ਵਰਤਿਆ ਜਾਂਦਾ ਹੈ, ਸ਼ੁਭ ਮੌਕਿਆਂ 'ਤੇ ਸ਼ੁਭ ਕਾਮਨਾਵਾਂ ਦੇਣ ਲਈ ਮੁਬਾਰਕ ਜਾਂ ਮੁਬਾਰਕਬਾਦ ਸ਼ਬਦ ਵਰਤਿਆ ਜਾਂਦਾ ਹੈ। ਇਹ ਮੁਬਾਰਕ ਏਸੇ ਮੂਲ ਦਾ ਹੈ। ਬਰਾਕ ਨਾਲ 'ਮੁ' ਅਗੇਤਰ ਲਾ ਕੇ ਬਣਾਇਆ ਗਿਆ ਹੈ। ਬਰਾਕ ਦਾ ਅਰਥ ਹੈ- ਸ਼ਕਤੀਸ਼ਾਲੀ, ਵਿਸ਼ਿਸ਼ਟ, ਮੰਗਲਮਈ, ਸੰਪੰਨ ਆਦਿ। ਅਲ-ਬਰਾਕ ਤੋਂ ਰੁਪਾਂਤ੍ਰਿਤ ਹੋ ਕੇ ਬਰੋਕਰ ਸ਼ਬਦ ਬਣਿਆ ਹੈ। ਡੀਲ ਜਾਂ ਡੀਲਰ ਇਹਦਾ ਸਗੋਤੀ ਸ਼ਬਦ ਹੈ। ਇਹਦੀ ਤੁਲਨਾ ਸੰਸਕ੍ਰਿਤ ਦੇ 'ਦਲਮ੍' ਸ਼ਬਦ ਨਾਲ ਕੀਤੀ ਜਾ ਸਕਦੀ ਹੈ। ਦਲ ਵਿੱਚ ਵੰਡਣ, ਤੋੜਨ ਦਾ ਭਾਵ ਹੈ, ਕਿਸੇ ਵਸਤੂ ਨੂੰ ਮਹੀਨ ਕਰਨਾ, ਖੰਡ ਖੰਡ ਕਰਨਾ, ਪੀਸਣਾ, ਤੋੜਨਾ, ਚੂਰ ਚੂਰ ਕਰਨਾ; ਦਲਣਾ ਜਾਂ ਦਲਾਈ ਤੋਂ ਭਾਵ ਹੈ- ਪੀਹਣਾ; ਦਲਣ ਤੋਂ ਭਾਵ ਹੈ ਪੀਹਣਾ, ਦੋਫਾੜ ਕਰਨਾ, ਫੇਹਣਾ, ਕੁਚਲਣਾ, ਪਾੜਨਾ, ਟੁਕੜੇ ਕਰਨਾ। ਦਲ ਤੋਂ ਕਈ ਸ਼ਬਦ ਬਣੇ ਹਨ- ਦਲਿਤ, ਦਲਣਾ, ਦਲੀਆ, ਦਲਗਤ, ਦਲੀ, ਦਲ ਬਦਲ। ਦਲਪਤੀ ਦਾ ਭਾਵ ਹੈ- ਕਿਸੇ ਸਮੂਹ ਜਾਂ ਧੜੇ ਦਾ ਸੁਆਮੀ। ਦਲਿਤ ਦਾ ਅਰਥ ਦਲਿਆ ਹੋਇਆ, ਕੁਚਲਿਆ ਹੋਇਆ, ਹੀਣੀ ਜਾਤ ਵਾਲਾ ਜੋ ਉਚੀ ਜਾਤੀ ਤੋਂ ਪੈਰਾਂ ਹੇਠ ਦਲਿਆ ਗਿਆ, ਵਿਪਦਾ ਮਾਰਿਆ।

ਇਸ ਤਰ੍ਹਾਂ ਸਪਸ਼ਟ ਹੈ ਕਿ ਦਲਾਲ, ਦਲਾਲੀ, ਦੱਲਾ ਸ਼ਬਦ ਦਾ ਇੱਕ ਵੱਡਾ ਕੁਨਬਾ ਹੈ, ਜੋ ਕਈ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

## ਨਜ਼ਰੀਆ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



# ਕਾਮਸੂਤਰ: ਇੱਕ ਵਿਲੱਖਣ ਸੱਭਿਆਚਾਰਕ ਰਚਨਾ

ਕਾਮਸੂਤਰ ਰਿਸ਼ੀ ਵਾਤਸਾਯਨ ਦੀ ਸੰਸਕ੍ਰਿਤ 'ਚ ਲਿਖੀਆਂ ਰਚਨਾਵਾਂ ਦਾ ਇੱਕ ਸੰਗ੍ਰਹਿ ਹੈ, ਜਿਸ ਨੂੰ ਕੋਕਸ਼ਾਸ਼ਤਰ ਜਾਂ ਕਾਮਸ਼ਾਸ਼ਤਰ ਵੀ ਕਿਹਾ ਜਾਂਦਾ ਹੈ। ਪੱਛਮੀ ਜਗਤ ਵਿੱਚ ਇਸ ਨੂੰ ਇੱਕ ਕਾਮਿਕ ਸਾਹਿਤ ਵਜੋਂ ਵੇਖਿਆ ਗਿਆ ਹੈ। ਭਾਰਤ ਵਿੱਚ ਬਹੁਤ ਸਾਰੇ ਲੋਕ ਇਸ ਨੂੰ ਮਹਿਜ਼ ਸਰੀਰਕ ਸਬੰਧਾਂ ਬਾਰੇ ਦੱਸਣ ਵਾਲੀ ਕਿਤਾਬ ਹੀ ਸਮਝਦੇ ਹਨ। ਆਧੁਨਿਕ ਧਰਮਾਂ ਮੁਤਾਬਕ 'ਸਰੀਰ ਇੱਕ ਨਾਸ਼ਵਾਨ ਹੈ, ਸਰੀਰਕ ਸੁੱਖ ਵਿਅਰਥ ਹੈ ਅਤੇ ਇਸ ਦੀ ਇੱਛਾ ਇੱਕ ਪਾਪ ਹੈ। ਸੈਕਸ ਦਾ ਇੱਕੋ ਉਦੇਸ਼ ਬੱਚੇ ਪੈਦਾ ਕਰਨਾ ਹੋਣਾ ਚਾਹੀਦਾ ਹੈ।' ਇਸ ਧਾਰਨਾ ਦੇ ਉਲਟ ਪ੍ਰਾਚੀਨ ਭਾਰਤੀ ਰਿਸ਼ੀ ਵਾਤਸਯਾਨ ਗੰਗਾ ਕੰਢੇ ਬੈਠੇ ਕਾਮਸੂਤਰ ਵਰਗੇ ਗ੍ਰੰਥ ਦੀ ਰਚਨਾ ਕਰ ਸਕਦੇ ਸਨ ਅਤੇ ਉਨ੍ਹਾਂ ਨੇ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਸਰੀਰਕ ਸੁੱਖ ਚੰਗੀ ਚੀਜ਼ ਹੈ ਅਤੇ ਇਸ ਨੂੰ ਕਿਵੇਂ ਸਹੀ ਢੰਗ ਨਾਲ ਹਾਸਲ ਕੀਤਾ ਜਾ ਸਕਦਾ ਹੈ। ਲੱਗਦਾ ਹੈ, 'ਕਾਮਸੂਤਰ' ਕਿਤਾਬ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਗਿਆ ਜਾਂ ਗਲਤ ਸਮਝਿਆ ਗਿਆ ਹੈ। ਜੇ ਇਸ ਕਿਤਾਬ ਦੀ ਬਣਤਰ ਅਤੇ ਸਮੱਗਰੀ ਨੂੰ ਡੂੰਘਾਈ ਨਾਲ ਸਮਝੀਏ ਤਾਂ ਕਾਮਸੂਤਰ ਬਾਰੇ ਸਾਡੀਆਂ ਗਲਤ ਧਾਰਨਾਵਾਂ ਦੂਰ ਹੋ ਸਕਦੀਆਂ ਹਨ। ਬੀ.ਬੀ.ਸੀ. ਪੰਜਾਬੀ ਨੇ ਇਸ ਬਾਰੇ ਖੋਜ ਕੀਤੀ ਹੈ।

ਖੋਜੀ ਵਿਦਵਾਨਾਂ ਦੀ ਰਾਇ ਹੈ ਕਿ ਕਾਮਸੂਤਰ ਕਿਤਾਬ ਤੀਜੀ ਜਾਂ ਚੌਥੀ ਸਦੀ ਈਸਾ ਪੂਰਵ ਵਿੱਚ ਲਿਖੀ ਗਈ ਸੀ, ਪਰ ਰਚਨਾਕਾਲ ਬਾਰੇ ਸਹੀ ਜਾਣਕਾਰੀ ਉਪਲਬੱਧ ਨਹੀਂ ਹੈ। ਅਸਲ ਵਿੱਚ ਇਹ ਇੱਕ ਕਿਤਾਬ ਨਹੀਂ, ਸਗੋਂ ਸੱਤ ਕਿਤਾਬਾਂ ਦਾ ਸੰਗ੍ਰਹਿ ਹੈ, ਜਿਸ ਦੇ 64 ਭਾਗ, 36 ਅਧਿਆਏ ਅਤੇ 1250 ਆਇਤਾਂ/ਸਲੋਕ ਹਨ, ਜੋ ਕਵਿਤਾ ਅਤੇ ਗਲਪ ਦਾ ਮਿਸ਼ਰਣ ਹੈ। ਵਿਦਵਾਨਾਂ ਅਨੁਸਾਰ ਕਾਮਸੂਤਰ ਦੀਆਂ ਸੱਤ ਕਿਤਾਬਾਂ ਦੇ ਸੰਗ੍ਰਹਿ ਵਿੱਚ ਪਹਿਲੀ ਕਿਤਾਬ ਚੰਗੀ ਜ਼ਿੰਦਗੀ ਜਿਉਣ ਬਾਰੇ ਹੈ। ਇਹ ਧਰਮ, ਨੈਤਿਕ ਕਦਰਾਂ-ਕੀਮਤਾਂ, ਆਰਥਿਕ ਕਦਰਾਂ-ਕੀਮਤਾਂ, ਕਾਮ, ਭੌਤਿਕ ਮੁੱਲ ਅਤੇ ਸੈਕਸ ਬਾਰੇ ਗੱਲ ਕਰਦੀ ਹੈ, ਜਦਕਿ ਦੂਜੀ ਕਿਤਾਬ ਕਾਮ ਦੀ ਖੇਡ ਅਤੇ ਸੰਭੋਗ ਦੇ ਆਸਣਾਂ ਬਾਰੇ ਹੈ। ਸੱਤ ਕਿਤਾਬਾਂ ਦੇ ਸੰਗ੍ਰਹਿ ਦੀ ਇੱਕ ਹੋਰ ਕਿਤਾਬ ਘਰ ਦੀ ਸਜਾਵਟ ਅਤੇ ਵਾਸਤੂਕਲਾ ਬਾਰੇ ਵੀ ਹੈ। ਕਿਤਾਬ ਦੱਸਦੀ ਹੈ ਕਿ ਤੁਸੀਂ ਕਾਮ ਅਤੇ ਖੁਸ਼ੀ ਦੀ ਭਾਵਨਾ ਵਧਾਉਣ ਲਈ ਕਿਸੇ ਥਾਂ ਨੂੰ ਕਿਵੇਂ ਬਣਾ/ਸਜਾ ਸਕਦੇ ਹੋ। ਕਾਮਸੂਤਰ ਵਿੱਚਲੀ ਇੱਕ ਹੋਰ ਕਿਤਾਬ ਵਿੱਚ ਭਾਂਤ-ਭਾਂਤ ਦੀਆਂ ਔਰਤਾਂ ਦਾ ਜ਼ਿਕਰ ਕੀਤਾ ਗਿਆ ਹੈ। ਰਿਸ਼ੀ ਵਾਤਸਯਾਨ ਵੱਲੋਂ ਇਸਤਰੀ-ਪੁਰਸ਼ ਦੇ ਸਰੀਰਕ ਸਬੰਧਾਂ ਦੇ ਨਾਲ ਨਾਲ ਉਨ੍ਹਾਂ ਦੇ ਪਿਆਰ ਤੇ ਭਾਵਨਾਤਮਕ ਰਿਸ਼ਤਿਆਂ ਬਾਰੇ ਵੀ ਟਿੱਪਣੀ ਕੀਤੀ ਗਈ ਹੈ ਅਤੇ ਸਰੀਰਕ ਸਬੰਧਾਂ ਬਾਰੇ ਗਲਤ ਧਾਰਨਾਵਾਂ ਨੂੰ ਰੱਦ ਕੀਤਾ ਗਿਆ ਹੈ। ਉਸ ਅਨੁਸਾਰ ਸੈਕਸ ਮਰਦ ਅਤੇ ਔਰਤ- ਦੋਹਾਂ ਦੀ ਇੱਕ ਸਰੀਰਕ ਲੋੜ ਹੈ, ਪਰ ਇਸ ਬਾਰੇ ਦੋਹਾਂ ਦੀਆਂ ਭਾਵਨਾਵਾਂ, ਕਿਰਿਆਵਾਂ, ਪ੍ਰਤੀਕਰਮ ਅਤੇ ਕਾਮੁਕਤਾ ਦੇ ਸਰੋਤ ਵੱਖਰੇ ਹੋ ਸਕਦੇ ਹਨ।

ਵਾਤਸਯਾਨ ਅਨੁਸਾਰ ਪੁਰਸ਼ਾਂ ਦੀ ਸਰੀਰਕ ਇੱਛਾ ਅੱਗ ਵਰਗੀ ਹੈ, ਜੋ ਜਣਨ ਅੰਗਾਂ ਤੋਂ ਸ਼ੁਰੂ ਹੋ ਕੇ ਸਿਰ ਤੱਕ ਜਾਂਦੀ ਹੈ। ਅੱਗ ਵਾਂਗ ਆਸਾਨੀ ਨਾਲ ਬੱਲਦੀ ਹੈ, ਤੇਜੀ ਨਾਲ ਫੈਲਦੀ ਹੈ ਅਤੇ ਜਲਦੀ ਬੁਝ ਵੀ ਜਾਂਦੀ ਹੈ। ਇਸ ਦੇ ਉਲਟ ਔਰਤ ਦੀ ਕਾਮ-ਇੱਛਾ ਪਾਣੀ ਦੀ ਨਿਆਂਈ ਹੈ, ਜਿਸ ਨੂੰ ਜਗਾਉਣ ਅਤੇ ਉੱਤਰਨ ਵਿੱਚ ਵੀ ਸਮਾਂ ਲੱਗਦਾ ਹੈ। ਵਾਤਸਯਾਨ ਨੇ ਇਸਤਰੀ-ਪੁਰਸ਼ ਦੇ ਸਰੀਰਕ ਸਬੰਧਾਂ ਦੇ ਨਾਲ ਨਾਲ ਉਨ੍ਹਾਂ ਦੇ ਪਿਆਰ ਅਤੇ ਭਾਵਨਾਤਮਕ ਰਿਸ਼ਤਿਆਂ ਬਾਰੇ ਵੀ ਟਿੱਪਣੀ ਕੀਤੀ ਹੈ ਕਿ ਉਹ ਪਿਆਰ ਵਿੱਚ ਹੋਣ ਅਤੇ ਲੜਨ ਦੀਆਂ ਗੱਲਾਂ ਵੀ ਕਰਦੇ ਹਨ। ਰਿਸ਼ਤਿਆਂ ਵਿੱਚ ਰੋਮਾਂਚ ਅਤੇ ਤਾਜ਼ਗੀ ਬਰਕਰਾਰ ਰੱਖਣ ਲਈ ਦੋਹਾਂ ਵਿੱਚ ਲੜਨਾ ਵੀ ਜ਼ਰੂਰੀ ਹੈ। ਜੇ ਦੋਹਾਂ ਵਿੱਚ ਪਿਆਰ ਨਹੀਂ ਤਾਂ ਲੜਾਈ ਭਿਆਨਕ ਵੀ ਹੋ ਸਕਦੀ ਹੈ। ਤੀਸਰਾ ਲਿੰਗ ਜਾਂ ਟਰਾਂਸਜੈਂਡਰ (ਹੀਜੜਾ) ਲੋਕਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜੋ ਮਰਦ ਅਤੇ ਔਰਤ ਹੋ ਸਕਦੇ ਹਨ, ਪਰ ਉਨ੍ਹਾਂ ਦੇ ਜਣਨ ਅੰਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦੇ। ਇਸੇ ਤਰ੍ਹਾਂ ਨਿਪੁੰਸਕਤਾ (ਸਰੀਰਕ ਸਬੰਧ ਬਣਾਉਣ ਵਿੱਚ ਅਸਮਰਥਾ) ਮਰਦ ਅਤੇ ਔਰਤ ਦੋਹਾਂ ਵਿੱਚ ਹੋ ਸਕਦੀ ਹੈ।

ਪ੍ਰਾਚੀਨ ਵੈਦਿਕ ਭਾਰਤ ਵਿੱਚ ਟਰਾਂਸਜੈਂਡਰ ਲੋਕਾਂ ਨੂੰ ਸਮਾਜ ਤੋਂ ਆਪਣੀ ਪਛਾਣ ਛੁਪਾਉਣ ਦੀ ਲੋੜ ਨਹੀਂ ਸੀ, ਸਗੋਂ ਉਨ੍ਹਾਂ ਦੀ ਪਛਾਣ ਨੂੰ ਸਵਿਕਾਰਿਆ ਗਿਆ ਸੀ ਅਤੇ ਰਾਜ ਦਰਬਾਰੇ ਵੀ ਮਾਨਤਾ ਦਿੱਤੀ ਗਈ ਸੀ। ਇਹ ਵੱਖਰੀ ਗੱਲ ਹੈ ਕਿ ਅਜੋਕੇ ਸਮਾਜ ਵਿੱਚ ਸਮਲਿੰਗਤਾ ਨੂੰ ਸਵਿਕਾਰ ਕਰਨ ਬਾਰੇ ਅਜੇ ਵੀ ਬਹੁਤੀ ਖੁੱਲ੍ਹ ਨਹੀਂ ਹੈ। ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਸਮਲਿੰਗਤਾ ਸਵੀਕਾਰੇ ਜਾਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਕਾਮਸੂਤਰ ਵਿੱਚ ਵੀ ਤੀਜੀ ਪ੍ਰਕਿਰਤੀ ਸ਼ਬਦ ਦੀ ਵਰਤੋਂ ਟਰਾਂਸਜੈਂਡਰ ਲਈ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਪਹਿਰਾਵੇ ਵਿੱਚ ਵੀ ਬਹੁਤੀ ਵਿਲੱਖਣਤਾ ਨਹੀਂ ਸੀ।

ਵਿਡੰਬਨਾ ਹੈ ਕਿ ਭਾਰਤੀ ਗ੍ਰੰਥਾਂ ਵਿੱਚ ਲਿੰਗ ਅਤੇ ਲਿੰਗਕ ਵਖਰੇਵਿਆਂ ਦਾ ਸਥਾਨ ਹੋਣ ਅਤੇ ਭਾਰਤ ਦੇ ਲੋਕ ਇਸ ਨੂੰ ਸਮਝਦੇ ਹੋਣ ਦੇ ਬਾਵਜੂਦ ਕਾਮਸੂਤਰ ਤੇ ਤੀਜੇ ਲਿੰਗ ਬਾਰੇ ਗਲਤ ਧਾਰਨਾਵਾਂ ਕਿਉਂ ਪੈਦਾ ਹੋਈਆਂ? ਜਦੋਂ ਅੰਗਰੇਜ਼ ਭਾਰਤ ਆਏ ਤਾਂ ਇਸ ਬਾਰੇ ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਸੀ ਕਿ ਮਰਦ ਔਰਤਾਂ ਵਾਲੇ ਤੇ ਔਰਤ ਮਰਦਾਂ ਵਾਲੇ ਕੱਪੜੇ ਕਿਵੇਂ ਪਾ ਸਕਦੇ ਹਨ ਅਤੇ ਟਰਾਂਸਜੈਂਡਰ ਆਮ ਵਿਅਕਤੀਆਂ ਵਾਂਗ ਨਹੀਂ ਹਨ! ਇਸ ਨੂੰ ਰੋਕਣ ਲਈ ਅੰਗਰੇਜ਼ਾਂ ਨੇ ਟਰਾਂਸਜੈਂਡਰਾਂ ਜਾਂ ਹਿਜੜਿਆਂ ਨੂੰ 'ਜ਼ਰਾਇਮ ਪੇਸ਼ਾ ਕਬੀਲਾ ਐਕਟ' ਪਾਸ ਕਰਕੇ ਵਿਵਸਥਾ ਕੀਤੀ ਗਈ ਕਿ ਜੇ ਕੋਈ ਵਿਅਕਤੀ ਜਨਤਕ ਤੌਰ 'ਤੇ ਆਪਣੇ ਲਿੰਗ ਅਨੁਸਾਰ ਕੱਪੜੇ ਨਹੀਂ ਪਾਉਂਦਾ ਤਾਂ ਉਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਹ ਵਿਵਸਥਾ ਆਉਣ ਵਾਲੇ ਸਮੇਂ ਵਿੱਚ ਇੱਕ ਮਿਸਾਲ ਬਣ ਗਈ।

ਅੰਗਰੇਜ਼ਾਂ ਨੇ ਹਰ ਉਸ ਚੀਜ਼ ਦਾ ਅਪਰਾਧੀਕਰਨ ਕੀਤਾ, ਜੋ ਪ੍ਰਜਣਨ ਲਈ ਤਿਆਰ ਕੀਤੀ ਗਈ ਲਿੰਗਕਤਾ ਦੇ ਢਾਂਚੇ ਦੇ ਅੰਦਰ ਫਿੱਟ ਨਹੀਂ ਬੈਠਦੀ ਸੀ, ਪਰ ਉਹ ਭੁੱਲ ਗਏ ਕਿ ਪ੍ਰਾਚੀਨ ਭਾਰਤ ਵਿੱਚ ਲਿੰਗਕਤਾ ਪ੍ਰਤੀ ਉਦਾਰਵਾਦੀ ਦ੍ਰਿਸ਼ਟੀਕੋਣ ਹੈ। ਸਿਰਫ ਕਾਮਸੂਤਰ ਜਾਂ ਮੰਦਰਾਂ ਵਿਚਲੀਆਂ ਪ੍ਰਾਚੀਨ ਮੂਰਤੀਆਂ ਵਿੱਚ ਹੀ ਨਹੀਂ, ਸਗੋਂ ਕਈ ਹਿੰਦੂ ਗ੍ਰੰਥਾਂ ਅਤੇ ਸਾਹਿਤ ਵਿੱਚ ਵੀ ਸੈਕਸ ਜੀਵਨ ਅਤੇ ਲਿੰਗਕਤਾ ਬਾਰੇ ਕਈ ਗੱਲਾਂ ਹਨ। ਕਾਂਚੀਪੁਰਮ, ਖੁਜਰਾਹੋਂ ਵਰਗੇ ਮੰਦਰਾਂ ਦੀਆਂ ਕੰਧਾਂ 'ਤੇ ਸਮਲਿੰਗੀ ਸੈਕਸ ਦੀਆਂ ਤਸਵੀਰਾਂ ਹਨ, ਜੋ ਔਰਤਾਂ ਨੂੰ ਇੱਕ ਦੂਜੇ ਦੇ ਭਾਵੁਕ ਸੰਪਰਕ ਵਿੱਚ ਦਰਸਾਉਂਦੀਆਂ ਹਨ। ਇਹ ਕੇਵਲ ਕਾਮ ਦੀ ਕਲਾ ਨਹੀਂ, ਸਗੋਂ ਸਮੁੱਚੇ ਤੌਰ 'ਤੇ ਮਨੁੱਖੀ ਜੀਵਨ ਦਾ ਇੱਕ ਮਹੱਤਵਪੂਰਣ ਹਿੱਸਾ ਜਾਪਦੀਆਂ ਹਨ ਅਤੇ ਜੀਵਨ ਦੇ ਰਹੱਸ ਨੂੰ ਖੋਲ੍ਹਣ ਦੀ ਕੋਸ਼ਿਸ਼ ਹੈ।

ਕਾਲੀਦਾਸ ਦੀ ਰਚਨਾ 'ਕੁਮਾਰਸੰਭਵ' ਅਤੇ ਜੈਦੇਵ ਦੀ 'ਗੀਤ ਗੋਵਿੰਦਾ' ਆਦਿ ਵਰਗੀਆਂ ਸਾਹਿਤਕ ਰਚਨਾਵਾਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਮਰਦ ਅਤੇ ਔਰਤ-ਦੋਵੇਂ ਬੱਚੇ ਪੈਦਾ ਕਰਨ ਦੇ ਇਰਾਦੇ ਨਾਲ ਸੰਭੋਗ ਕਰਦੇ ਹਨ, ਪਰ ਲਿੰਗ ਦੀ ਵਿਆਖਿਆ ਇਸ ਤੋਂ ਕਿਤੇ ਅੱਗੇ ਜਾ ਸਕਦੀ ਹੈ। ਰਿਸ਼ੀ ਵਾਤਸਯਾਨ ਨੇ ਕਾਮਸੂਤਰ ਸੰਗ੍ਰਹਿ ਲਿਖ ਕੇ ਉਸ ਸਮੇਂ ਦੀ ਭਾਰਤੀ ਸੱਭਿਅਤਾ ਦੀ ਪ੍ਰਤੀਨਿਧਤਾ ਕੀਤੀ ਹੈ, ਉਹ ਸੱਭਿਅਤਾ ਜੋ ਅਧਿਆਤਮਿਕਤਾ ਅਤੇ ਕਾਮੁਕਤਾ ਦਾ ਸੁਮੇਲ ਰਹੀ ਸੀ। ਕਾਮਸੂਤਰਾ ਦਾ ਅੰਗਰੇਜ਼ੀ ਭਾਸ਼ਾ ਵਿੱਚ ਤਰਜਮਾ ਰਿਚਰਡ ਬਰਟਨ ਦੁਆਰਾ 1883 ਵਿੱਚ ਨਿੱਜੀ ਤੌਰ 'ਤੇ ਪ੍ਰਕਾਸ਼ਿਤ ਕੀਤਾ ਗਿਆ, ਪਰ ਇਸ ਨੂੰ 1963 ਤੱਕ ਇੰਗਲੈਂਡ ਅਤੇ ਅਮਰੀਕਾ ਵਿੱਚ ਪ੍ਰਕਾਸ਼ਿਤ ਕਰਨਾ ਗੈਰ-ਕਾਨੂੰਨੀ ਸੀ। ਮੁਗਲ ਸਾਮਰਾਜ ਵੇਲੇ ਕਾਮਸੂਤਰ ਦੇ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ। ਸਾਲ 1961 ਵਿੱਚ ਐਸ.ਸੀ. ਉਪਾਧਿਆਏ ਨੇ ਵਾਤਸਯਾਨ ਦੇ ਕਾਮਸੂਤਰ ਦਾ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਪ੍ਰਕਾਸ਼ਿਤ ਕੀਤਾ।

ਖੋਜਕਾਰਾਂ ਦਾ ਮੰਨਣਾ ਹੈ ਕਿ ਵਾਤਸਯਾਨ ਦਾ ਕਾਮਸੂਤਰ ਸੈਕਸ ਪੁਜੀਸ਼ਨਾਂ ਅਤੇ ਇੱਕ ਸੈਕਸ ਮੈਨੂਅਲ ਨਾ ਹੋ ਕੇ ਚੰਗੀ ਤਰ੍ਹਾਂ ਰਹਿਣ ਦੀ ਕਲਾ, ਪਿਆਰ ਦੀ ਪ੍ਰਕਿਰਤੀ, ਜੀਵਨ ਸਾਥੀ ਲੱਭਣਾ, ਪਿਆਰ ਨੂੰ ਜ਼ਿੰਦਗੀ ਵਿੱਚ ਬਣਾਈ ਰੱਖਣਾ ਅਤੇ ਵਿਆਹੁਤਾ ਜੀਵਨ ਨੂੰ ਅਨੰਦਦਾਈ ਤੇ ਸੰਤੁਸ਼ਟੀ ਜਿਉਣ ਲਈ ਇੱਕ ਮਾਰਗਦਰਸ਼ਨ ਹੈ।


F.I.A
FEDERATION OF INDIAN ASSOCIATIONS® CHICAGO, IL
FEDERATION OF INDIAN ASSOCIATIONS
FIA CHICAGO 501 (C)(3) IL
JRP
J R PRODUCTION
NATIONAL PROMOTER
PRESENTS
MOHD RAFI
HAPPY REPUBLIC 75TH DAY
28 January 2024
CELEBRATING RAFI SAHAB'S LEGACY OF HEARTFELT ROMANCE & SOULFUL MELODIES
SHAHID RAFI
MOHD SALAMAT
PRIYANKA MITRA
NASIRR KHAN
NEELANJANA RAY
SAMMY M
GAUTAMI ROY
PRAKHAR GHOSH
$149 ( VIP ) - $249 ( VVIP )
$499 ( ELITE ) - DINNER WITH MEET & GREET
GENERAL ADMISSION: $49, $79 & $99
VENUE:
THE MATRIX CLUB
808 South Route 59, Naperville, IL 60540
06:00 PM
TICKETS AVAILABLE AT:
Sulekha
eventbrite
FIA SCHOLARSHIP FUND GIVING
FOR TICKETS AND SPONSORSHIP CONTACT
SUNIL SHAH 847-309-4462
VINITA GULABANI 630-915-0658
NEIL KHOT 847-340-0123
PRATIBHA JAIRATH 630-222-1248
ALTAF BUKHARI 847-704-2927
MANOJ RATHOD 630-648-9053
GAURAV TUTEJA 352-226-1319
OUR PROUD SPONSORS
INDIACO
MAFS metropolitan asian family services
PINKY & DINESH THAKKAR
HMSI MORTGAGE SPECIALISTS
Jay Bhavani Since 1998
HONEST
Now Offering LIVE Catering
CORE EXTERIORS
OROCHEM Molecular Purification by Design
POWERVOLT
RGL
Crossroads Animal Hospital
DR. BHUPINDER BERI - 815-609-5444
SHREE
CHICAGO CARDIOLOGY INSTITUTE
DELY SERVICES
Ameriprise Financial
NUMARK CREDIT UNION
STANDARD HOME CARE
ReliaCare
SUGA BUILDERS & CONSTRUCTION
COMMERCIAL & RESIDENTIAL
Vinni's Salon & Spa
SUNIL SHAH (847) 309 4462
VINAKOM
SSS ENTERTAINMENT RITA SHAH
AARUSH ENTERTAINMENT
A.B. Entertainment
Vidya Jyoti
PRANACARE PHARMACY
MANISH & SHAILJA GANDHI
HOLLYBOLLY UNLIMITED
OUTLAND MEDIA
MARKETING & MEDIA PARTNER

# ਇਟਲੀ ਨਾਲ ਸਦੀਆਂ ਪੁਰਾਣੀ ਸਾਂਝ ਰੱਖਦੇ ਹਨ ਪੰਜਾਬੀ

**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਇਟਲੀ ਨਾਲ ਵੀ ਪੰਜਾਬੀਆਂ ਦੀ ਸਦੀਆਂ ਪੁਰਾਣੀ ਸਾਂਝ ਹੈ। ਕਿਸੇ ਵੇਲੇ ਤਾਂ ਪੰਜਾਬ ਦੀ ਭਵਨ ਕਲਾ 'ਤੇ ਇਟਲੀ ਦੀ ਭਵਨ ਕਲਾ ਦਾ ਚੋਖਾ ਪ੍ਰਭਾਵ ਪਿਆ ਸੀ। ਇਟਲੀ ਵਿੱਚ ਪੰਜਾਬੀ ਖੇਤੀ ਕਾਮਿਆਂ ਨੇ ਸ਼ੋਸ਼ਣ ਵੀ ਹੰਢਾਇਆ ਹੈ, ਪਰ ਵਪਾਰਕ ਪੱਖ ਤੋਂ ਇਟਲੀ ਦੀ ਤਰੱਕੀ ਵਿੱਚ ਪੰਜਾਬੀਆਂ ਦਾ ਯੋਗਦਾਨ ਅਹਿਮ ਹੈ। ਦੁਨੀਆ ਭਰ ਵਿੱਚ ਮਸ਼ਹੂਰ 'ਮੋਜ਼ਰਿਲਾ ਚੀਜ਼' ਸਣੇ ਪਨੀਰ ਦੀਆਂ ਵੱਖ-ਵੱਖ ਕਿਸਮਾਂ ਪੰਜਾਬੀਆਂ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਹਨ।**

**ਬੋਲਦੇ ਪੰਨੇ**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008



ਇਟਲੀ ਨਾਲ ਪੰਜਾਬੀਆਂ ਦੀ ਸਾਂਝ ਤਿੰਨ ਸੌ ਸਾਲ ਤੋਂ ਵੀ ਵੱਧ ਪੁਰਾਣੀ ਕਹੀ ਜਾ ਸਕਦੀ ਹੈ ਤੇ ਬੜੇ ਘੱਟ ਲੋਕ ਜਾਣਦੇ ਹਨ ਕਿ ਇਟਲੀ ਵਿੱਚ ਪੰਜਾਬੀ ਸਿੱਖਾਂ ਦੀ ਗਿਣਤੀ ਸਵਾ ਦੋ ਲੱਖ ਦੇ ਕਰੀਬ ਹੈ। ਇਹ ਸੰਖਿਆ ਯੂਰਪ ਦੇ ਕਿਸੇ ਵੀ ਦੇਸ਼ ਵਿੱਚ ਵੱਸਦੇ ਪੰਜਾਬੀਆਂ ਦੀ ਦੂਜੀ ਸਭ ਤੋਂ ਵੱਡੀ ਸੰਖਿਆ ਹੈ, ਜਦਕਿ ਯੂ.ਕੇ. 5 ਲੱਖ 25 ਹਜ਼ਾਰ ਪੰਜਾਬੀਆਂ ਨਾਲ ਯੂਰਪ ਵਿੱਚ ਪੰਜਾਬੀਆਂ ਦੀ ਸੰਖਿਆ 'ਚ ਪਹਿਲੇ ਨੰਬਰ 'ਤੇ ਹੈ। ਇਟਲੀ ਦੇ ਵਸਨੀਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਰਾਜ ਦੀ ਸ਼ਾਸਨ ਵਿਵਸਥਾ, ਫ਼ੌਜੀ ਪ੍ਰਬੰਧਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ ਤੇ ਵੱਡੇ ਪ੍ਰਸ਼ਾਸਨਿਕ ਅਹੁਦੇ ਵੀ ਬਾਖ਼ੂਬੀ ਸੰਭਾਲੇ ਸਨ। ਵੀਹਵੀਂ ਸਦੀ ਵਿੱਚ ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਨਾਲ ਵੀ ਇਟਲੀ ਦੀ ਸਰਕਾਰ ਦੇ ਸਬੰਧ ਬੜੇ ਸਤਿਕਾਰ ਤੇ ਪਿਆਰ ਭਰੇ ਰਹੇ ਸਨ। ਮਹਾਰਾਜਾ ਯਾਦਵਿੰਦਰ ਸਿੰਘ ਨੇ ਤਾਂ ਦੂਜੇ ਵਿਸ਼ਵ ਯੁੱਧ ਸਮੇਂ ਇਟਲੀ ਦੀ ਧਰਤੀ 'ਤੇ ਜਾ ਕੇ ਇਸ ਯੁੱਧ 'ਚ ਭਾਗ ਲਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਇਟਲੀ ਦੀ ਆਜ਼ਾਦੀ ਲਈ 5800 ਦੇ ਕਰੀਬ ਸਿੱਖ ਸੈਨਿਕਾਂ ਨੇ ਸ਼ਹਾਦਤਾਂ ਦਿੱਤੀਆਂ ਸਨ। ਅਪ੍ਰੈਲ 2023 ਵਿੱਚ ਇਟਲੀ ਵਿਖੇ 'ਵਰਲਡ ਸਿੱਖ ਮਾਰਟੀਅਰ ਮਿਲਟਰੀ ਮੈਮੋਰੀਅਲ ਕਮੇਟੀ' ਵੱਲੋਂ ਉਕਤ ਜੰਗਾਂ ਵਿੱਚ ਸ਼ਹਾਦਤਾਂ ਪਾਉਣ ਵਾਲੇ ਸਿੱਖ ਸੈਨਿਕਾਂ ਨੂੰ ਦਿਲੀ ਸ਼ਰਧਾਂਜਲੀ ਭੇਟ ਕੀਤੀ ਗਈ ਸੀ।

ਬੇਸ਼ੱਕ ਇਸ ਗੱਲ ਦੇ ਕੋਈ ਜ਼ਿਆਦਾ ਪੁਖ਼ਤਾ ਪ੍ਰਮਾਣ ਮੌਜੂਦ ਨਹੀਂ ਹਨ, ਪਰ ਫਿਰ ਵੀ ਸਿੱਖਾਂ ਅਤੇ ਇਟਲੀ ਵਾਸੀਆਂ ਦਰਮਿਆਨ ਪ੍ਰਾਪਤ ਖ਼ਤੋ-ਕਿਤਾਬਤ ਭਾਵ ਚਿੱਠੀਆਂ ਤੋਂ ਇਹ ਜ਼ਿਕਰ ਮਿਲਦਾ ਹੈ ਕਿ ਸੰਨ 1708 ਵਿੱਚ ਜਦੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਸ਼ਮਣ ਦੇ ਭੇਜੇ ਹਮਲਾਵਰਾਂ ਨੇ ਖ਼ੰਜਰ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ ਤੇ ਨਾਂਦੇੜ ਵਿਖੇ ਉਨ੍ਹਾਂ ਦੇ ਜੀਵਨ ਦੇ ਅੰਤਿਮ ਦਿਨਾਂ ਦੌਰਾਨ ਲਾਹੌਰ ਤੋਂ ਆਏ ਇਟਲੀ ਦੇ ਡਾਕਟਰ ਨਿਕੈਲੋ ਮੈਨੂਚੀ ਨੇ ਉਨ੍ਹਾਂ ਦਾ ਇਲਾਜ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਇਸ ਗੱਲ ਦੀ ਸੱਚਾਈ ਅਜੇ ਹੋਰ ਖੋਜ ਦੀ ਮੰਗ ਕਰਦੀ ਹੈ। ਇਟਲੀ ਦੇ ਜੰਮਪਲ ਜਨਰਲ ਜੀਨ ਵੈਨਚਿਊਰਾ ਅਤੇ ਜਨਰਲ ਪਾਅਲੋ ਕ੍ਰਿਸੈਂਜ਼ੋ ਦੀ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿੱਚ ਵੱਡੀ ਭੂਮਿਕਾ ਰਹੀ ਸੀ। ਜਨਰਲ ਵੈਨਚਿਊਰਾ ਤਾਂ ਮਹਾਰਾਜਾ ਦੀ 'ਫ਼ੌਜ-ਏ-ਖ਼ਾਸ' ਬ੍ਰਿਗੇਡ ਦਾ ਕਮਾਂਡਰ ਵੀ ਬਣਿਆ ਸੀ। ਹੋਰਨਾਂ ਯੂਰਪੀ ਯੋਧਿਆਂ ਨਾਲ ਰਲ਼ ਕੇ ਇਟਲੀ ਦੇ ਫ਼ੌਜੀ ਮਾਹਿਰਾਂ ਨੇ ਵੀ 'ਖ਼ਾਲਸਾ ਫ਼ੌਜ' ਨੂੰ ਸ਼ਕਤੀਸ਼ਾਲੀ ਤੇ ਬੇਹਤਰੀਨ ਬਣਾਉਣ ਲਈ ਆਧੁਨਿਕ ਫ਼ੌਜੀ ਨੀਤੀਆਂ ਅਤੇ ਯੁੱਧ ਤਕਨੀਕਾਂ ਦੀ ਸਿਖਲਾਈ ਦਿੱਤੀ ਸੀ। ਜਨਰਲ ਕ੍ਰਿਸੈਂਜ਼ੋ ਨੇ ਤਾਂ ਵਜ਼ੀਰਾਬਾਦ ਅਤੇ ਪੇਸ਼ਾਵਰ ਦੇ ਗਵਰਨਰ ਹੋਣ ਦਾ ਸ਼ਰਫ਼ ਵੀ ਹਾਸਿਲ ਕੀਤਾ ਸੀ ਤੇ ਆਪਣੇ ਕਾਰਜਕਾਲ ਦੌਰਾਨ ਵੱਡੇ ਪ੍ਰਸ਼ਾਸਨਿਕ ਸੁਧਾਰ ਲਿਆਂਦੇ ਸਨ।

ਸੱਭਿਆਚਾਰਕ ਪੱਖੋਂ ਜੇ ਵੇਖਿਆ ਜਾਵੇ ਤਾਂ ਇਟਲੀ ਦੀ ਭਵਨ ਕਲਾ ਦਾ ਪੰਜਾਬ ਦੀ ਭਵਨ ਕਲਾ 'ਤੇ ਚੋਖਾ ਪ੍ਰਭਾਵ ਪਿਆ ਸੀ ਅਤੇ ਉਕਤ ਦੋਹਾਂ ਜਰਨੈਲਾਂ ਨੇ ਖ਼ਾਲਸਾ ਫ਼ੌਜ ਨੂੰ ਅਤਿ ਆਧੁਨਿਕ ਬਣਾਉਣ ਵਿੱਚ ਵੀ ਆਪਣਾ ਪੂਰਾ ਯੋਗਦਾਨ ਪਾਇਆ ਸੀ। ਇਸ ਗੱਲ ਦੇ ਵੀ ਇਤਿਹਾਸਕ ਪ੍ਰਮਾਣ ਪ੍ਰਾਪਤ ਹਨ, ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਕੁੰਵਰ ਦਲੀਪ ਸਿੰਘ ਨੇ ਵੀ ਸੰਨ 1856-57 ਵਿੱਚ ਇਟਲੀ ਦੀ ਯਾਤਰਾ ਕੀਤੀ ਸੀ। ਰਿਆਸਤ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਤਾਂ ਸੰਨ 1918 ਵਿੱਚ ਇਟਲੀ ਦੇ ਸਭ ਤੋਂ ਵੱਡੇ ਸਨਮਾਨ 'ਆਰਡਰ ਆਫ਼ ਦਿ ਕਰਾਊਨ ਆਫ਼ ਇਟਲੀ' ਨਾਲ ਵੀ ਨਿਵਾਜਿਆ ਗਿਆ ਸੀ। ਦਰਅਸਲ ਮਹਾਰਾਜਾ ਭੁਪਿੰਦਰ ਸਿੰਘ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਪਹਿਲੀ ਪਟਿਆਲਾ ਰੈਜੀਮੈਂਟ ਦੀ ਕਮਾਨ ਸੰਭਾਲੀ ਸੀ, ਜਿਸ ਨੂੰ ਲਾਮਿਸਾਲ ਬਹਾਦਰੀ ਲਈ 43 ਸਨਮਾਨ ਹਾਸਿਲ ਹੋਏ ਸਨ। 1965 ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਦੋ ਸਾਲ ਲਈ ਇਟਲੀ 'ਚ ਭਾਰਤੀ ਰਾਜਦੂਤ ਵਜੋਂ ਸੇਵਾ ਨਿਭਾਈ ਸੀ।

ਪੰਜਾਬੀਆਂ ਨਾਲ ਇਟਲੀ ਦੀ ਲੰਮੀ ਸਾਂਝ ਅੱਜ ਵੀ ਬੜੀ ਮਜਬੂਤ ਹੈ। ਇਟਲੀ ਦੇ ਰੋਮ ਵਿਖੇ ਸਾਲ 2009 ਵਿੱਚ ਕਰਵਾਈ ਗਈ 'ਜੀ-8' ਦੇਸ਼ਾਂ ਦੇ 35ਵੇਂ ਸਿਖਰ ਸੰਮੇਲਨ ਵਿੱਚ ਸ਼ਿਰਕਤ ਕਰਨ ਵਾਲੇ ਡਾ. ਮਨਮੋਹਨ ਸਿੰਘ ਪਹਿਲੇ ਸਿੱਖ ਪ੍ਰਧਾਨ ਮੰਤਰੀ ਸਨ। ਇੱਥੇ ਹੀ ਬਸ ਨਹੀਂ, ਅਪ੍ਰੈਲ 2023 ਵਿੱਚ ਭਾਰਤ 'ਚ ਇਟਲੀ ਦੇ ਰਾਜਦੂਤ ਵਿਨਸੈਨਜ਼ੋ ਲੂਕਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਆਪਣੀ ਅਕੀਦਤ ਭੇਟ ਕਰਕੇ ਪੰਜਾਬ ਨਾਲ ਇਟਲੀ ਦੀ ਸਾਂਝ ਨੂੰ ਜਗ ਜਾਹਰ ਕੀਤਾ ਸੀ।

ਵਪਾਰਕ ਪੱਖ ਤੋਂ ਇਟਲੀ ਦੀ ਤਰੱਕੀ ਵਿੱਚ ਪੰਜਾਬੀਆਂ ਦਾ ਬੜਾ ਹੀ ਮਹੱਤਵਪੂਰਨ ਯੋਗਦਾਨ ਹੈ। ਉੱਤਰੀ ਅਤੇ ਕੇਂਦਰੀ ਇਟਲੀ ਵਿੱਚ ਮੌਜੂਦ ਡੇਅਰੀ ਇੰਡਸਟਰੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਪੰਜਾਬੀਆਂ ਨੇ ਜੀਅ ਜਾਨ ਨਾਲ ਮਿਹਨਤ ਕੀਤੀ ਹੈ ਤੇ ਅੱਜ ਦੁਨੀਆ ਭਰ ਵਿੱਚ ਮਸ਼ਹੂਰ 'ਮੋਜ਼ਰਿਲਾ ਚੀਜ਼' ਸਣੇ ਪਨੀਰ ਦੀਆਂ ਵੱਖ-ਵੱਖ ਕਿਸਮਾਂ ਪੰਜਾਬੀਆਂ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਟਲੀ ਦੇ ਲੋਕ ਪੰਜਾਬੀਆਂ ਦੇ ਇਸ ਗੱਲੋਂ ਅਹਿਸਾਨਮੰਦ ਹਨ ਕਿ ਇਨ੍ਹਾਂ ਮਿਹਨਤੀ ਪੰਜਾਬੀ ਕਿਰਤੀਆਂ ਨੇ ਡੇਅਰੀ ਇੰਡਸਟਰੀ ਨੂੰ ਬਚਾਇਆ ਹੀ ਨਹੀਂ, ਸਗੋਂ ਤਰੱਕੀ ਵੀ ਬਖ਼ਸ਼ੀ ਹੈ।



**ਉੱਤਰੀ ਅਤੇ ਕੇਂਦਰੀ ਇਟਲੀ ਵਿੱਚ ਮੌਜੂਦ ਡੇਅਰੀ ਇੰਡਸਟਰੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਪੰਜਾਬੀਆਂ ਨੇ ਜੀਅ ਜਾਨ ਨਾਲ ਮਿਹਨਤ ਕੀਤੀ ਹੈ ਤੇ ਅੱਜ ਦੁਨੀਆ ਭਰ ਵਿੱਚ ਮਸ਼ਹੂਰ 'ਮੋਜ਼ਰਿਲਾ ਚੀਜ਼' ਸਣੇ ਪਨੀਰ ਦੀਆਂ ਵੱਖ-ਵੱਖ ਕਿਸਮਾਂ ਪੰਜਾਬੀਆਂ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਟਲੀ ਦੇ ਲੋਕ ਪੰਜਾਬੀਆਂ ਦੇ ਇਸ ਗੱਲੋਂ ਅਹਿਸਾਨਮੰਦ ਹਨ ਕਿ ਇਨ੍ਹਾਂ ਮਿਹਨਤੀ ਪੰਜਾਬੀ ਕਿਰਤੀਆਂ ਨੇ ਡੇਅਰੀ ਇੰਡਸਟਰੀ ਨੂੰ ਬਚਾਇਆ ਹੀ ਨਹੀਂ, ਸਗੋਂ ਤਰੱਕੀ ਵੀ ਬਖ਼ਸ਼ੀ ਹੈ।**

ਪੰਜਾਬੀਆਂ ਦੇ ਪਰਵਾਸ ਦਾ ਇੱਕ ਕਾਲਾ ਪੱਖ ਇਹ ਵੀ ਹੈ ਕਿ ਇਟਲੀ ਦੇ ਲੈਟਿਨਾ ਪ੍ਰਾਂਤ ਸਣੇ ਕੁਝ ਹੋਰ ਖਿੱਤਿਆਂ ਵਿੱਚ ਖੇਤੀ ਖੇਤਰ 'ਚ ਕੰਮ ਕਰਦੇ ਪੰਜਾਬੀ ਕਾਮਿਆਂ ਦਾ ਬੇਹੱਦ ਸ਼ੋਸ਼ਣ ਕੀਤੇ ਜਾਣ ਦੇ ਹਜ਼ਾਰਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਕਿਰਤੀਆਂ ਨੂੰ ਕੇਵਲ ਵੱਧ ਕੰਮ ਤੇ ਘੱਟ ਤਨਖ਼ਾਹਾਂ ਵਾਲਾ ਸ਼ੋਸ਼ਣ ਹੀ ਬਰਦਾਸ਼ਤ ਨਹੀਂ ਕਰਨਾ ਪਿਆ ਹੈ, ਸਗੋਂ ਮਾਰਕੁੱਟ, ਬਲੈਕਮੇਲਿੰਗ ਅਤੇ ਵੱਖ-ਵੱਖ ਅਪਰਾਧੀਆਂ ਦੇ ਸ਼ਿਕਾਰ ਵੀ ਬਣਨਾ ਪਿਆ ਹੈ।

ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਟੀ.ਵੀ. ਚੈਨਲ 'ਅਲ-ਜਜ਼ੀਰਾ' ਨੇ ਤਾਂ ਸਾਲ 2011 ਵਿੱਚ 'ਇਟਲੀਜ਼ ਸਿੱਖ ਸਲੇਵਜ਼' ਭਾਵ 'ਇਟਲੀ 'ਚ ਵੱਸਦੇ ਸਿੱਖ ਗੁਲਾਮ' ਸਿਰਲੇਖ ਤਹਿਤ ਪੰਜਾਬੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਕਹਾਣੀ ਬਿਆਨ ਕਰਦੀ ਇੱਕ ਦਸਤਾਵੇਜ਼ੀ ਫ਼ਿਲਮ ਵੀ ਪ੍ਰਸਾਰਿਤ ਕੀਤੀ ਸੀ। ਇਸ ਫ਼ਿਲਮ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਇਟਲੀ 'ਚ ਪੁੱਜੇ ਤੇ ਧਨਾਢ ਵਪਾਰੀਆਂ ਜਾਂ ਕਿਸਾਨਾਂ ਦੇ ਹੱਥੇ ਚੜ੍ਹੇ ਪੰਜਾਬੀ ਮਜ਼ਦੂਰਾਂ ਦੀ ਦਰਦ ਭਰੀ ਗਾਥਾ ਬਿਆਨ ਕੀਤੀ ਗਈ ਸੀ।

ਇੱਕ ਰਿਪੋਰਟ ਅਨੁਸਾਰ ਖੇਤੀ ਖੇਤਰ ਨਾਲ ਸਬੰਧਤ ਪੰਜਾਬੀ ਕਿਰਤੀਆਂ 'ਚੋਂ 45 ਫ਼ੀਸਦੀ ਦੇ ਕਰੀਬ ਕਿਰਤੀ ਇਟਲੀ ਦੀ ਭਾਸ਼ਾ ਨਹੀਂ ਬੋਲਦੇ, ਜਿਸ ਕਰਕੇ ਉਹ ਸਮਾਜਿਕ ਮਦਦ ਅਤੇ ਅਪਰਾਧਿਕ ਨਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਪੰਜਾਬੀ ਔਰਤਾਂ ਨਾਲ ਵੀ ਸਰੀਰਕ ਸ਼ੋਸ਼ਣ ਅਤੇ ਮਾਰਕੁੱਟ ਦੇ ਅਨੇਕਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਸਾਲ 2016 ਅਤੇ 2018 ਵਿੱਚ ਪੰਜਾਬੀਆਂ ਨੇ ਆਪਣੀਆਂ ਘੱਟ ਤਨਖ਼ਾਹਾਂ ਅਤੇ ਘਟੀਆ ਕੰਮਕਾਜੀ ਹਾਲਤਾਂ ਦੇ ਵਿਰੋਧ ਵਿੱਚ ਇਟਲੀ ਦੇ ਵੱਖ-ਵੱਖ ਸ਼ਹਿਰਾਂ ਅੰਦਰ ਰੋਸ ਮਾਰਚ ਵੀ ਕੱਢੇ ਸਨ।

ਉਂਜ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸੰਯੁਕਤ ਰਾਸ਼ਟਰ ਸੰਘ ਦੀ ਇੱਕ ਰਿਪੋਰਟ ਅਨੁਸਾਰ ਇਟਲੀ ਅੰਦਰ ਚਾਰ ਲੱਖ ਦੇ ਕਰੀਬ ਖੇਤ ਮਜ਼ਦੂਰਾਂ ਦਾ ਭਾਰੀ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਵਿੱਚੋਂ ਇੱਕ ਲੱਖ ਮਜ਼ਦੂਰ ਤਾਂ ਅਣਮਨੁੱਖੀ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਹਨ। ਗ਼ੌਰਤਲਬ ਹੈ ਕਿ 15 ਮਈ 2017 ਨੂੰ ਇਟਲੀ ਦੀ ਸਰਬਉੱਚ ਅਦਾਲਤ ਨੇ ਸਿੱਖਾਂ ਦੁਆਰਾ ਕਿਰਪਾਨ ਆਪਣੇ ਨਾਲ ਲੈ ਕੇ ਜਾਣ 'ਤੇ ਲਗਾਈ ਗਈ ਪਾਬੰਦੀ ਨੂੰ ਸਹੀ ਠਹਿਰਾਇਆ ਸੀ, ਜਦਕਿ ਭਾਰਤ ਸਮੇਤ ਦੁਨੀਆ ਭਰ ਵਿਚ ਸਰਗਰਮ ਵੱਖ-ਵੱਖ ਸਿੱਖ ਸੰਗਠਨਾਂ ਨੇ ਇਸ ਫ਼ੈਸਲੇ ਸਬੰਧੀ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਸੀ।

ਭਾਰਤੀ ਰਸਾਲੇ 'ਆਊਟਲੁੱਕ' ਵੱਲੋਂ ਸਾਲ 2006 ਵਿੱਚ ਛਾਪੀ ਗਈ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਇਟਲੀ ਵਿੱਚ ਪੰਜਾਬੀਆਂ ਦੀ ਸੰਖਿਆ 50 ਹਜ਼ਾਰ ਦੇ ਕਰੀਬ ਹੈ, ਜਦਕਿ ਕੋਮਾਂਤਰੀ ਪੱਧਰ ਦੇ ਰਸਾਲੇ 'ਦਿ ਗਾਰਡੀਅਨ' ਵੱਲੋਂ ਛਾਪੀ ਗਈ ਇੱਕ ਤਾਜ਼ਾ ਰਿਪੋਰਟ ਵਿੱਚ ਇਹ ਦੱਸਿਆ ਗਿਆ ਹੈ ਕਿ ਸਾਲ 2023 ਵਿੱਚ ਇਟਲੀ 'ਚ ਵੱਸਦੇ ਪੰਜਾਬੀਆਂ ਦੀ ਸੰਖਿਆ 2,20,000 ਤੱਕ ਪੁੱਜ ਚੁੱਕੀ ਹੈ, ਜੋ ਕਿ ਇੱਥੋਂ ਦੀ ਕੁੱਲ ਵੱਸੋਂ ਦਾ 0.33 ਫ਼ੀਸਦੀ ਬਣਦੀ ਹੈ। ਇਟਲੀ ਦੇ ਪੋਨਤੀਨੀਆ ਖਿੱਤੇ ਵਿੱਚ 60 ਹਜ਼ਾਰ ਦੇ ਕਰੀਬ ਪੰਜਾਬੀ ਵੱਸਦੇ ਹਨ, ਜਦਕਿ ਵਿਸੈਂਜ਼ਾ ਇਲਾਕੇ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਗਿਣਤੀ ਕੇਵਲ ਇੱਕ ਹਜ਼ਾਰ ਦੇ ਲਗਪਗ ਹੈ। ਇਟਲੀ ਵਿੱਚ ਮੌਜੂਦ ਗੁਰਦੁਆਰਾ ਸਾਹਿਬਾਨ ਦੀ ਸੰਖਿਆ ਵੀ 60 ਦੇ ਕਰੀਬ ਹੋ ਚੁਕੀ ਹੈ। ਇਟਲੀ ਦੀ ਕ੍ਰਿਕਟ ਟੀਮ ਵਿੱਚ ਬਲਜੀਤ ਸਿੰਘ, ਮਨਪ੍ਰੀਤ ਸਿੰਘ, ਜਸਪ੍ਰੀਤ ਸਿੰਘ ਅਤੇ ਚਰਨਜੀਤ ਸਿੰਘ ਜਿਹੇ ਪੰਜਾਬੀ ਖਿਡਾਰੀ ਖੇਡਦੇ ਹਨ। ਸੰਨ 1968 ਤੇ 1972 ਵਿੱਚ ਭਾਰਤੀ ਹਾਕੀ ਲਈ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਹਾਸਿਲ ਕਰਨ ਵਾਲੇ ਕ੍ਰਮਵਾਰ ਇੰਦਰ ਸਿੰਘ ਅਤੇ ਕੁਲਵੰਤ ਸਿੰਘ ਵੀ ਇਟਲੀ ਵਿੱਚ ਰਹਿ ਰਹੇ ਹਨ। ਹਾਕੀ ਖਿਡਾਰੀ ਜਸਬੀਰ ਸਿੰਘ ਤਾਂ ਇਟਲੀ ਦੀ ਮਹਿਲਾ ਹਾਕੀ ਟੀਮ ਦੀ ਸਿਖਲਾਈ ਲਈ ਮਹੱਤਵਪੂਰਨ ਯੋਗਦਾਨ ਪਾ ਚੁਕਾ ਹੈ।

## ਧੀ ਦੀ ਹੂਕ

ਦੇਵਿੰਦਰ ਕੌਰ ਧਾਲੀਵਾਲ, ਕੈਲੀਫੋਰਨੀਆ



ਮਾਤਾ ਗਊ ਤੋਂ ਵੱਛਾ ਖੋਂਹਦੇ
ਮਾਂ ਦੀ ਕੁੱਖ 'ਚੋਂ ਧੀ ਨੂੰ,
ਪੱਥਰਾਂ ਨੂੰ ਖ਼ੁਦ ਪੂਜਣ ਵਾਲੇ
ਪੱਥਰ ਸਮਝਣ ਧੀ ਨੂੰ।

ਲੱਖਾਂ ਧੀਆਂ ਅੱਗ 'ਚ ਸੜਦੀਆਂ
ਕੀ ਕੀ ਜ਼ੁਲਮ ਨਹੀਂ ਹੋਇਆ,
ਪੜ੍ਹ ਕੇ ਖ਼ਬਰਾਂ ਮੁੱਖ ਸਫ਼ੇ 'ਤੇ
ਦਿਲ ਦਾ ਪੰਛੀ ਰੋਇਆ।

ਢੇਰ ਦਾ ਕੂੜਾ ਢੇਰੀ ਸੁੱਟਣਾ
ਇਹੀ ਖ਼ਿਤਾਬ ਨੇ ਦਿੰਦੇ,
ਜ਼ਿਮੀਂਦਾਰ ਅਖਵਾਉਣ ਵਾਲੇ
ਧੀ ਨੂੰ ਜ਼ਮੀਨ ਨਾ ਦਿੰਦੇ।

ਚਾਰ ਕੁ ਲੀਰਾਂ ਦੇ ਕੇ ਤੋਰਨ
ਸਹੁਰੇ ਦਿੰਦੇ ਤਾਹਨੇ,
ਦਾਜ ਦਾਜ ਦਾ ਰੌਲਾ ਪਾਉਂਦੇ
ਆਪਣੇ ਬਣੇ ਬਿਗਾਨੇ।

ਪੁੱਤ ਪੀਵੇ ਬਦਾਮ ਦੇ ਬੱਤੇ
ਧੀ ਲਈ ਹਉਕੇ ਭਰਦੇ,
ਧੀ ਨੂੰ ਪਿਉ ਦੀ ਪੱਗੜੀ ਆਖਣ
ਪੁੱਤ ਨੇ ਖਾਂਦੇ ਜਰਦੇ।

ਭੈਣ ਸਦਾ ਭਰਾ ਦਾ ਸੋਚੇ
ਕੀ ਕੀ ਸਿਤਮ ਉਠਾਂਦੀ,
ਇੱਕ ਭੈਣ ਭਰਾ ਲਈ ਦੇਖੀ
ਜੇਲ੍ਹੀਂ ਚੱਕਰ ਖਾਂਦੀ।

ਬਾਹਰੋਂ ਆਇਆ ਮੁੰਡਾ ਸੁਣ ਕੇ
ਧੀ ਦਾ ਰਿਸ਼ਤਾ ਕਰਦੇ,
ਇੱਕ ਅੱਧਾ ਖੇਤ ਵੇਚ ਕੇ
ਵਿਆਹ ਦਾ ਸੌਦਾ ਕਰਦੇ।

ਮੌਜ ਲਵਾਂਗੇ ਟੱਬਰ ਸਾਰਾ
ਵਿੱਚ ਜਹਾਜੇ ਚੜ੍ਹ ਕੇ,
ਧੀ ਦਾ ਦਿਲ ਨਾ ਜਾਣੇ ਕੋਈ
ਹੌਲ ਨੇ ਪੈਂਦੇ ਪੜ੍ਹ ਕੇ।

ਦਿਲੋਂ ਕੁਆਰੀਆਂ ਉਂਞ ਵਿਆਹੀਆਂ
ਕਈਆਂ ਕੋਲ਼ ਨੇ ਬੱਚੇ,
ਬਾਹਰਲੇ ਲਾੜੇ, ਪੰਛੀ ਉਡ ਗਏ
ਕਿੰਝ ਕੋਈ ਪੈੜਾਂ ਨੱਪੇ।

ਧੀਆਂ ਵਾਲ਼ਿਓ ! ਘਰ ਨੂੰ ਮੁੜ ਜਾਉ
ਹੋਰ ਉਲ਼ਝ ਜਾਊ ਤਾਣੀ,
ਚੁੱਲ੍ਹੇ ਤੁਹਾਡੇ ਅੱਗ ਨਹੀਂ ਰਹਿਣੀ
ਘੜੇ ਨਹੀਂ ਰਹਿਣਾ ਪਾਣੀ।

ਬੀਤ ਗਏ ਪਲ ਹੱਥ ਨਾ ਆਉਣੇ
ਕਹਿ ਗਏ ਕਈ ਸਿਆਣੇ,
ਰਹਿੰਦੀ ਖੂੰਹਦੀ ਇੱਜ਼ਤ ਲੁੱਟ ਜੂ
ਵਿੱਚ ਕਚਹਿਰੀਆਂ-ਥਾਣੇ।

ਚੀਸ ਦਿਲਾਂ ਦੀ ਮਹਿਰਮ ਜਾਣੇ
ਰਹਿ ਗਏ 'ਕੱਲੇ 'ਕੱਲੇ,
ਕਦੇ ਨੀ ਮੁੜਦੇ ਦਿੱਤੇ ਹੋਏ
ਮੁੰਦੀਆਂ ਛਾਪਾਂ ਛੱਲੇ।

ਇਹੀ ਪੈਸਾ ਲਾ ਕੇ ਜੇਕਰ
ਧੀ ਪੜ੍ਹਾਈ ਕਰਦੀ,
ਤਰ ਜਾਣੀਆਂ ਸੀ ਕਈ ਕੁਲਾਂ
ਧੀ ਨਾ ਮਰਦੀ ਘਰ ਦੀ।

ਮੈਂ ਹਾਂ ਪੁੱਤਰੀ ਭਾਰਤ ਮਾਂ ਦੀ
ਅਜੇ ਗੁਲਾਮੀ ਕਰਦੀ,
ਭਾਰਤ ਭਾਵੇਂ ਆਜ਼ਾਦ ਹੋ ਗਿਆ
ਮੈਂ ਅੱਜ ਵੀ ਅੱਗ ਵਿੱਚ ਸੜਦੀ।

# ਏਸ਼ੀਅਨ ਫੁਟਬਾਲ ਦੀ ਜਰਨੈਲੀ ਕਰਨ ਵਾਲਾ ਜਰਨੈਲ ਸਿੰਘ

**ਫੁਟਬਾਲ ਦੇ ਕਈ ਕੱਦਾਵਰ ਖਿਡਾਰੀ ਹੋਏ ਹਨ, ਜਿਨ੍ਹਾਂ ਵਿੱਚੋਂ ਇੱਕ ਹੈ- ਅਰਜੁਨਾ ਐਵਾਰਡੀ ਜਰਨੈਲ ਸਿੰਘ। ਮਾਹਿਲਪੁਰ ਨੂੰ ਫੁਟਬਾਲ ਦੀ ਜਰਖੇਜ਼ ਭੂਮੀ ਬਣਾਉਣ ਦਾ ਸਿਹਰਾ ਵੀ ਜਰਨੈਲ ਸਿੰਘ ਦੇ ਸਿਰ ਹੀ ਜਾਂਦਾ ਹੈ। ਫੀਫਾ ਦੀ ਵਿਸ਼ਵ ਇਲੈਵਨ ਵਿੱਚ ਚੁਣਿਆ ਜਾਣ ਵਾਲਾ ਉਹ ਇਕਲੌਤਾ ਏਸ਼ੀਅਨ ਡਿਫੈਂਡਰ ਸੀ। ਅਫਸੋਸ ! ਜ਼ਿੰਦਗੀ ਦੇ ਆਖਰੀ ਪੜਾਅ 'ਤੇ ਪੁੱਜੇ ਜਰਨੈਲ ਨੂੰ ਸਦਮਿਆਂ ਨੇ ਝੰਬ ਸੁੱਟਿਆ ਸੀ ਤੇ ਪੂਰੇ ਖੇਡ ਜੀਵਨ ਦੌਰਾਨ ਐਬਾਂ ਤੋਂ ਦੂਰ ਰਹਿਣ ਵਾਲੇ ਜਰਨੈਲ ਨੇ ਆਪਣੇ ਦੁੱਖਾਂ ਨੂੰ ਭੁਲਾਉਣ ਲਈ ਸ਼ਰਾਬ ਦਾ ਸਹਾਰਾ ਲਿਆ ਸੀ, ਪਰ ਉਹ... ! ਖੈਰ, ਹਥਲੇ ਲੇਖ ਵਿੱਚ ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਨੇ ਵਿਸ਼ਵ ਦੇ ਮੰਨੇ-ਪ੍ਰਮੰਨੇ ਸਟਰਾਈਕਰਾਂ ਨੂੰ ਡੱਕਣ ਵਾਲੇ ਜਰਨੈਲ ਸਿੰਘ ਬਾਰੇ ਝਾਤ ਪਾਈ ਹੈ।**

ਖਿਡਾਰੀ ਪੰਜ-ਆਬ ਦੇ (9)

ਨਵਦੀਪ ਸਿੰਘ ਗਿੱਲ
ਫੋਨ: +91-9780036216



ਫੁਟਬਾਲ ਦੀ ਦੁਨੀਆਂ ਵਿੱਚ ਜਰਨੈਲ ਸਿੰਘ ਦਾ ਜਲਵਾ ਸਿਖਰਾਂ 'ਤੇ ਰਿਹਾ। ਜਰਨੈਲ ਦਾ ਜਨਮ ਹੀ ਫੁਟਬਾਲ ਖੇਡਣ ਲਈ ਹੋਇਆ ਸੀ। ਜੱਗ ਵਿੱਚ ਜੋ ਜੱਸ ਜਰਨੈਲ ਨੇ ਖੱਟਿਆ, ਉਹ ਕਿਸੇ ਹੋਰ ਫੁਟਬਾਲਰ ਦੇ ਹਿੱਸੇ ਨਹੀਂ ਆਇਆ। ਆਲਮੀ ਫੁਟਬਾਲ ਦੇ ਸਭ ਤੋਂ ਵੱਡੇ ਫੁੱਲਬੈਕਾਂ ਵਿੱਚ ਉਸ ਦਾ ਨਾਮ ਆਉਂਦਾ ਹੈ। ਏਸ਼ੀਅਨ ਫੁਟਬਾਲ ਦਾ ਉਹ ਸਭ ਤੋਂ ਤਕੜਾ ਫੁੱਲਬੈਕ ਹੋਇਆ। ਆਪਣੇ ਦੌਰ ਵਿੱਚ ਉਸ ਨੇ ਵਿਸ਼ਵ ਦੇ ਮੰਨੇ-ਪ੍ਰਮੰਨੇ ਸਟਰਾਈਕਰਾਂ ਨੂੰ ਡੱਕੀ ਰੱਖਿਆ। ਫੀਫਾ ਦੀ ਵਿਸ਼ਵ ਇਲੈਵਨ ਵਿੱਚ ਚੁਣਿਆ ਜਾਣ ਵਾਲਾ ਉਹ ਇਕਲੌਤਾ ਏਸ਼ੀਅਨ ਡਿਫੈਂਡਰ ਸੀ। ਜਰਨੈਲ ਸਿੰਘ ਨੇ ਏਸ਼ੀਅਨ ਆਲ ਸਟਾਰ ਦੀ ਦੋ ਵਾਰ ਕਪਤਾਨੀ ਕੀਤੀ। ਤਿੰਨ ਸਾਲ ਭਾਰਤ ਦੀ ਕਪਤਾਨੀ ਕੀਤੀ। ਭਾਰਤ ਨੂੰ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਮਗਾ ਜਿਤਾਇਆ। ਏਸ਼ਿਆਈ ਖੇਡਾਂ ਵਿੱਚ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਰਿਹਾ।

ਜਰਨੈਲ ਸਿੰਘ ਨੇ ਫੁਟਬਾਲ ਖੇਡ ਵਿੱਚ ਸਰਦਾਰਾਂ ਦੀ ਵੀ ਲਾਜ ਰੱਖੀ। ਪੈਰਾਂ ਤੇ ਸਿਰ ਦੇ ਤਾਲਮੇਲ ਵਾਲੀ ਇਸ ਖੇਡ ਵਿੱਚ ਜੂੜੇ ਨਾਲ ਖੇਡਦਿਆਂ ਉਸ ਨੇ ਬਹੁਤ ਨਾਮਣਾ ਖੱਟਿਆ। ਉਸ ਤੋਂ ਵਧੀਆ ਕੋਈ ਹੈਡਰ ਨਹੀਂ ਲਗਾ ਸਕਦਾ ਸੀ। ਦੇਸ਼ ਦੇ ਚੋਟੀ ਦੇ ਫੁਟਬਾਲ ਕਲੱਬ ਮੋਹਨ ਬਗਾਨ ਵੱਲੋਂ ਜਰਨੈਲ ਸਿੰਘ 10 ਸਾਲ ਖੇਡਿਆ। ਕਲੱਬ ਨੇ ਵੀ ਉਸ ਨੂੰ ਦੇਸ਼ ਦਾ ਸਭ ਤੋਂ ਮਹਿੰਗਾ ਖਿਡਾਰੀ ਬਣਾਇਆ। ਭਾਰਤ ਸਰਕਾਰ ਨੇ ਜੇ ਉਸ ਨੂੰ ਅਰਜੁਨਾ ਐਵਾਰਡ ਨਾਲ ਸਨਮਾਨਿਆ ਤਾਂ ਮੋਹਨ ਬਗਾਨ ਨੇ ਵੀ ਮੋਹਨ ਬਗਾਨ ਰਤਨ ਨਾਲ ਨਿਵਾਜਿਆ। ਉਸ ਦੀ ਮੌਤ 'ਤੇ ਪੰਜਾਬੀਆਂ ਨਾਲੋਂ ਵੱਧ ਬੰਗਾਲੀ ਰੋਏ। ਜਰਨੈਲ ਸਿੰਘ ਵੀ ਕਹਿੰਦਾ ਹੁੰਦਾ ਸੀ, "ਮੈਨੂੰ ਚੱਜ ਆਹਾਰ ਬੰਗਾਲੀਆਂ ਨੇ ਸਿਖਾਇਆ।" ਅੱਗਿਓਂ ਬੰਗਾਲੀ ਕਹਿੰਦੇ, "ਸਾਨੂੰ ਫੁਟਬਾਲ ਜਰਨੈਲ ਸਿੰਘ ਨੇ ਸਿਖਾਈ।"

ਪੰਜਾਬ ਨੇ ਕੌਮੀ ਫੁਟਬਾਲ ਦਾ ਸਭ ਤੋਂ ਵੱਡਾ ਟੂਰਨਾਮੈਂਟ ਸੰਤੋਸ਼ ਟਰਾਫੀ ਜਰਨੈਲ ਸਿੰਘ ਦੇ ਆਉਣ ਤੋਂ ਬਾਅਦ ਹੀ ਜਿੱਤਿਆ। ਪੰਜਾਬ ਨੂੰ ਦੂਜੀ ਵਾਰ ਸੰਤੋਸ਼ ਟਰਾਫੀ ਜਰਨੈਲ ਨੇ ਆਪਣੀ ਕੋਚਿੰਗ ਵਿੱਚ ਜਿਤਾਈ। ਫੁਟਬਾਲ ਦੇ ਮੱਕਾ ਕਹੇ ਜਾਂਦੇ ਮਾਹਿਲਪੁਰ ਇਲਾਕੇ ਨੂੰ ਪਹਿਲੀ ਵਾਰ ਕੌਮਾਂਤਰੀ ਹਲਕਿਆਂ ਵਿੱਚ ਜਰਨੈਲ ਨੇ ਹੀ ਪਛਾਣ ਦਿਵਾਈ ਸੀ। ਜਰਨੈਲ ਨੇ ਹੀ ਮਾਹਿਲਪੁਰ ਨੂੰ ਫੁਟਬਾਲ ਦੀ ਜਰਖੇਜ਼ ਭੂਮੀ ਬਣਾਇਆ। ਇਸ ਨੂੰ ਅੱਗੇ ਜਾ ਕੇ ਇੰਦਰ ਸਿੰਘ, ਗੁਰਦੇਵ ਸਿੰਘ ਗਿੱਲ ਜਿਹੇ ਫੁਟਬਾਲਰਾਂ ਨੇ ਸਿੰਜਿਆ। ਜਰਨੈਲ ਸਿੰਘ ਨੇ ਪੰਜਾਬ ਦੇ ਖੇਡ ਵਿਭਾਗ ਵਿੱਚ ਖੇਡ ਅਫਸਰ ਤੋਂ ਲੈ ਕੇ ਕਾਰਜਕਾਰੀ ਡਾਇਰੈਕਟਰ ਤੱਕ ਸਫਰ ਤੈਅ ਕੀਤਾ।

ਜਰਨੈਲ ਸਿੰਘ ਦਾ ਬਚਪਨ ਮਿਲਖਾ ਸਿੰਘ ਵਾਂਗ ਗੁਜ਼ਰਿਆ। ਸੰਤਾਲੀ ਦੀ ਵੰਡ ਤੋਂ ਬਾਅਦ ਉਹ ਪਾਕਿਸਤਾਨ ਤੋਂ ਮਸਾਂ ਬਚਦਾ ਬਚਾਉਂਦਾ ਭਾਰਤ ਪੁੱਜਿਆ। ਖੁਰਾਕ ਉਸ ਦੀ ਅਥਲੀਟ ਪਰਵੀਨ ਕੁਮਾਰ ਜਿੰਨੀ ਸੀ। ਵਿਆਹ ਉਸ ਦਾ ਦਾਰਾ ਸਿੰਘ ਵਾਂਗ ਨਿਆਣੀ ਉਮਰੇ ਹੋ ਗਿਆ। ਸਿਰੜੀ ਉਹ ਹਾਕੀ ਵਾਲੇ ਬਲਬੀਰ ਸਿੰਘ ਸੀਨੀਅਰ ਵਰਗਾ ਸੀ। ਕਬੱਡੀ ਵਿੱਚ ਉਹ ਚੰਗੇ ਜਾਫੀ ਵਰਗਾ ਸੀ, ਜਿਸ ਨੇ ਪਿੰਡ ਦੀ ਕਬੱਡੀ ਟੀਮ ਵੱਲੋਂ ਖੇਡਦਿਆਂ ਉਸ ਵੇਲੇ ਚੋਟੀ ਦੇ ਰੇਡਰ ਸੰਤੋਖ ਤੋਖੀ ਨੂੰ ਡੱਕਿਆ। ਜਿਸ ਖੇਡ ਵਿਭਾਗ ਦੀ ਡਾਇਰੈਕਟਰੀ ਬਲਬੀਰ ਸਿੰਘ ਸੀਨੀਅਰ, ਕਰਤਾਰ ਸਿੰਘ, ਪਰਗਟ ਸਿੰਘ ਨੇ ਕੀਤੀ, ਉਸੇ ਵਿਭਾਗ ਦਾ ਉਹ ਵੀ ਡਾਇਰੈਕਟਰ ਰਿਹਾ।

ਜਰਨੈਲ ਸਿੰਘ ਦਾ ਜਨਮ 1933 ਵਿੱਚ ਲਾਇਲਪੁਰ (ਪਾਕਿਸਤਾਨ) ਇਲਾਕੇ ਦੇ ਚੱਕ 272 ਵਿੱਚ ਹੋਇਆ ਸੀ। ਜਰਨੈਲ ਸਿੰਘ ਦੀ ਜਨਮ ਤਰੀਕ ਵੀ ਹੋਰਨਾਂ ਵੱਡੇ ਖਿਡਾਰੀਆਂ ਵਾਂਗ ਅਸਲੀ ਹੋਰ ਤੇ ਕਾਗਜ਼ਾਂ ਵਿੱਚ ਹੋਰ ਹੈ। ਕਾਗਜ਼ਾਂ ਵਿੱਚ ਜਰਨੈਲ ਸਿੰਘ ਦੀ ਜਨਮ ਤਰੀਕ 20 ਫਰਵਰੀ 1936 ਹੈ। ਉਸ ਦੇ ਪਿਤਾ ਦਾ ਨਾਮ ਉਜਾਗਰ ਸਿੰਘ ਤੇ ਮਾਤਾ ਦਾ ਨਾਮ ਗੁਰਚਰਨ ਕੌਰ ਸੀ। ਜਰਨੈਲ ਦੇ ਛੇ ਭਰਾ ਤੇ ਇੱਕ ਭੈਣ ਸੀ। ਚੱਕ 41 ਦੇ ਬਾਰ ਖਾਲਸਾ ਹਾਈ ਸਕੂਲ ਵਿਖੇ ਚੌਥੀ ਕਲਾਸ ਵਿੱਚ ਪੜ੍ਹਦਿਆਂ ਨਿੱਕੇ ਜੈਲੇ ਨੇ ਪਹਿਲੀ ਵਾਰ ਫੁਟਬਾਲ ਨੂੰ ਕਿੱਕ ਮਾਰੀ ਸੀ। ਫੁਟਬਾਲ ਵਿੱਚ ਜੋ ਮਾਣ ਅਜੋਕੇ ਮਾਹਿਲਪੁਰ ਨੂੰ ਮਿਲਿਆ ਹੈ, ਵੰਡ ਤੋਂ ਪਹਿਲਾਂ ਉਹੀ ਰੁਤਬਾ ਚੱਕ 272 ਦੇ ਆਸ-ਪਾਸ ਇਲਾਕੇ ਨੂੰ ਮਿਲਦਾ ਸੀ। ਇਹ ਇਲਾਕਾ ਫੁਟਬਾਲ ਦਾ ਗੜ੍ਹ ਸੀ। ਅਸਲ ਵਿੱਚ ਜਰਨੈਲ ਸਿੰਘ ਦੇ ਵੱਡੇ-ਵਡੇਰਿਆਂ ਦਾ ਪਿੰਡ ਹੁਸ਼ਿਆਰੁਪਰ ਦੇ ਇਲਾਕੇ ਵਿੱਚ ਮੁਜਾਰਾ ਡੀਂਗਰੀਆ ਸੀ।

ਚੋਆਂ ਦਾ ਇਲਾਕਾ ਹੋਣ ਕਰਕੇ ਫਸਲਾਂ ਦੀ ਮਾਰ ਕਾਰਨ ਉਸ ਦੇ ਵੱਡੇ-ਵਡੇਰੇ ਲਾਇਲਪੁਰ ਚਲੇ ਗਏ ਸਨ, ਜੋ ਵਾਹੀ ਲਈ ਸਭ ਤੋਂ ਜਰਖੇਜ਼ ਭੂਮੀ ਸੀ। ਜਰਨੈਲ ਸਿੰਘ ਉਸ ਵੇਲੇ ਛੇਵੀਂ ਕਲਾਸ ਵਿੱਚ ਪੜ੍ਹਦਾ ਸੀ, ਜਦੋਂ ਸੰਤਾਲੀ ਦੀ ਵੰਡ ਹੋਈ। ਜਰਨੈਲ ਨੂੰ ਉਸ ਦੇ ਪਿਤਾ ਨੇ ਟਰੱਕ ਵਿੱਚ ਬਿਠਾ ਕੇ ਪਿੰਡੋਂ ਕੱਢਿਆ ਅਤੇ ਅੱਗੇ ਜਾ ਕੇ ਉਹ ਲਾਇਲਪੁਰ (ਹੁਣ ਫੈਸਲਾਬਾਦ) ਤੋਂ ਭਾਰਤ ਵਾਲੀ ਰੇਲ ਗੱਡੀ ਵਿੱਚ ਬੈਠਾ। ਜਰਨੈਲ ਸਿੰਘ ਨੇ ਰੇਲ ਗੱਡੀ ਵਿੱਚ ਲੁਕ-ਛਿਪ ਕੇ ਦੇਖਣਾ ਕਿਵੇਂ ਸਟੇਸ਼ਨਾਂ ਉਤੇ ਮੌਤ ਦਾ ਨੰਗਾ ਨਾਚ ਖੇਡਿਆ ਜਾ ਰਿਹਾ ਹੈ। ਵੰਡ ਦੇ ਸੰਤਾਪ ਨੂੰ ਝੱਲਦਾ ਜਦੋਂ ਜਰਨੈਲ ਫਗਵਾੜਾ ਪਹੁੰਚਿਆ ਤਾਂ ਪੂਰਾ ਸਟੇਸ਼ਨ ਲਹੂ-ਲਹਾਨ ਸੀ ਤੇ ਲਾਸ਼ਾਂ ਦੇ ਢੇਰ ਪਏ ਸਨ। ਇਸ ਤਰ੍ਹਾਂ ਜਰਨੈਲ ਮਸਾਂ ਬਚ ਕੇ ਪੁੱਜਿਆ।

ਜਰਨੈਲ ਸਿੰਘ ਦੇ ਪਰਿਵਾਰ ਨੂੰ ਪਨਾਮ ਜ਼ਮੀਨ ਅਲਾਟ ਹੋ ਗਈ ਤੇ ਉਹਦਾ ਪਰਿਵਾਰ ਇੱਥੋਂ ਦਾ ਪੱਕਾ ਵਸਨੀਕ ਬਣ ਗਿਆ। ਅੱਠਵੀਂ ਕਲਾਸ ਵਿੱਚ ਪੜ੍ਹਦਿਆਂ ਜਰਨੈਲ ਸਿੰਘ ਦਾ ਵਿਆਹ ਇਕਬਾਲ ਕੌਰ ਨਾਲ ਹੋ ਗਿਆ। ਜਰਨੈਲ ਸਿੰਘ ਨੇ ਸਰਕਾਰੀ ਹਾਈ ਸਕੂਲ ਗੜ੍ਹਸ਼ੰਕਰ ਤੋਂ ਮੈਟ੍ਰਿਕ ਕੀਤੀ, ਜਿੱਥੇ ਪੜ੍ਹਦਿਆਂ ਉਸ ਨੇ ਗੜ੍ਹਸ਼ੰਕਰ ਨੂੰ ਸਟੇਟ ਚੈਂਪੀਅਨ ਬਣਾਇਆ। ਪੀ.ਟੀ. ਮਾਸਟਰ ਹਰਬੰਸ ਸਿੰਘ ਸ਼ਾਹੀ ਉਸ ਦਾ ਪਹਿਲਾ ਕੋਚ ਸੀ। ਉਸ ਵੇਲੇ ਉਹ ਜਲੰਧਰੋਂ ਫੁਟਬਾਲ ਲੈਣ ਵਾਸਤੇ ਸਾਈਕਲ ਉਤੇ ਜਾਂਦਾ ਸੀ। ਇਸ ਤੋਂ ਬਾਅਦ ਉਹ ਆਰ.ਕੇ. ਆਰੀਆ ਸਕੂਲ ਨਵਾਂਸ਼ਹਿਰ ਪੜ੍ਹਨ ਚਲਾ ਗਿਆ। ਮਾਹਿਲਪੁਰ ਦੀ ਫੁਟਬਾਲ ਦੇ ਪਿਤਾਮਾ ਕਹੇ ਜਾਂਦੇ ਪ੍ਰਿੰਸੀਪਲ ਹਰਭਜਨ ਸਿੰਘ ਦੇ ਕਹਿਣ 'ਤੇ ਹਰਦਿਆਲ ਸਿੰਘ ਡੀ.ਪੀ.ਈ. ਦੇ ਪ੍ਰੇਰਨਾ ਨਾਲ ਜਰਨੈਲ ਸਿੰਘ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਆ ਗਿਆ। ਇੱਥੋਂ ਜਰਨੈਲ ਦੀ ਚੜ੍ਹਤ ਸ਼ੁਰੂ ਹੋ ਗਈ। ਚਾਰ ਸਾਲ ਉਸ ਨੇ ਆਪਣੇ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਚੈਂਪੀਅਨ ਬਣਾਇਆ। ਉਸ ਵੇਲੇ ਪੰਜਾਬ ਯੂਨੀਵਰਸਿਟੀ ਦਾ ਦਾਇਰਾ ਪੰਜਾਬ ਤੋਂ ਬਾਹਰ ਹਰਿਆਣਾ, ਹਿਮਾਚਲ ਪ੍ਰਦੇਸ਼ ਤੱਕ ਹੁੰਦਾ ਸੀ। ਤਿੰਨ ਵਾਰ ਉਸ ਨੇ ਇੰਟਰ 'ਵਰਸਿਟੀ ਖੇਡੀ।

ਕਾਲਜ ਪੜ੍ਹਦਿਆਂ ਹੀ ਜਰਨੈਲ ਸਿੰਘ ਖਾਲਸਾ ਸਪੋਰਟਿੰਗ ਕਲੱਬ ਵੱਲੋਂ ਖੇਡਣ ਲੱਗਿਆ, ਜਿੱਥੇ ਉਸ ਨੂੰ ਕਲੱਬ ਵੱਲੋਂ ਆਪਣੀ ਜਨਮ ਭੂਮੀ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਉਦੋਂ ਉਹ ਲਾਹੌਰ, ਲਾਇਲਪੁਰ, ਮਿੰਟਗੁਮਰੀ ਖੇਡਣ ਗਿਆ ਸੀ। 1957 ਵਿੱਚ ਡੀ.ਸੀ.ਐੱਮ. ਟੂਰਨਾਮੈਂਟ ਖੇਡਦਿਆਂ ਰਾਜਸਥਾਨ ਕਲੱਬ ਨੂੰ ਜਰਨੈਲ ਦੀ ਖੇਡ ਨੇ ਬਹੁਤ ਪ੍ਰਭਾਵਿਤ ਕੀਤਾ। ਉਦੋਂ ਉਹ ਕਾਲਜ ਦਾ ਹੀ ਵਿਦਿਆਰਥੀ ਸੀ, ਜਦੋਂ ਰਾਜਸਥਾਨ ਕਲੱਬ ਨੇ 500 ਰੁਪਏ ਦਾ ਮਨੀਆਰਡਰ ਆਪਣੇ ਵੱਲੋਂ ਖੇਡਣ ਲਈ ਪਹਿਲੇ ਮਿਹਨਤਾਨੇ ਵਜੋਂ ਭੇਜਿਆ। ਪੂਰੇ ਸਾਲ ਲਈ ਉਸ ਨੂੰ 2500 ਰੁਪਏ ਮਿਲਣੇ ਸਨ।

1958 ਵਿੱਚ ਉਹ ਪਹਿਲੀ ਵਾਰ ਪੰਜਾਬ ਵੱਲੋਂ ਸੰਤੋਸ਼ ਟਰਾਫੀ ਖੇਡਣ ਗਿਆ। ਅਗਲੇ ਹੀ ਸਾਲ 1959 ਵਿੱਚ ਜਰਨੈਲ ਭਾਰਤੀ ਟੀਮ ਵਿੱਚ ਚੁਣਿਆ ਗਿਆ ਅਤੇ ਅਫਗਾਨਿਸਤਾਨ ਟੂਰ 'ਤੇ ਪਹਿਲੀ ਵਾਰ ਭਾਰਤ ਵੱਲੋਂ ਖੇਡਣ ਗਿਆ। ਰਾਜਸਥਾਨ ਕਲੱਬ ਵੱਲੋਂ ਖੇਡਦਿਆਂ ਜਰਨੈਲ ਬੰਗਾਲੀਆਂ ਦੀ ਪਾਰਖੂ ਅੱਖ 'ਤੇ ਚੜ੍ਹ ਗਿਆ। ਮੋਹਨ ਬਗਾਨ ਦੇ ਕੋਚ ਅਰੁਨ ਸਿਨਹਾ ਨੇ ਉਸ ਨੂੰ ਆਪਣੇ ਕਲੱਬ ਵੱਲੋਂ ਖੇਡਣ ਲਈ ਕਿਹਾ ਅਤੇ ਉਸ ਦਾ ਮਿਹਨਤਾਨਾ ਵੀ 3500 ਰੁਪਏ ਮਿੱਥ ਦਿੱਤਾ। ਉਸ ਵੇਲੇ ਉਹ ਦੇਸ਼ ਦਾ ਸਭ ਤੋਂ ਮਹਿੰਗਾ ਫੁਟਬਾਲਰ ਬਣਿਆ। ਜਰਨੈਲ ਨੇ ਮੋਹਨ ਬਗਾਨ ਵੱਲੋਂ ਖੇਡਦਿਆਂ ਪਹਿਲਾ ਕਲੱਕਤਾ ਲੀਗ, ਆਈ.ਆਈ.ਐੱਫ. ਸ਼ੀਲਡ ਜਿੱਤੀ। ਫੇਰ ਉਸ ਨੇ ਫੁਟਬਾਲ ਦਾ ਵੱਕਾਰੀ ਖੇਡ ਟੂਰਨਾਮੈਂਟ ਡੂਰੰਡ ਕੱਪ ਮੋਹਨ ਬਗਾਨ ਦੀ ਝੋਲੀ ਪਾਇਆ। ਉਸ ਨੇ ਛੇ ਵਾਰ ਕਲੱਕਤਾ ਲੀਗ ਅਤੇ ਪੰਜ ਵਾਰ ਡੂਰੰਡ ਕੱਪ ਜਿਤਾਇਆ। ਦੋ ਵਾਰ ਤਾਂ ਉਹ ਟੀਮ ਦਾ ਕਪਤਾਨ ਸੀ।

1968 ਵਿੱਚ ਕਲੱਕਤਾ ਡਰਬੀ ਮੈਚ ਵਿੱਚ ਜਰਨੈਲ ਦੇ ਬਲਬੂਤੇ ਮੋਹਨ ਬਗਾਨ ਨੇ ਈਸਟ ਬੰਗਾਲ ਨੂੰ 2-0 ਨਾਲ ਹਰਾਇਆ। 1967 ਵਿੱਚ ਮੋਹਨ ਬਗਾਨ ਨੇ ਵਾਸਕੋ ਸਪੋਰਟਿੰਗ ਕਲੱਬ ਨੂੰ ਫਾਈਨਲ ਵਿੱਚ 1-0 ਨਾਲ ਹਰਾ ਕੇ ਰੋਵਰਜ਼ ਕੱਪ ਜਿੱਤਿਆ। ਮੋਹਨ ਬਗਾਨ ਨੇ ਸਭ ਤੋਂ ਵੱਧ ਵਾਰ ਡੂਰੰਡ ਕੱਪ (16) ਤੇ ਰੋਵਰਜ਼ ਕੱਪ (14) ਜਿੱਤਿਆ ਹੈ। ਜਰਨੈਲ ਮੋਹਨ ਬਗਾਨ ਦਾ ਸਭ ਤੋਂ ਚਹੇਤਾ ਖਿਡਾਰੀ ਬਣ ਗਿਆ। ਉਸ ਨੂੰ ਮਿਲਦਾ ਮਿਹਨਤਾਨਾ ਵੀ ਵਧਦਾ ਵਧਦਾ 10,000 ਰੁਪਏ ਤੱਕ ਪੁੱਜ ਗਿਆ।

ਮੋਹਨ ਬਗਾਨ ਵਿੱਚ ਆਉਣ ਤੋਂ ਬਾਅਦ ਜਰਨੈਲ ਨੇ ਭਾਰਤੀ ਟੀਮ ਵੱਲੋਂ ਵੀ ਨਾਮ ਚਮਕਾਉਣਾ ਸ਼ੁਰੂ ਕਰ ਦਿੱਤਾ। 1960 ਦੀਆਂ ਰੋਮ ਓਲੰਪਿਕ ਖੇਡਾਂ ਵਿੱਚ ਉਹ ਭਾਰਤੀ ਟੀਮ ਦਾ ਮੈਂਬਰ ਸੀ। ਓਲੰਪਿਕਸ ਵਿੱਚ ਦਿਖਾਈ ਖੇਡ ਕਾਰਨ ਉਸ ਦੀ ਚੋਣ ਵਿਸ਼ਵ ਇਲੈਵਨ ਵਿੱਚ ਹੋਈ। ਫੀਫਾ ਵਿਸ਼ਵ ਇਲੈਵਨ ਵਿੱਚ ਚੁਣਿਆ ਜਾਣ ਵਾਲਾ ਉਹ ਇਕਲੌਤਾ ਏਸ਼ੀਅਨ ਡਿਫੈਂਡਰ ਸੀ। 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਦੇ ਪਹਿਲੇ ਹੀ ਮੈਚ ਵਿੱਚ ਥਾਈਲੈਂਡ ਖਿਲਾਫ ਖੇਡਦਿਆਂ ਜਰਨੈਲ ਸਿੰਘ ਦੇ ਸਿਰ ਵਿੱਚ ਸੱਟ ਲੱਗ ਗਈ ਅਤੇ ਉਸ ਦੇ ਛੇ ਟਾਂਕੇ ਲੱਗੇ। ਵੀਅਤਨਾਮ ਖਿਲਾਫ ਸੈਮੀ ਫਾਈਨਲ ਮੈਚ ਸੀ। ਵੀਅਤਨਾਮ ਵਿਰੁੱਧ ਜਰਨੈਲ ਨੇ ਫਾਰਵਰਡ ਖੇਡਦਿਆਂ ਇੱਕ ਗੋਲ ਕੀਤਾ ਅਤੇ ਭਾਰਤ 3-1 ਦੀ ਜਿੱਤ ਨਾਲ ਫਾਈਨਲ ਵਿੱਚ ਪੁੱਜ ਗਿਆ। ਫਾਈਨਲ ਮੈਚ ਕੋਰੀਆ ਖਿਲਾਫ ਸੀ ਅਤੇ ਜਰਨੈਲ ਨੇ ਸੱਟ ਦੇ ਬਾਵਜੂਦ ਸਿਰ ਨਾਲ ਹੀ ਇੱਕ ਬਿਹਤਰੀਨ ਗੋਲ ਕੀਤਾ, ਜੋ ਫੈਸਲਾਕੁੰਨ ਸਾਬਤ ਹੋਇਆ। ਜਰਨੈਲ ਦੇ ਸਿਰ 'ਤੇ ਭਾਰਤ ਨੇ ਏਸ਼ਿਆਈ ਖੇਡਾਂ ਦਾ ਸੋਨ ਤਮਗਾ ਜਿੱਤ ਲਿਆ। ਏਸ਼ਿਆਈ ਖੇਡਾਂ ਵਿੱਚ ਭਾਰਤ ਦੀ ਇਹ ਆਖਰੀ ਪ੍ਰਾਪਤੀ ਸੀ। 1962 ਵਿੱਚ ਜਰਨੈਲ ਨੂੰ ਭਾਰਤ ਦਾ 'ਪਲੇਅਰ ਆਫ ਦਾ ਯੀਅਰ' ਚੁਣਿਆ ਗਿਆ। ਇੰਡੀਅਨ ਐਕਸਪ੍ਰੈਸ ਨੇ ਸਾਲ 1963 ਵਿੱਚ ਉਸ ਨੂੰ 'ਮੋਸਟ ਪਾਪੂਲਰ ਸਪੋਰਟਸਪਰਸਨ ਆਫ ਦਾ ਕੰਟਰੀ' ਦਾ ਟਾਈਟਲ ਦਿੱਤਾ।

1964 ਵਿੱਚ ਮਦੇਰਕਾ ਕੱਪ ਖੇਡਦਿਆਂ ਜਰਨੈਲ ਦੀ ਖੇਡ ਬਹੁਤ ਸਲਾਹੀ ਗਈ। ਭਾਰਤੀ ਟੀਮ ਉਪ ਜੇਤੂ ਬਣੀ। ਇਜ਼ਰਾਇਲ ਦੇ ਸ਼ਹਿਰ ਅਲ ਤਵੀਵ ਵਿਖੇ ਹੋਏ ਏਸ਼ੀਆ ਕੱਪ ਵਿੱਚ ਭਾਰਤ ਨੇ ਚਾਂਦੀ ਦਾ ਤਮਗਾ ਜਿੱਤਿਆ। ਜਰਨੈਲ ਸਿੰਘ ਨੂੰ ਦੋਹਰਾ ਸਨਮਾਨ ਮਿਲਿਆ। ਫੁਟਬਾਲ ਸੰਘ ਨੇ ਭਾਰਤੀ ਟੀਮ ਦਾ ਕਪਤਾਨ ਬਣਾ ਦਿੱਤਾ ਅਤੇ ਭਾਰਤ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਖੇਡ ਪੁਰਸਕਾਰ ਅਰਜੁਨਾ ਐਵਾਰਡ ਨਾਲ ਨਿਵਾਜਿਆ। 1965 ਤੋਂ 1967 ਤੱਕ ਤਿੰਨ ਸਾਲ ਜਰਨੈਲ ਨੇ ਭਾਰਤੀ ਟੀਮ ਦੀ ਕਪਤਾਨੀ ਕੀਤੀ। 1966 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿੱਚ ਉਹ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ। 1965-66 ਤੇ 1966-67 ਵਿੱਚ ਦੋ ਵਾਰ ਉਹ ਏਸ਼ੀਅਨ ਆਲ ਸਟਾਰ ਟੀਮ ਦਾ ਕਪਤਾਨ ਚੁਣਿਆ ਗਿਆ। 1967 ਵਿੱਚ ਇੱਕ ਟੂਰਨਾਮੈਂਟ ਖੇਡਦਿਆਂ ਜਰਨੈਲ ਨੂੰ ਦੇਖ ਕੇ ਫੀਫਾ ਦੇ ਉਸ ਵੇਲੇ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਕਿਹਾ ਸੀ ਕਿ ਜਰਨੈਲ ਕਿਸੇ ਵੀ ਮੁਲਕ ਵਿੱਚ ਚਲਾ ਜਾਵੇ, ਹਰ ਮੁਲਕ ਦੀ ਟੀਮ ਉਸ ਨੂੰ ਖਿਡਾ ਕੇ ਮਾਣ ਮਹਿਸੂਸ ਕਰੇਗੀ।

1968 ਵਿੱਚ ਸੱਟ ਲੱਗਣ ਤੋਂ ਬਾਅਦ ਜਰਨੈਲ ਅਗਲੇ ਸਾਲ 1969 ਵਿੱਚ ਮੋਹਨ ਬਗਾਨ ਵਿੱਚ 10 ਸਾਲ ਪੂਰੇ ਕਾਰਨ ਤੋਂ ਬਾਅਦ ਪੰਜਾਬ ਪਰਤ ਆਇਆ। ਉਸ ਵੇਲੇ ਪੰਜਾਬ ਦੇ ਖੇਡ ਵਿਭਾਗ ਵਿੱਚ ਉਹ ਜ਼ਿਲ੍ਹਾ ਖੇਡ ਅਫਸਰ ਸੀ ਅਤੇ ਪੰਜਾਬ ਦੀ ਫੁਟਬਾਲ ਟੀਮ ਦਾ ਸੀਨੀਅਰ ਕੋਚ ਸੀ। ਜਰਨੈਲ ਸਿੰਘ ਦੇ ਸਿਰ 'ਤੇ ਪੰਜਾਬ ਪਹਿਲੀ ਵਾਰ 1970 ਵਿੱਚ ਸੰਤੋਸ਼ ਟਰਾਫੀ ਦਾ ਚੈਂਪੀਅਨ ਬਣਿਆ। ਉਸ ਤੋਂ ਬਾਅਦ ਜਰਨੈਲ ਸਿੰਘ ਨੇ ਟੀਮ ਦੀ ਕੋਚਿੰਗ ਸਾਂਭ ਲਈ। ਚਾਰ ਵਰ੍ਹਿਆਂ ਬਾਅਦ ਪੰਜਾਬ ਦੂਜੀ ਵਾਰ ਸੰਤੋਸ਼ ਟਰਾਫੀ ਚੈਂਪੀਅਨ ਬਣਿਆ। ਜਰਨੈਲ ਸਿੰਘ ਖੇਡ ਵਿਭਾਗ ਪੰਜਾਬ ਵਿੱਚ ਕਾਰਜਕਾਰੀ ਡਾਇਰੈਕਟਰ ਦੇ ਅਹੁਦੇ ਤੱਕ ਪੁੱਜਿਆ। 1994 ਵਿੱਚ ਉਹ ਰਿਟਾਇਰ ਹੋਇਆ।

ਜਰਨੈਲ ਸਿੰਘ ਦੇ ਪੰਜ ਧੀਆਂ ਤੇ ਦੋ ਪੁੱਤਰ ਸਨ। ਦੋਵੇਂ ਪੁੱਤਰਾਂ ਦੇ ਨਾਮ ਉਸ ਦੇ ਮਹਿਬੂਬ ਕਲੱਬ ਮੋਹਨ ਬਗਾਨ ਦੇ ਨਾਮ ਉਤੇ ਸਨ। ਜਗਮੋਹਨ ਸਿੰਘ ਤੇ ਹਰਸ਼ਮੋਹਨ ਸਿੰਘ। ਜਗਮੋਹਨ ਬੀ.ਐਸ.ਐਫ. ਵੱਲੋਂ ਫੁਟਬਾਲ ਖੇਡਦਾ ਸੀ ਅਤੇ ਭਾਰਤੀ ਟੀਮ ਵੱਲੋਂ ਵੀ ਸੈਫ ਖੇਡਾਂ ਵਿੱਚ ਹਿੱਸਾ ਲਿਆ। ਹਰਸ਼ਮੋਹਨ ਯੂਨੀਵਰਸਿਟੀ ਤੱਕ ਖੇਡਿਆ। 1994 ਵਿੱਚ ਜਰਨੈਲ ਸਿੰਘ ਦੀ ਪਤਨੀ ਦਾ ਦੇਹਾਂਤ ਹੋ ਗਿਆ। ਫੇਰ ਉਸ ਦੇ ਨੌਜਵਾਨ ਜਵਾਈ ਦੀ ਮੌਤ ਹੋ ਗਈ। 1996 ਵਿੱਚ ਜਰਨੈਲ ਦੇ ਮੁੰਡੇ ਜਗਮੋਹਨ ਨੇ ਭਰ ਜੁਆਨੀ ਵਿੱਚ ਖੁਦਕੁਸ਼ੀ ਕਰ ਲਈ। ਜਰਨੈਲ ਤੋਂ ਇਹ ਸਦਮਾ ਸਹਾਰਿਆ ਨਾ ਗਿਆ। ਜਰਨੈਲ ਦੀ ਜ਼ਿੰਦਗੀ ਬਦਰੰਗ ਹੋ ਗਈ। ਇਸ ਦੌਰਾਨ ਉਹ ਆਪਣੇ ਦੂਜੇ ਮੁੰਡੇ ਹਰਸ਼ਮੋਹਨ ਕੋਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਚਲਾ ਗਿਆ, ਪਰ ਜਰਨੈਲ ਦੀ ਜ਼ਿੰਦਗੀ ਵਿੱਚ ਫਿਰ ਵੀ ਬਹਾਰ ਨਾ ਆਈ। ਪੂਰੇ ਖੇਡ ਜੀਵਨ ਦੌਰਾਨ ਐਬਾਂ ਤੋਂ ਦੂਰ ਰਹਿਣ ਵਾਲੇ ਜਰਨੈਲ ਨੇ ਆਪਣੇ ਦੁੱਖਾਂ ਨੂੰ ਭੁਲਾਉਣ ਲਈ ਸ਼ਰਾਬ ਦਾ ਸਹਾਰਾ ਲਿਆ। ਉਸ ਦੀ ਸਿਹਤ ਦਿਨ-ਬ-ਦਿਨ ਵਿਗੜਦੀ ਗਈ। ਅੰਤ 13 ਅਕਤੂਬਰ 2000 ਦੇ ਮਨਹੂਸ ਦਿਨ ਭਾਰਤੀ ਫੁਟਬਾਲ ਨੇ ਆਪਣਾ ਸਭ ਤੋਂ ਵੱਡਾ ਸਿਤਾਰਾ ਗੁਆ ਲਿਆ। ਜਰਨੈਲ ਨੇ ਉਸੇ ਸਾਲ ਨਵੰਬਰ ਮਹੀਨੇ ਭਾਰਤ ਆਉਣ ਦੀ ਟਿਕਟ ਕਟਾਈ ਸੀ, ਪਰ ਭਾਰਤ ਆਉਣ ਦੀ ਤਮੰਨਾ ਵਿਚਾਲੇ ਹੀ ਰਹਿ ਗਈ। ਉਸ ਦੀ ਮ੍ਰਿਤਕ ਦੇਹ ਭਾਰਤ ਲਿਆਂਦੀ ਗਈ। ਉਸ ਵੇਲੇ ਦੇ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਹਵਾਈ ਅੱਡੇ ਉਤੇ ਉਸ ਦੀ ਮ੍ਰਿਤਕ ਦੇਹ ਨੂੰ ਰਿਸੀਵ ਕੀਤਾ। ਜਰਨੈਲ ਸਿੰਘ ਦੀ ਯਾਦਗਾਰ ਉਸ ਦੇ ਪਿੰਡ ਪਨਾਮ ਬਣਾਈ ਗਈ, ਜਿੱਥੇ ਉਸ ਨੂੰ ਫੁਟਬਾਲ ਦਾ ਬਾਬਾ ਬੋਹੜ ਲਿਖ ਕੇ ਸਨਮਾਨ ਦਿੱਤਾ ਗਿਆ। ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਆਲੀਸ਼ਾਨ ਓਲੰਪੀਅਨ ਜਰਨੈਲ ਸਿੰਘ ਯਾਦਗਾਰੀ ਸਟੇਡੀਅਮ ਉਸਾਰਿਆ ਗਿਆ। ਉਸ ਦੀ ਯਾਦ ਵਿੱਚ ਜਰਨੈਲ ਸਿੰਘ ਫੁਟਬਾਲ ਟੂਰਨਾਮੈਂਟ ਸ਼ੁਰੂ ਕੀਤਾ ਗਿਆ।



ਜਰਨੈਲ ਸਿੰਘ- ਜਵਾਨੀ ਵੇਲੇ ਤੇ ਵਡੇਰੀ ਉਮਰੇ

**ਬਾਰੀਕ ਬਾਰੀਕ ਤੰਦਾਂ ਨਾਲ ਬੁਣੀ ਗਈ ਇਸ ਕਹਾਣੀ ਦੀ ਬੁਣਤੀ ਬੜੀ ਦਿਲ ਟੁੰਬਵੀਂ ਹੈ ਤੇ ਅਹਿਸਾਸ ਨਾਲ ਭਰੀ ਭਰੀ ਹੈ। ਕਹਾਣੀਕਾਰ ਨੇ ਰਾਮ ਚੰਦ ਡਾਕੀਏ ਰਾਹੀਂ ਜੋ ਸੁਨੇਹਾ ਦਿੱਤਾ ਹੈ, ਉਹ ਹੈ ਤਾਂ ਬੜਾ ਸਾਦਾ ਜਿਹਾ, ਪਰ ਉਸ ਵਿੱਚ ਜ਼ਿੰਮੇਵਾਰੀਆਂ ਨਿਭਾਉਣ ਦੀ ਜੋ ਦ੍ਰਿੜਤਾ ਦਰਸਾਈ ਗਈ ਹੈ ਤੇ ਉਸ ਵਿੱਚੋਂ ਮਿਲਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਹ ਬਹੁਤ ਹੀ ਸਾਰਥਕ ਹੋਣ ਦੇ ਨਾਲ ਨਾਲ ਸਕੂਨ ਦੇਣ ਵਾਲੇ ਹਨ।**

## ਕਹਾਣੀ

ਸਿਮਰਨ ਧਾਲੀਵਾਲ
ਫੋਨ: +91-9463215168



# ਰਾਮ ਚੰਦ ਡਾਕੀਆ

ਸਵੇਰ ਤੋਂ ਹੀ ਨਿੱਕਾ-ਨਿੱਕਾ ਮੀਂਹ ਪੈ ਰਿਹਾ ਸੀ।

ਰਾਮ ਚੰਦ ਨੇ ਪੈਂਦੀਆਂ ਕਣੀਆਂ ਵਿੱਚ ਹੀ ਨੇੜੇ-ਨੇੜੇ ਡਾਕ ਵੰਡੀ। ਫਿਰ ਡਾਕ ਘਰ ਗਿਆ। ਕਲਰਕ ਪ੍ਰੇਮ ਪਾਲ ਨਾਲ ਦੋ ਚਾਰ ਗੱਲਾਂ ਕੀਤੀਆਂ। ਡਾਕ ਪੈਕ ਕਰਨ ਵਾਲੇ ਮੁੰਡੇ ਸੁਧੀਰ ਦਾ ਹਾਲ-ਚਾਲ ਪੁਛਿਆ ਤੇ ਛਤਰੀ ਤਾਣੀ, ਫਾਟਕ ਵਾਲੀ ਗਲੀ ਪੈ ਕੇ ਘਰ ਆ ਗਿਆ। ਗਿੱਲੇ ਕੱਪੜੇ ਉਤਾਰੇ। ਡਾਕ ਵਾਲੇ ਥੈਲੇ ਵਿੱਚੋਂ ਬਚੀਆਂ ਚਿੱਠੀਆਂ ਤੇ ਇੱਕ ਮਨੀਆਰਡਰ ਕੱਢ ਕੇ ਨੇੜੇ ਹੀ ਮੇਜ਼ ਉਤੇ ਖਿਲਾਰ ਦਿੱਤੇ। ਥੈਲੇ ਵਿੱਚ ਪਾਣੀ ਤਾਂ ਨਹੀਂ ਸੀ ਪਿਆ, ਪਰ ਡਾਕ ਸਿੱਲੀ ਜਿਹੀ ਸੀ।

"ਮੀਂਹ ਵੀ ਕਿਤੇ ਥੋੜ੍ਹਾ ਪਿਆ!" ਉਹਨੇ ਮਨ ਵਿੱਚ ਸੋਚਿਆ।

ਫਿਰ ਉਹਦਾ ਧਿਆਨ ਮਨੀਆਰਡ ਵੱਲ ਚਲਾ ਗਿਆ। ਪੈਂਤੀ ਸੌ ਰੁਪਈਆਂ ਦਾ ਮਨੀਆਰਡਰ ਸੀ। ਜਾਣਦੇ ਹੋਏ ਵੀ ਇਹ ਕਿਸਦਾ ਹੈ ਤੇ ਕਿੱਥੋਂ ਆਇਆ, ਰਾਮ ਚੰਦ ਫਿਰ ਵੀ ਮਨੀਆਰਡਰ 'ਤੇ ਲ਼ਿਖਿਆ ਹੋਇਆ ਪਤਾ ਦੁਬਾਰਾ ਪੜ੍ਹਨ ਲੱਗਾ- 'ਬਲਬੀਰ ਸਿੰਘ ਪਿਤਾ ਅਛਰੂ ਸਿੰਘ ਮਕਾਨ ਨੰ: 32 ਬੈਂਕ ਵਾਲੀ ਗਲੀ। ਸ਼ਾਂਤੀ ਨਗਰ।'

ਸਭ ਤੋਂ ਹੇਠਾਂ ਭੇਜਣ ਵਾਲੇ ਦਾ ਪਤਾ ਸੀ। ਭੇਜਣ ਵਾਲਾ ਸੀ ਬਲਬੀਰ ਸਿੰਘ ਦਾ ਪੁੱਤਰ ਮਹਾਂਬੀਰ। ਜੋ ਕਿਧਰੇ ਅਸਾਮ ਵਾਲੇ ਪਾਸੇ ਕਿਸੇ ਕੰਪਨੀ ਵਿੱਚ ਮੁਲਾਜ਼ਮ ਸੀ।

"ਵਿਚਾਰਾ ਬਲਬੀਰ ਸਿਹੁੰ ਰੋਜ਼ ਪੁਛਦਾ ਸੀ ਮਨੀਆਰਡਰ ਦਾ। ਮੀਂਹ ਨੇ ਪੇਸ਼ ਨਹੀਂ ਜਾਣ ਦਿੱਤੀ, ਨਹੀਂ ਤਾਂ ਅੱਜ ਹੀ ਦੇ ਕੇ ਆਉਂਦਾ।" ਰਾਮ ਚੰਦ ਨੂੰ ਜਿਵੇਂ ਕੋਈ ਪਛਤਾਵਾ ਜਿਹਾ ਹੋ ਰਿਹਾ ਹੋਵੇ। ਪਿਛਲੀ ਵਾਰ ਜਦੋਂ ਉਹ ਬਲਬੀਰ ਸਿਹੁੰ ਦੇ ਮੁਹੱਲੇ ਵਿੱਚ ਕਿਸੇ ਦੀ ਡਾਕ ਦੇਣ ਗਿਆ ਸੀ ਤਾਂ ਧੁੱਪੇ ਕੇਸੀ ਨਹਾ ਕੇ ਬੈਠੇ ਬਲਬੀਰ ਸਿਹੁੰ ਨੇ ਰਾਮ ਚੰਦ ਨੂੰ ਗਲੀ ਵਿੱਚੋਂ ਲੰਘਦਿਆਂ ਦੇਖ ਕੇ ਹਾਕ ਮਾਰ ਲਈ ਸੀ।

"ਰਾਮ ਚੰਦਾ ਆਜਾ! ਸੇਕ ਲੈ ਧੁੱਪ ਤੂੰ ਵੀ ਘੜੀ।" ਜਨਵਰੀ ਦਾ ਪਹਿਲਾ ਹਫ਼ਤਾ ਸੀ ਉਦੋਂ। ਠੰਡ ਤਾਂ ਲੋਹੜੇ ਦੀ ਸੀ। ਰਾਮ ਚੰਦ ਧੁੱਪ ਸੇਕਣ ਦੇ ਲਾਲਚ ਤੋਂ ਬਚ ਨਾ ਸਕਿਆ ਤੇ ਜਾ ਕੇ ਬਲਬੀਰ ਸਿਹੁੰ ਦੇ ਨੇੜੇ ਪਈ ਲੋਹੇ ਦੀ ਕੁਰਸੀ 'ਤੇ ਜਾ ਬੈਠਾ।

"ਮੇਰਾ ਮਨੀਆਰਡ ਆਉਣਾ ਇੱਕ ਰਾਮ ਚੰਦ। ਧਿਆਨ ਰੱਖੀਂ।" ਬੁੱਢੇ ਬਲਬੀਰ ਸਿਹੁੰ ਨੇ ਡੂੰਘੀਆਂ ਨਜ਼ਰਾਂ ਨਾਲ ਰਾਮ ਚੰਦ ਵੱਲ ਦੇਖਦਿਆਂ ਆਖਿਆ ਸੀ।

"ਕਿੱਥੋਂ ਆਉਣੈ?" ਰਾਮ ਚੰਦ ਨੇ ਹੈਰਾਨੀ ਭਾਵ ਨਾਲ ਪੁਛਿਆ ਸੀ। ਵੀਹ ਵਰ੍ਹੇ ਤੋਂ ਉਹ ਰਹਿ ਰਿਹਾ ਸੀ ਇਸ ਸ਼ਹਿਰ ਵਿਚ। ...ਤੇ ਵੀਹ ਸਾਲਾਂ ਤੋਂ ਹੀ ਉਹ ਬਲਬੀਰ ਸਿਹੁੰ ਦਾ ਵਾਕਿਫ਼ ਸੀ। ਉਹਨੂੰ ਤਾਂ ਕਦੇ ਬੇਰੰਗ ਚਿੱਠੀ ਨਹੀਂ ਸੀ ਆਈ। ਫਿਰ ਇਹ ਮਨੀਆਰਡਰ...।

"ਆਪਣਾ ਮਹਾਂਬੀਰ ਨਈਂ ਗਿਆ ਚਲਾ ਕੰਮ 'ਤੇ 'ਸਾਮ ਵੱਲ ਨੂੰ, ਉਹ ਭੇਜੂ। ਕਹਿੰਦਾ ਸੀ ਪਹਿਲ਼ੀ ਤਨਖਾਹ ਮਿਲਦਿਆਂ ਸਾਰ ਮਨੀਆਰਡਰ ਕਰੂ। ਤੂੰ ਲੈ ਕੇ ਆਏਗਾ ਜਦੋਂ, ਤੈਨੂੰ ਮੈਂ ਲੱਡੂ ਖਵਾਊਂ। ਨਾਲੇ ਬਾਬੇ ਦੇ ਵੀ ਪ੍ਰਸ਼ਾਦ ਚੜ੍ਹਾਅ ਕੇ ਆਉਣਾ।" ਬਲਬੀਰ ਸਿਹੁੰ ਦੀ ਚਾਬੀਆਂ ਬਣਾਉਣ ਦੀ ਦੁਕਾਨ ਹੁੰਦੀ ਸੀ ਡਾਕਖਾਨੇ ਦੇ ਨੇੜੇ। ਲੰਘਦਿਆਂ-ਟੱਪਦਿਆਂ ਰਾਮ ਚੰਦ ਉਸਦੇ ਮੱਥੇ ਲੱਗਦਾ ਰਹਿੰਦਾ। ਇਉਂ ਉਸਦੀ ਪਹਿਚਾਣ ਕੋਈ ਨਵੀਂ ਥੋੜ੍ਹੇ ਸੀ ਬਲਬੀਰ ਸਿਹੁੰ ਨਾਲ। ਮਨੀਆਰਡਰ ਦੇਖ ਕੇ ਉਸਨੂੰ ਕਿੰਨਾ ਕੁਝ ਮੁੜ ਯਾਦ ਆ ਗਿਆ ਸੀ। ਜਦੋਂ ਉਹ ਤੇ ਉਹਦੀ ਪਤਨੀ ਗੀਤਾ ਆਏ ਸੀ ਇੱਥੇ, ਉਦੋਂ ਕੌਣ ਜਾਣਦਾ ਸੀ ਉਹਨੂੰ ਇਸ ਸ਼ਹਿਰ ਵਿੱਚ? ਪਿੰਡੋਂ ਇੰਨੀ ਦੂਰ ਬਦਲੀ। ਬੇਗਾਨਾ ਇਲਾਕਾ, ਬੇਗਾਨਾ ਸ਼ਹਿਰ। ਕਈ ਦਿਨ ਉਹ ਗੁਆਚੇ ਜਿਹੇ ਫਿਰਦੇ ਰਹੇ। ਹੌਲ਼ੀ-ਹੌਲੀ ਗੀਤਾ ਆਂਢ ਗੁਆਂਢ ਆਉਣ-ਜਾਣ ਲੱਗੀ। ਹੌਲੀ-ਹੌਲੀ ਆਂਢ-ਗੁਆਂਢ ਉਨ੍ਹਾਂ ਦੇ ਆਉਣ-ਜਾਣ ਲੱਗਿਆ। ਫਿਰ ਦਾਲ-ਸਬਜ਼ੀ ਦੀ ਸਾਂਝ। ਗੀਤਾ ਨੇ ਮਨ ਲਗਾ ਲਿਆ। ਰਾਮ ਚੰਦ ਡਾਕ ਵੰਡਣ ਜਾਂਦਾ। ਬਾਜ਼ਾਰੋਂ ਸੌਦਾ-ਸੂਤ ਖਰੀਦਦਾ। ਹੱਟੀਆਂ-ਭੱਠੀਆਂ 'ਤੇ ਲਿਹਾਜ਼ ਬਣਨ ਲੱਗਾ। ਦੋ ਕੁ ਸਾਲਾਂ ਮਗਰੋਂ ਉਨ੍ਹਾਂ ਛੋਟਾ ਜਿਹਾ ਮਕਾਨ ਖਰੀਦ ਲਿਆ।

"ਖਬਰੇ ਇਹ ਘਰ ਤੇ ਸ਼ਹਿਰ ਹੀ ਕਰਮਾਂ ਵਾਲਾ ਹੋਵੇ। ਸਾਡੀ ਵੀ ਜੱਗ ਨਾਲ ਸਾਂਝ ਬਣ ਜਾਏ।" ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ ਤੇ ਗੀਤਾ ਔਲਾਦ ਨੂੰ ਤਰਸਦੀ ਦਿਨ-ਰਾਤ ਦੇਵੀ ਅੱਗੇ ਅਰਜੋਈਆਂ ਕਰਦੀ, ਪਰ ਵਕਤ ਦੀਆਂ ਰਮਜ਼ਾਂ ਕੌਣ ਜਾਣੇ? ਗੀਤਾ ਸਾਹ ਦੀ ਬਿਮਾਰੀ ਨਾਲ ਤੁਰਦੀ ਬਣੀ ਤੇ ਪਿੱਛੋਂ ਰਹਿ ਗਿਆ ਰਾਮ ਚੰਦ ਇਕੱਲਾ। ਨਾ ਇਸ ਪਾਰ, ਨਾ ਉਸ ਪਾਰ। ਪਿੱਛੇ ਪਿੰਡ ਬੈਠੇ ਭੈਣ-ਭਾਈ ਤਾਂ ਹੋਰ ਵਿਆਹ ਦੀਆਂ ਤਜਵੀਜ਼ਾਂ ਦਿੰਦੇ ਰਹੇ, ਪਰ ਰਾਮ ਚੰਦ ਦਾ ਮਨ ਨਹੀਂ ਸੀ ਮੰਨਿਆ।

"ਵਿਚ ਵਿਚਾਲੇ ਜਿਹੇ ਦੀ ਉਮਰੇ, ਹੁਣ ਕੀ ਲੈਣਾ ਹੋਰ ਵਿਆਹ ਕਰਵਾ ਕੇ...।" ਉਹਨੇ ਮਨ ਵਿੱਚ ਪੱਕ ਕਰ ਲਈ। ...ਤੇ ਹੁਣ ਕਿੰਨੇ ਹੀ ਸਾਲਾਂ ਤੋਂ ਉਹ ਇਕੱਲਾ ਸੀ ਇਸ ਸ਼ਹਿਰ ਵਿੱਚ, ਗੀਤਾ ਤੋਂ ਬਿਨਾ; ਪਰ ਹੁਣ ਸ਼ਹਿਰ ਵਿੱਚ ਉਸਦੀ ਜਾਣ-ਪਛਾਣ ਸੀ। ਲੋਕ ਉਸਨੂੰ ਰਾਮ ਚੰਦ ਡਾਕੀਏ ਵਜੋਂ ਪਛਾਣਦੇ ਸਨ।

ਰਾਮ ਚੰਦ ਦਾ ਮਨ ਚਾਹ ਪੀਣ ਨੂੰ ਕੀਤਾ।

ਉਹਨੇ ਸਟੋਵ ਬਾਲ ਕੇ, ਪਾਣੀ ਪਾ ਕੇ ਪਤੀਲੀ ਸਟੋਵ ਉਤੇ ਧਰ ਦਿੱਤੀ। ਚੂੰਢੀ ਭਰ ਕੇ ਚਾਹ ਦਾ ਮਸਾਲਾ ਪਾਇਆ ਤੇ ਪਾਣੀ ਗਰਮ ਹੋਏ ਤੋਂ ਖੰਡ ਤੇ ਚਾਹ ਪੱਤੀ ਪਾ ਦਿੱਤੀ। ਪਾਣੀ ਰਿੱਝ-ਰਿੱਝ ਪਤੀਲੀ ਦੇ ਕੰਡਿਆਂ ਤੀਕ ਆਇਆ ਤਾਂ ਜ਼ਰੂਰਤ ਜੋਗਾ ਦੁੱਧ ਪਾ ਕੇ ਉਹ, ਉਬਾਲਾ ਆਉਣ ਦੀ ਉਡੀਕ ਕਰਨ ਲੱਗਾ।

ਚਾਹ ਪੀ ਕੇ ਰਾਮ ਚੰਦ ਦੇ ਠਰੇ ਸਰੀਰ ਵਿੱਚ ਥੋੜ੍ਹੀ ਜਾਨ ਆਈ।

ਬਾਹਰ ਅਜੇ ਵੀ ਕਣੀਆਂ ਪੈ ਰਹੀਆਂ ਸਨ। ਉਹਨੇ ਦੇਖਿਆ, ਘਰੇ ਕੋਈ ਵੀ ਸਬਜ਼ੀ ਨਹੀਂ ਸੀ ਪਈ। ਸਵੇਰੇ ਉਹ ਸੋਚ ਕੇ ਤੁਰਿਆ ਸੀ ਕਿ ਸ਼ਾਮੀ ਦਫ਼ਤਰ ਤੋਂ ਮੁੜਦਿਆਂ ਉਹ ਸਬਜ਼ੀ ਲੈਂਦਾ ਆਏਗਾ, ਪਰ ਮੀਂਹ ਕਾਰਨ ਉਹਨੂੰ ਅੱਜ ਦੇ ਸਾਰੇ ਕੰਮ ਹੀ ਵਿਸਰ ਗਏ ਸਨ। ਉਹਦੀ ਆਪਣੀ ਗੋਡਿਆਂ ਦੇ ਦਰਦ ਦੀ ਦਵਾਈ ਪਰਸੋਂ ਦੀ ਮੁੱਕੀ ਪਈ ਸੀ। ...ਤੇ ਫਿਰ ਬਲਬੀਰ ਸਿੰਘ ਦਾ ਮਨੀਆਰਡਰ...। ਅੱਜ ਤਾਂ ਕਿੰਨੇ ਕੰਮ ਅਧੂਰੇ ਰਹਿ ਗਏ। ਉਹ ਫਿਰ ਤੋਂ ਮਨ ਵਿੱਚ ਝੂਰਨ ਲੱਗਾ।

"ਬਲਬੀਰ ਸਿਹੁੰ ਨੂੰ ਖੌਰੇ ਕਿੰਨੀ ਕੁ ਜ਼ਰੂਰਤ ਹੋਣੀ ਰੁਪਈਆਂ ਦੀ!" ਪਛਤਾਵੇ ਦੇ ਭਾਵ ਮੁੜ ਉਹਦੇ ਚਿਹਰੇ 'ਤੇ ਫੈਲ ਗਏ, ਪਰ ਉਹਨੇ ਖੁਦ ਨੂੰ ਦੂਜੇ ਪਾਸੇ ਮੋੜ ਲਿਆ।

"ਫੱਕਾ ਦਾਲ ਹੀ ਧਰ ਲੈਂਦਾ ਅੱਜ। ਕੌਣ ਜਾਵੇ ਹੁਣ ਚਿੱਕੜ ਮਿੱਧਦਾ।" ਉਹਨੇ ਦੇਖਿਆ, ਬੂਹੇ 'ਤੇ ਟੰਗੀ, ਮਹਿਕਮੇ ਵੱਲੋਂ ਮਿਲੀ ਮੋਟੇ ਕੱਪੜੇ ਦੀ ਖਾਕੀ ਬਰਸਾਤੀ ਵਿੱਚੋਂ ਅਜੇ ਤੀਕ ਪਾਣੀ ਦੀਆਂ ਬੂੰਦਾਂ ਡਿੱਗ ਰਹੀਆਂ ਸਨ। ਜਿੱਥੇ ਪਾਣੀ ਦੀਆਂ ਬੂੰਦਾਂ ਡਿੱਗਦੀਆਂ, ਫਰਸ਼ ਦਾ ਉਨਾ ਥਾਂ ਗਿੱਲਾ ਹੋਇਆ ਪਿਆ ਸੀ। ਬਾਹਰ ਵਿਹੜੇ ਵਿੱਚ ਕਈ ਥਾਂਈਂ ਪਾਣੀ ਖੜ੍ਹਾ ਸੀ। ਰਾਮ ਚੰਦ ਨੇ ਬਾਹਰ ਦੇਖਿਆ ਬੱਦਲ ਘੁਲੇ ਪਏ ਸਨ। ਅੰਬਰ ਸੁਰਮਈ ਜਿਹਾ ਨਜ਼ਰ ਆ ਰਿਹਾ ਸੀ। ਗੀਤਾ ਹੁੰਦੀ ਤਾਂ ਜ਼ਰੂਰ ਖਾਣ ਲਈ ਬਣਾਉਂਦੀ ਕੁਝ। ਪਕੌੜੇ, ਖੀਰ ਜਾਂ ਕੁਝ ਵੀ ਹੋਰ ਇਹੋ ਜਿਹਾ। ਉਹ ਗੀਤਾ ਨੂੰ ਯਾਦ ਕਰਨ ਲੱਗਾ। ਉਹ ਜਿਊਂਦੀ ਹੁੰਦੀ ਤਾਂ ਹੁਣ ਤੱਕ ਉਹਨੇ ਵਿਹੜੇ ਵਿੱਚ ਖੜ੍ਹਾ ਪਾਣੀ ਝਾੜੂ ਨਾਲ ਬਾਹਰ ਕੱਢਿਆ ਹੋਣਾ ਸੀ। ਗੀਤਾ ਬਿਨਾ ਕਿੰਨਾ ਸੁੰਨਾਂ ਸੀ ਇਹ ਘਰ। ਉਹ ਉਦਾਸ ਜਿਹਾ ਹੋ ਗਿਆ। ਬਾਰਿਸ਼ ਕਰਕੇ ਵਕਤੋਂ ਪਹਿਲਾਂ ਹਨੇਰਾ ਹੋਇਆ ਜਾਪ ਰਿਹਾ ਸੀ। ਉਹਨੇ ਬਲਬ ਜਗਾ ਲਿਆ। ਕਮਰਾ ਦੁਧੀਆ ਰੌਸ਼ਨੀ ਨਾਲ ਭਰ ਗਿਆ, ਪਰ ਅੱਜ ਉਸਦਾ ਮਨ ਖਾਲੀ-ਖਾਲੀ ਸੀ। ਉਹ ਉਦਾਸ ਜਿਹਾ ਹੋ ਗਿਆ। ਘਰ ਉਸਨੂੰ ਡਰਾਉਣਾ ਜਿਹਾ ਲੱਗਾ। ਬਾਹਰਲੀ ਕੰਧ ਦੇ ਨੇੜੇ ਖੜ੍ਹੀ ਪੱਤ-ਵਿਹੂਣੀ ਟਾਹਲੀ ਹਨੇਰੇ ਵਿੱਚ ਉਸਨੂੰ ਡਰਾਉਣੀ ਜਿਹੀ ਲੱਗੀ। ਇਹ ਟਾਹਲੀ ਵੀ ਕਦੇ ਗੀਤਾ ਨੇ ਲਗਾਈ ਸੀ। ਉਸਦੀ ਯਾਦਾਂ ਦੀ ਕੜੀ ਮੁੜ ਗੀਤਾ ਨਾਲ ਜਾ ਜੁੜੀ। ਉਹ ਖੁਦ ਇਸ ਨੂੰ ਪਾਣੀ ਪਾਉਂਦੀ ਰਹੀ ਸੀ। ਪੋਟਾ-ਪੋਟਾ ਵੱਧਦੀ ਨੂੰ ਦੇਖਦੀ ਰਹੀ ਸੀ। ਰਾਮ ਚੰਦ ਨੂੰ ਖਿਆਲ ਆਇਆ। ਉਹਨੇ ਤਾਂ ਕਦੀ ਬਹੁਤੇ ਧਿਆਨ ਨਾਲ ਟਾਹਲੀ ਨੂੰ ਪਾਣੀ ਵੀ ਨਹੀਂ ਸੀ ਪਾਇਆ। ਗੀਤਾ ਦੇ ਤੁਰ ਜਾਣ ਮਗਰੋਂ, ਉਹਨੂੰ ਲੱਗਾ ਜਿਵੇਂ ਇਹ ਟਾਹਲੀ ਵੀ ਅਨਾਥ ਹੋ ਗਈ ਹੋਵੇ।

"ਚਲੋ! ਅੱਜ ਮੀਂਹ ਨਾਲ ਪਾਣੀ ਤਾਂ ਪਿਆ ਇਹਨੂੰ। ਕੁਦਰਤ ਤਾਂ ਸਭ ਦਾ ਸੋਚਦੀ।" ਉਹ ਟਾਹਲੀ ਵੱਲ ਦੇਖ ਕੇ ਜ਼ਰਾ ਕੁ ਮੁਸਕਰਾ ਪਿਆ। ਚਾਹ ਦਾ ਖਾਲੀ ਕੱਪ ਉਹ ਕਦੋਂ ਦਾ ਹੱਥ ਵਿੱਚ ਫੜ੍ਹੀ ਬੈਠਾ ਸੀ। ਜਿਵੇਂ ਸੁਰਤੀ ਟੁੱਟੀ ਹੋਵੇ। ਉਹ ਉਠ ਕੇ ਰਸੋਈ ਵਿੱਚ ਗਿਆ। ਜੂਠਾ ਕੱਪ ਭਾਂਡੇ ਧੋਣ ਵਾਲੀ ਥਾਂ 'ਤੇ ਰੱਖ ਕੇ, ਉਹਨੇ ਰਸੋਈ ਦੀ ਬਾਰੀ ਵਿੱਚੋਂ ਦਾਲ ਵਾਲਾ ਡੱਬਾ ਕੱਢਿਆ। ਲੱਪ ਕੁ ਦਾਲ ਅੰਦਾਜ਼ੇ ਨਾਲ ਹੀ ਥਾਲੀ ਵਿੱਚ ਪਾ ਕੇ ਚੁਗਣ ਲਈ ਬਾਹਰ ਬਰਾਂਡੇ ਵਿੱਚ ਲੈ ਆਇਆ। ਮਾਂਹ ਦੀ ਦਾਲ ਉਹਨੂੰ ਬਹੁਤ ਪਸੰਦ ਸੀ। ਗੀਤਾ ਜਦੋਂ ਵੀ ਦਾਲ ਧਰਦੀ ਸੀ ਹਮੇਸ਼ਾ ਮਾਂਹ ਦੀ ਧਰਦੀ ਹੁੰਦੀ। ਦੁਪਿਹਰ ਤੋਂ ਹੀ ਤੌੜੀ ਚੁੱਲ੍ਹੇ ਦੀ ਮੱਠੀ-ਮੱਠੀ ਅੱਗ ਉਤੇ ਰਿੱਝਦੀ ਰਹਿੰਦੀ।

ਇਹ ਉਨ੍ਹਾਂ ਦੇ ਘਰ ਦਾ ਰਿਵਾਜ਼ ਸੀ।

ਦਾਲ ਹਮੇਸ਼ਾ ਤੌੜੀ ਵਿੱਚ ਬਣਦੀ। ਸਾਗ ਹਮੇਸ਼ਾ ਚੁੱਲ੍ਹੇ 'ਤੇ ਧਰਿਆ ਜਾਂਦਾ। ਘੋੜੀ ਉਤੇ ਖੁਦ ਆਟੇ ਦੀਆਂ ਸੇਵੀਆਂ ਵਟਾਈਆਂ ਜਾਂਦੀਆਂ, ਪਰ ਹੁਣ ਇਹ ਸਭ ਬੰਦ ਹੋ ਚੁੱਕਾ ਸੀ। ਰਾਮ ਚੰਦ ਨੇ ਤੌੜੀ ਦੀ ਦਾਲ ਆਖਿਰੀ ਵਾਰ ਗੀਤਾ ਦੇ ਹੱਥਾਂ ਦੀ ਹੀ ਖਾਂਦੀ ਸੀ। ਦਾਲ ਸਾਫ ਕਰਕੇ ਉਹਨੇ ਆਪਣੀ ਐਨਕ ਉਤਾਰੀ।

"ਸਭ ਸਮੇਂ ਦੀਆਂ ਖੇਡਾਂ ਨੇ...।" ਉਹ ਮਨ ਵਿੱਚ ਸੋਚਣ ਲੱਗਾ।

"ਸਮਾਂ ਬੜਾ ਸਮਰੱਥ ਹੁੰਦਾ ਰਾਮ ਚੰਦ। ਬੰਦੇ ਦਾ ਇਹਦੇ ਅੱਗੇ ਕੀ ਜ਼ੋਰ।" ਉਹਨੇ ਜਿਵੇਂ ਖੁਦ ਨੂੰ ਹੀ ਸਮਝਾਇਆ ਹੋਵੇ।

"ਸਭ ਖੇਡਾਂ ਸਮੇਂ ਦੀਆਂ ਹੀ ਨੇ...।" ਉਹ ਫੇਰ ਬੁੜਬੁੜਾਇਆ।

ਅਗਲੇਰੇ ਵਰ੍ਹੇ ਉਹ ਰਿਟਾਇਰ ਹੋਣ ਵਾਲਾ ਸੀ। ਕੁਲ ਤੀਹ ਸਾਲਾਂ ਦੀ ਨੌਕਰੀ ਪਿਛੋਂ। ਤੀਹ ਸਾਲਾਂ ਵਿੱਚ ਕਿੰਨਾ ਕੁਝ ਬਦਲ ਗਿਆ ਸੀ। ਉਹ ਕਦੇ-ਕਦੇ ਖੁਦ ਸੋਚ ਕੇ ਹੈਰਾਨ ਹੁੰਦਾ। ਝੋਲਾ ਭਰ ਕੇ ਚਿੱਠੀਆਂ ਦਾ ਆਉਂਦਾ ਸੀ ਕਦੇ। ਉਹ ਡਾਕ ਵੰਡਦਾ ਹੰਭ ਜਾਂਦਾ। ਚਿੱਠੀਆਂ ਵਿੱਚ ਅਹਿਸਾਸ ਹੁੰਦੇ- ਦੁੱਖ ਦੇ, ਸੁੱਖ ਦੇ। ਕਈਆਂ ਨੂੰ ਉਹ ਖੁਦ ਹੀ ਚਿੱਠੀਆਂ ਪੜ੍ਹ ਕੇ ਸੁਣਾਉਂਦਾ।



"ਭਾਈ ਕੀ ਲਿਖਿਆ ਤੂੰ ਹੀ ਪੜ੍ਹ ਦੇ ਚਾਰ ਅੱਖਰ।" ਅਗਲਾ ਆਖਦਾ।

ਖੁਸ਼ੀ ਦੀ ਗੱਲ ਹੁੰਦੀ ਤਾਂ ਸੁਣਨ ਵਾਲਾ ਖਿੜ ਉਠਦਾ। ਦੁੱਖ ਦੀ ਗੱਲ 'ਤੇ ਅਗਲੇ ਦਾ ਚਿੱਤ ਢਿੱਲਾ ਪੈ ਜਾਂਦਾ। ਰਾਮ ਚੰਦ ਵੀ ਸਾਹਮਣੇ ਵਾਲੇ ਵਾਂਗ ਹੀ ਮਹਿਸੂਸ ਕਰਦਾ ਇੱਕ ਤਰ੍ਹਾਂ ਨਾਲ। ਲੋਕਾਂ ਦੇ ਚਿਹਰੇ ਪੜ੍ਹਦਾ। ਉਨ੍ਹਾਂ ਦੀਆਂ ਖੁਸ਼ੀਆਂ ਗਮੀਆਂ ਦਾ ਗਵਾਹ ਹੁੰਦਾ ਰਾਮ ਚੰਦ। ਸਾਰਾ ਦਿਨ ਭੰਮੀਰੀ ਵਾਂਗ ਘੁੰਮਦਾ ਰਹਿੰਦਾ। ...ਤੇ ਡਾਕ ਵੰਡ ਕੇ, ਡਾਕ ਘਰ ਜਾਣ ਤੋਂ ਪਹਿਲਾਂ ਬਹੁਤੀ ਵਾਰ ਉਹ ਬਲਬੀਰ ਸਿਹੁੰ ਦੀ ਦੁਕਾਨ 'ਤੇ ਜਾ ਬੈਠਦਾ। ਰੇਡੀਓ ਚੱਲਦਾ ਪਿਆ ਹੁੰਦਾ ਤੇ ਬਹੁਤੀ ਵਾਰ ਬਲਬੀਰ ਸਿਹੁੰ ਕੋਈ ਨਾ ਕੋਈ ਚਾਬੀ ਬਣਾਉਣ ਵਿੱਚ ਰੁਝਿਆ ਹੁੰਦਾ। ਉਹ ਗੱਲਾਂ ਕਰਦੇ। ਇਕੱਠੇ ਬਹਿ ਕੇ ਚਾਹ ਪੀਂਦੇ। ਬਲਬੀਰ ਸਿਹੁੰ ਦੀ ਦੁਕਾਨ ਪੱਕਾ ਟਿਕਾਣਾ ਸੀ ਰਾਮ ਚੰਦ ਦਾ, ਪਰ ਜਦੋਂ ਗੁਰਦਿਆਂ ਦੇ ਰੋਗ ਕਰਕੇ ਬਲਬੀਰ ਸਿਹੁੰ ਨੇ ਦੁਕਾਨ ਖੋਲ੍ਹਣੀ ਬੰਦ ਕਰ ਦਿੱਤੀ ਸੀ, ਉਸ ਤੋਂ ਮਗਰੋਂ ਉਹ ਬਹੁਤ ਘੱਟ ਮਿਲਦੇ। ਸ਼ਾਂਤੀ ਨਗਰ ਦੂਰ ਪੈਂਦਾ। ਕਦੀ ਕੋਈ ਉਸ ਪਾਸੇ ਦੀ ਡਾਕ ਹੁੰਦੀ ਤਾਂ ਰਾਮ ਚੰਦ ਉਧਰ ਜਾਂਦਾ। ਘੜੀ ਪਲ ਰੁਕਦਾ ਵੀ, ਪਰ ਡਾਕ ਵਾਲਾ ਝੋਲਾ ਉਹਨੂੰ ਬੈਠਣ ਨਾ ਦਿੰਦਾ।

"ਪਰ ਅੱਜ ਤਾਂ ਮੈਂ ਡਾਕ ਵੰਡਣ ਵੀ ਨਹੀਂ ਸੀ ਗਿਆ ਉਸ ਪਾਸੇ।" ਇਸ ਖਿਆਲ ਨਾਲ ਉਹ ਇਕ ਵਾਰ ਫੇਰ ਉਦਾਸ ਹੋ ਗਿਆ।

"ਜੇ ਚਲਿਆ ਜਾਂਦਾ ਤਾਂ ਘੜੀ ਪਲ ਬ਼ਲਬੀਰ ਸਿਹੁੰ ਨਾਲ ਗੱਲਾਂ ਕਰਦਾ।" ਰਾਮ ਚੰਦ ਨੂੰ ਇਹ ਸ਼ਾਮ ਅੱਜ ਉਦਾਸ ਜਿਹੀ ਲੱਗ ਰਹੀ ਸੀ। ਉਸਦਾ ਮਨ ਕਰ ਰਿਹਾ ਸੀ, ਕੋਈ ਹੋਵੇ ਜਿਸ ਨਾਲ ਉਹ ਗ਼ੱਲਾਂ ਕਰੇ। ਉਹ ਤੇ ਗੀਤਾ ਨਿੱਕੀ-ਨਿੱਕੀ ਰੁਣਝੁਣ ਕਰਦੇ ਰਹਿੰਦੇ ਸਨ। ਐਵੇਂ ਬਿਨਾ ਕਿਸ ਗੱਲ ਤੋਂ ਗੱਲ ਤੋਰ ਕੇ ਉਹ ਪਤਾ ਨਹੀਂ ਕਿੱਥੋਂ ਕਿੱਥੇ ਪਹੁੰਚ ਜਾਂਦੇ। ਆਪਣੇ ਇਲਾਕੇ ਆਪਣੇ ਪਿੰਡ ਦੀਆਂ ਗੱਲਾਂ। ਰਿਸ਼ਤੇਦਾਰੀਆਂ ਦੀਆਂ ਗੱਲਾਂ। ਉਨ੍ਹਾਂ ਪਹਾੜਾਂ ਦੀਆਂ ਗੱਲਾਂ, ਜਿਨ੍ਹਾਂ ਨੂੰ ਵੇਖਦਿਆਂ ਉਹ ਦੋਵੇਂ ਵੱਡੇ ਹੋਏ ਸਨ। ਜਵਾਨ ਹੋਏ ਸਨ। ਰਾਮ ਚੰਦ ਦੇ ਜੱਦੀ ਪਿੰਡ ਤੋਂ ਚਾਰ ਕੁ ਕਿਲੋਮੀਟਰ ਦੂਰ ਹੀ ਤਾਂ ਗੀਤਾ ਦੇ ਪੇਕੇ ਸਨ। ਡਾਕਖਾਨੇ ਵਿੱਚ ਭਰਤੀ ਹੋ ਕੇ ਕਰੀਬ ਦਸ ਕੁ ਸਾਲ ਉਹਨੇ ਆਪਣੇ ਇਲਾਕੇ ਵਿੱਚ ਨੌਕਰੀ ਕੀਤੀ ਸੀ। ਪਿੰਡ ਹੀ ਉਸਦਾ ਵਿਆਹ ਹੋਇਆ। ...ਤੇ ਫਿਰ ਉਹ ਬਦਲੀ ਹੋ ਕੇ ਪੰਜਾਬ ਆਏ ਸਨ। ਪੰਜਾਬ ਜ਼ਰੂਰ ਓਪਰਾ ਸੀ, ਪਰ ਪੰਜਾਬੀ ਨਹੀਂ। ਉਨ੍ਹਾਂ ਦੇ ਪਿੰਡ ਵੱਲ ਪੰਜਾਬੀ ਬੋਲੀ ਜਾਂਦੀ।

ਗੱਲਾਂ ਕਰਦਿਆਂ ਉਹ ਮੁੜ ਉਨ੍ਹਾਂ ਹੀ ਸਮਿਆਂ ਵਿੱਚ ਗੁਆਚ ਜਾਂਦੇ।

ਗੀਤਾ ਦੇ ਤੁਰ ਜਾਣ ਮਗਰੋਂ ਗੱਲਾਂ ਕਰਨ ਵਾਲਾ ਕੌਣ ਸੀ ਉਸ ਕੋਲ? ਉਹ ਡਾਕ ਘਰ ਤੋਂ ਮੁੜ ਕੇ ਘਰ ਦੀਆਂ ਕੰਧਾਂ ਨੂੰ ਘੂਰਦਾ ਰਹਿੰਦਾ। ਗਰਮੀਆਂ ਦੀ ਰੁੱਤੇ ਵਿਹੜੇ ਵਿੱਚ ਸੌਂਦਾ ਤਾਂ ਤਾਰਿਆਂ ਨਾਲ ਗੱਲਾਂ ਕਰਦਾ। ਸਿਆਲ ਹੁੰਦਾ ਤਾਂ ਛੱਤ ਦੇ ਬਾਲੇ ਗਿਣਦਿਆਂ ਕਦ ਅੱਖਾਂ ਵਿੱਚ ਨੀਂਦ ਉਤਰ ਆਉਂਦੀ, ਉਸਨੂੰ ਪਤਾ ਵੀ ਨਾ ਲੱਗਦਾ।

ਬੱਸ ਇੰਨੀ ਕੁ ਹੀ ਤਾਂ ਦੁਨੀਆਂ ਸੀ ਉਸਦੀ। ਰਾਮ ਚੰਦ ਖੁਸ਼ ਸੀ ਆਪਣੀ ਦੁਨੀਆ ਵਿੱਚ। ਸੋਚਿਆ ਹੋਇਆ ਸੀ ਉਸਨੇ ਕਿ ਸੇਵਾ ਮੁਕਤ ਹੋ ਕੇ ਪਿੰਡ ਮੁੜ ਜਾਣਾ ਭਰਾਵਾਂ-ਭਤੀਜਿਆਂ ਕੋਲ। ਗੀਤਾ ਹੁੰਦੀ ਤਾਂ ਹੋਰ ਗੱਲ ਸੀ। ਹੁਣ ਕੀ ਕਰਨਾ ਸੀ ਉਸਨੇ ਇਕੱਲਿਆਂ ਸਾਰੀ ਉਮਰ ਇੱਥੇ?

ਇਉਂ ਸੋਚਾਂ-ਸੋਚਦਿਆਂ ਉਹਨੇ ਦਾਲ ਬਣਾਈ। ਰੋਟੀ ਪਕਾਈ। ਬਾਹਰਲੇ ਦਰਵਾਜ਼ੇ ਨੂੰ ਤਾਲਾ ਮਾਰਿਆ ਤੇ ਸੌਂ ਗਿਆ। ਨਿੱਕੀਆਂ-ਨਿੱਕੀਆਂ ਕਣੀਆਂ ਉਹਦੇ ਸੌਣ ਤੀਕ ਵੀ ਡਿੱਗਦੀਆਂ ਪਈਆਂ ਸਨ।

***

ਸਵੇਰੇ ਬੜੀ ਸੋਹਣੀ ਧੁੱਪ ਨਿਕਲੀ ਸੀ।

ਰਾਮਚੰਦ ਡਾਕ ਘਰ ਗਿਆ। ਸਾਥੀਆਂ ਨਾਲ ਦੋ ਚਾਰ ਗੱਲਾਂ ਮਾਰੀਆਂ ਤੇ ਫਿਰ ਸ਼ਾਂਤੀ ਨਗਰ ਵੱਲ ਨੂੰ ਤੁਰ ਪਿਆ।

"ਪਹਿਲਾਂ ਮਨੀਆਰਡਰ ਦੇ ਕੇ ਆਵਾਂ। ਅੱਜ ਦੀ ਡਾਕ ਨੂੰ ਫੇਰ ਹੱਥ ਲਾਵਾਂਗਾ।" ਉਹਨੇ ਮਨ ਵਿੱਚ ਧਾਰਿਆ ਹੋਇਆ ਸੀ। ਕੱਲ੍ਹ ਰਹਿ ਗਏ ਇਸ ਮਨੀਆਰਡਰ ਨੇ ਉਹਨੂੰ ਬੇਚੈਨ ਕਰੀ ਰੱਖਿਆ ਸੀ।

ਉਹ ਬਲਬੀਰ ਸਿਹੁੰ ਦੀ ਗਲੀ ਮੁੜਿਆ। ਗਲੀ ਵਿੱਚ ਬਹੁਤ ਭੀੜ ਸੀ। ਉਹਦੇ ਪਿੱਛੇ ਪਿੱਛੇ ਦੋ ਮੁੰਡੇ ਅੰਤਿਮ ਕਿਰਿਆ ਦਾ ਸਮਾਨ ਚੁੱਕੀ ਤੁਰੇ ਆਉਂਦੇ ਸਨ। ਉਨ੍ਹਾਂ ਦੋਵਾਂ ਵਿੱਚੋਂ ਇੱਕ ਮੁੰਡੇ ਨੂੰ ਤਾਂ ਉਹ ਪਛਾਣਦਾ ਸੀ। ਉਹ ਸੀ ਬਲਬੀਰ ਸਿਹੁੰ ਦਾ ਭਤੀਜਾ ਰੋਕੀ। ਬਲਬੀਰ ਸਿਹੁੰ ਦਾ ਘਰ ਗਲੀ ਦੇ ਮੱਥੇ 'ਤੇ ਸੀ। ਵਿਹੜੇ ਵਿੱਚ ਖੜ੍ਹੇ ਲੋਕ, ਰਾਮ ਚੰਦ ਨੂੰ ਦਿੱਸ ਰਹੇ ਸਨ।

"ਬਲਬੀਰ ਸਿਹੁੰ...!!" ਮਨ ਵਿੱਚ ਸੋਚ ਕੇ ਰਾਮ ਚੰਦ ਕੰਬ ਗਿਆ।

"ਵਿਚਾਰਾ ਮਨੀਆਰਡਰ ਉਡੀਕਦਾ ਤੁਰ ਗਿਆ!" ਰਾਮ ਚੰਦ ਮਨ ਹੀ ਮਨ ਪਛਤਾਉਣ ਲੱਗਾ, "ਕਿਹੜਾ ਖੁਰ ਜਾਣਾ ਸੀ ਚਹੁੰ ਕਣੀਆਂ ਨਾਲ। ਕੱਲ੍ਹ ਆ ਜਾਂਦਾ ਤਾਂ...। ਇੰਨੇ ਵਰ੍ਹਿਆਂ ਵਿੱਚ ਮੈਂ ਕਦੇ ਆਪਣੀ ਡਿਊਟੀ ਤੋਂ ਕੁਤਾਹੀ ਨਹੀਂ ਸੀ ਕੀਤੀ।" ਰਾਮ ਚੰਦ ਨੂੰ ਆਪਣੇ ਬਾਊ ਜੀ ਦੀ ਗੱਲ ਯਾਦ ਆਈ। ਜਦੋਂ ਉਹ ਨੌਕਰੀ ਲੱਗਿਆ ਸੀ ਉਨ੍ਹਾਂ ਆਖਿਆ ਸੀ, "ਰਾਮੇ ਪੁੱਤਰ! ਤੇਰੀ ਨੌਕਰੀ ਬੜੀ ਜ਼ਿੰਮੇਦਾਰੀ ਵਾਲੀ ਆ। ਦੁੱਖ ਦਾ ਸੁਨੇਹਾ ਵੀ ਆਉਣਾ ਹੋਇਆ, ਖੁਸ਼ੀ ਦਾ ਵੀ। ਨੰਗੇ ਪੈਰੀਂ ਭੱਜਾ ਜਾਇਆ ਕਰੀ ਅਗਲੇ ਦੀ ਚਿੱਠੀ ਦੇਣ।"

ਉਹ ਜਾਣਦਾ ਸੀ ਬਲਬੀਰ ਸਿੰਘ ਗੁਰਦਿਆਂ ਦੇ ਰੋਗ ਤੋਂ ਪੀੜਤ ਸੀ, ਪਰ ਕੀ ਪਤਾ ਸੀ ਉਹਨੇ ਐਨੀ ਜਲਦੀ ਤੁਰ ਜਾਣਾ। ਬੁਝੇ ਜਿਹੇ ਮਨ ਨਾਲ ਰਾਮ ਚੰਦ ਨੇ ਸਾਈਕਲ ਪਿਛਾਂਹ ਨੂੰ ਮੋੜ ਲਿਆ।

"ਕੀ ਮੂੰਹ ਵਿਖਾਏਗਾ ਰਾਮ ਚੰਦਾ ਬਾਊ ਜੀ ਨੂੰ ਉਤੇ ਜਾ ਕੇ?" ਉਹ ਸੋਚ-ਸੋਚ ਪ੍ਰੇਸ਼ਾਨ ਹੁੰਦਾ ਗਿਆ।

"ਰਾਮ ਚੰਦਾ! ਆਈ ਕੋਈ ਮੇਰੀ ਚਿੱਠੀ ਚਪੱਟੀ।" ਕਿਸੇ ਨੇ ਪਿੱਛੋਂ ਹਾਕ ਮਾਰੀ।

ਰਾਮ ਚੰਦ ਨੇ ਆਵਾਜ਼ ਪਹਿਚਾਣ ਲਈ। ਇਹ ਤਾਂ ਬਲਬੀਰ ਸਿੰਘ ਸੀ।

"ਹਾਂ ਹਾਂ! ਮਨੀਆਰਡਰ ਆ ਗਿਆ ਬਲਬੀਰ ਸਿਆ।" ਫੁਰਤੀ ਨਾਲ ਪਿਛਾਂਹ ਮੁੜਦਿਆਂ ਰਾਮ ਚੰਦ ਨੇ ਆਖਿਆ। ਬਲਬੀਰ ਸਿਹੁੰ ਨੂੰ ਦੇਖ ਕੇ ਉਹਨੂੰ ਜਿਵੇਂ ਚਾਅ ਚੜ੍ਹ ਗਿਆ ਹੋਵੇ।

ਝੱਟ ਬਲਬੀਰ ਸਿੰਘ ਦੇ ਦਸਤਖ਼ਤ ਕਰਵਾਏ। ਗਿਣ ਕੇ ਪੈਸੇ ਦਿੱਤੇ।

"ਰਾਮ ਗੋਪਾਲ ਪਟਵਾਰੀ ਗੁਜ਼ਰ ਗਿਆ ਯਾਰ ਨੁੱਕਰ ਵਾਲਾ।" ਬਲਬੀਰ ਸਿੰਘ ਬਿਨਾ ਪੁੱਛੇ ਦੱਸਣ ਲੱਗਾ।

ਪਰ ਰਾਮ ਚੰਦ ਨੇ ਉਸਦੀ ਗੱਲ ਨੂੰ ਬਹੁਤਾ ਨਹੀਂ ਗੌਲਿਆ। ਬਲਬੀਰ ਸਿਹੁੰ ਦੇ ਜਿਊਂਦੇ ਹੋਣ ਦਾ ਉਹਨੂੰ ਬਹੁਤਾ ਚਾਅ ਸੀ। ਡਾਕ ਵਾਲਾ ਝੋਲਾ ਸੰਭਾਲਦੇ ਉਹਨੇ ਖੁਸ਼ੀ ਨਾਲ ਸ਼ਾਂਤੀ ਨਗਰ ਵਿੱਚੋਂ ਨਿਕਲ ਕੇ ਸਾਈਕਲ ਸੜਕ ਵੱਲ ਨੂੰ ਮੋੜ ਲਿਆ।

# ਰੰਗਮੰਚ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦਾ ਅਸਰਦਾਰ ਸ਼ਸਤਰ

ਇੱਕ ਮੁਲਾਕਾਤ

ਦਿਲਜੀਤ ਸਿੰਘ ਬੇਦੀ
ਫੋਨ: +91-76579-68570



**ਪੰਜਾਬ ਨਾਟਸ਼ਾਲਾ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਐਨ ਸਾਹਮਣੇ 27 ਮਾਰਚ 1998 ਨੂੰ ਹੋਂਦ ਵਿੱਚ ਆਈ ਸੀ। ਸੰਨ 2000 ਵਿੱਚ ਇੱਹ ਨਾਰਥ ਇੰਡੀਆ ਦੀ ਪਹਲੀ ਘੁੰਮਣ ਵਾਲੀ ਸਟੇਜ ਬਣੀ ਅਤੇ ਸੋਲਰ ਐਨਰਜੀ ਨਾਲ ਚੱਲਣ ਵਾਲਾ ਵੀ ਇਹ ਪਹਿਲਾ ਥਿਏਟਰ ਹੈ। ਇੱਥੇ ਹੁਣ ਤੀਕ 12 ਹਜ਼ਾਰ ਤੋਂ ਵੱਧ ਪ੍ਰਦਰਸ਼ਨ ਹੋ ਚੁਕੇ ਹਨ, ਤਿੰਨ ਹਜ਼ਾਰ ਤੋਂ ਵੱਧ ਨਾਟਕ ਖੇਡੇ ਜਾ ਚੁਕੇ ਹਨ। ਹੁਣ ਪੰਜਾਬ ਨਾਟਸ਼ਾਲਾ ਚੈਰੀਟੇਬਲ ਟਰੱਸਟ ਬਣ ਚੁਕਾ ਹੈ, ਜਿਸ ਦੇ ਚੇਅਰਮੈਨ ਸ. ਜਤਿੰਦਰ ਸਿੰਘ ਬਰਾੜ ਹਨ। ਉਨ੍ਹਾਂ ਨਾਲ ਪੰਜਾਬੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਕੀਤੀ ਮੁਲਾਕਾਤ ਦੇ ਕੁੱਝ ਅੰਸ਼ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰ ਰਹੇ ਹਾਂ...**

## ਪੰਜਾਬ ਨਾਟਸ਼ਾਲਾ ਦਾ ਕੰਮ ਹਰ ਵਰਗ ਦੇ ਦਰਸ਼ਕਾਂ ਤੇ ਕਲਾਕਾਰਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਦਾ ਅਹਿਸਾਸ ਦਿਵਾਉਣਾ ਹੈ: ਜਤਿੰਦਰ ਬਰਾੜ

**1. ਤੁਸੀਂ ਵਿਦਿਆ ਤੋਂ ਇੰਜੀਨੀਅਰ ਹੋ। ਕਿੱਤੇ ਤੋਂ ਉਦਯੋਗਿਕ ਅਤੇ ਸ਼ੌਕ ਵਜੋਂ ਨਾਟਕ ਲੇਖਕ/ਨਿਰਦੇਸ਼ਕ। ਕੀ ਕਹਿਣਾ ਚਾਹੋਗੇ?**

-ਤਕਨੀਕੀ ਖੇਤਰ ਵਿੱਚ ਮੇਰੀ ਦਿਲਚਸਪੀ ਸੀ, ਜਿਸ ਦੀ ਵਜਾਹ ਕਰਕੇ ਮੈਂ ਇੰਜੀਨੀਅਰਿੰਗ ਕੀਤੀ। ਇੰਜੀਨੀਅਰਿੰਗ ਕਰਕੇ ਮੈਂ ਉਦਯੋਗ ਨੂੰ ਆਪਣਾ ਕਿੱਤਾ ਬਣਾਉਣ ਵਿੱਚ ਕਾਮਯਾਬ ਹੋ ਸਕਿਆ। ਜ਼ਿੰਦਗੀ ਦਾ ਸਿਲਸਿਲਾ ਚਲਾਉਣ ਲਈ ਕਿੱਤਾ ਅਪਨਾਉਣਾ ਜ਼ਰੂਰੀ ਹੁੰਦਾ ਹੈ। ਰੰਗਮੰਚ ਮੇਰਾ ਸ਼ੌਕ ਸੀ, ਜਿਸ ਦੀ ਵਜਾਹ ਕਰਕੇ ਮੈਂ ਨਾਟਕ ਖੇਡਣ ਅਤੇ ਲਿਖਣ ਨੂੰ ਅਪਨਾਇਆ। ਜ਼ਿੰਦਗੀ ਦੇ ਤਲਖ ਅਨੁਭਵਾਂ ਨੇ ਮੇਰੇ ਇਸ ਸ਼ੌਕ ਨੂੰ ਮੇਰੀ ਜ਼ਰੂਰਤ ਵੀ ਬਣਾ ਦਿੱਤਾ। ਅੱਜ ਮੇਰੇ ਲਈ ਰੰਗਮੰਚ ਸਿਰਫ ਇੱਕ ਕਲਾ ਹੀ ਨਹੀਂ, ਬਲਕਿ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਲਈ ਇੱਕ ਅਸਰਦਾਰ ਸ਼ਸਤਰ ਵੀ ਬਣ ਗਿਆ ਹੈ। ਮੁਕਾਬਲਾ ਕਰਨ ਲਈ ਸ਼ਸਤਰ ਚਲਾਉਣਾ ਜ਼ਰੂਰੀ ਹੁੰਦਾ ਹੈ।

**2. ਪਹਿਲਾ ਨਾਟਕ ਅਤੇ ਉਸ ਦੀ ਮੰਚਕਾਰੀ ਕਿੱਥੇ ਅਤੇ ਕਿਹੜੇ ਸੰਨ ਵਿੱਚ ਹੋਈ?**

-ਕਾਲਜ ਦੀ ਪੜ੍ਹਾਈ ਦੌਰਾਨ 1964 ਤੋਂ ਮੇਰਾ ਨਾਟਕ ਲਿਖਣ ਅਤੇ ਖੇਡਣ ਦਾ ਸਿਲਸਲਾ ਸ਼ੁਰੂ ਹੋਇਆ। ਕਈ ਯੁਵਕ ਮੇਲਿਆਂ ਵਿੱਚ ਮੱਲਾਂ ਵੀ ਮਾਰੀਆਂ। ਪੜ੍ਹਾਈ ਤੋਂ ਬਾਅਦ ਮੇਰਾ ਪਹਿਲਾ ਲਿਖਿਆ ਨਾਟਕ 'ਲੁਕਣ ਮੀਟੀ' ਸੀ, ਜੋ ਭਾਅ ਜੀ ਗੁਰਸ਼ਰਨ ਸਿੰਘ ਦੇ ਅਦਾਰੇ 'ਅੰਮ੍ਰਿਤਸਰ ਕਲਾ ਕੇਂਦਰ' ਦੁਆਰਾ 1968 ਵਿੱਚ ਓਪਨ ਏਅਰ ਥਿਏਟਰ, ਅੰਮ੍ਰਿਤਸਰ ਵਿਖੇ ਖੇਡਿਆ ਗਿਆ ਸੀ। ਇਸ ਨਾਟਕ ਦੀ ਨਿਰਦੇਸ਼ਨਾ ਵੀ ਮੈਂ ਕੀਤੀ ਸੀ ਅਤੇ ਇੱਕ ਕਲਾਕਾਰ ਵਜੋਂ ਵੀ ਕੰਮ ਕੀਤਾ ਸੀ। ਇਸ ਦੀਆਂ ਕਈ ਪੇਸ਼ਕਾਰੀਆਂ ਹੋਈਆਂ ਸਨ।

**3. ਕੀ ਤੁਸੀਂ ਇੱਕ ਨਾਟ ਲੇਖਕ ਦੇ ਨਾਲ-ਨਾਲ ਕਿਸੇ ਨਾਟਕ/ਇਕਾਂਗੀ ਵਿੱਚ ਅਭਿਨੈ ਵੀ ਕੀਤਾ ਹੈ?**

-ਮੈਂ ਕੁਝ ਕੁ ਨਾਟਕਾਂ ਵਿੱਚ ਅਭਿਨੈ ਵੀ ਕੀਤਾ ਹੈ, ਜਿੰਨਾ ਵਿੱਚ ਲੁਕਣ ਮੀਟੀ, ਲੋਹੇ ਦੀ ਭੱਠੀ, ਟੋਆ, ਫਾਇਲ ਚਲਦੀ ਰਹੀ, ਮੜ੍ਹੀ ਦਾ ਦੀਵਾ, ਫ਼ਾਸਲੇ, ਅਹਿਸਾਸ, ਪਹਿਚਾਨ, ਬਿਨ ਬੁਲਾਏ ਮਹਿਮਾਨ ਅਤੇ ਅਹਿਸਾਨ ਆਦਿ।

**4. ਸ. ਗੁਰਸ਼ਰਨ ਸਿੰਘ ਜੀ ਅੰਮ੍ਰਿਤਸਰ ਦੇ ਇਲਾਕੇ ਵਿੱਚ ਪਹਿਲੇ ਨਾਟਕਕਾਰ ਅਤੇ ਅਭਿਨੈਕਾਰ ਮੰਨੇ ਜਾਂਦੇ ਹਨ। ਕੀ ਕਹਿਣਾ ਚਾਹੋਗੇ?**

-ਮੇਰਾ ਆਪਣਾ ਜ਼ਾਤੀ ਅਨੁਭਵ ਤਾਂ ਇਹੀ ਹੈ ਕਿ ਭਾਅ ਜੀ ਗੁਰਸ਼ਰਨ ਸਿੰਘ ਨੇ ਅੰਮ੍ਰਿਤਸਰ ਵਿੱਚ ਨਾਟਕ ਲਹਿਰ ਨੂੰ ਚਲਾਇਆ ਹੈ। ਭਾਵੇਂ ਅੰਮ੍ਰਿਤਸਰ ਦੇ ਨਾਟਕ ਦੇ ਇਤਿਹਾਸ ਮੁਤਾਬਿਕ ਪਹਿਲਾਂ ਵੀ 1894 ਤੋਂ ਨੋਰਾ ਰਿਚਰਡ ਦੇ ਨਾਟਕ 'ਸ਼ਰਾਬ ਕੌਰ' ਤੋਂ ਲੈ ਕਿ ਇੱਕਾ ਦੁੱਕਾ ਨਾਟਕ ਖੇਡੇ ਜਾਂਦੇ ਰਹੇ ਸਨ, ਪਰ ਇਸ ਖੇਤਰ ਵਿੱਚ ਨਾਟਕ ਲਹਿਰ ਨੂੰ ਚਲਾਉਣ ਵਾਲੇ ਪਹਿਲੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਹੀ ਹਨ।

**5. ਪੰਜਾਬ ਨਾਟ-ਸ਼ਾਲਾ ਪਹਿਲਾਂ ਇੱਕ ਫੈਕਟਰੀ ਸੀ। ਤੁਹਾਡੇ ਮਨ ਵਿੱਚ ਇਸ ਨੂੰ ਨਾਟ-ਸ਼ਾਲਾ ਬਣਾਉਣ ਦਾ ਖਿਆਲ ਕਿਵੇਂ ਅਤੇ ਕਿਉਂ ਆਇਆ?**

-ਮੇਰੇ 'ਲੋਹੇ ਦੀ ਭੱਠੀ' ਨਾਟਕ ਦੇ ਮੰਚਨ ਵਿੱਚ ਆਈਆਂ ਕਠਿਨਾਈਆਂ ਤੋਂ ਬਾਅਦ ਮੈਨੂੰ ਅਹਿਸਾਸ ਹੋ ਗਿਆ ਸੀ ਕਿ ਨਾਟਕ ਲਿਖਣ ਨਾਲੋਂ ਨਾਟਕ ਦਾ ਮੰਚਨ ਕਰਨ ਲਈ ਢੁਕਵੀਆਂ ਸਹੂਲਤਾਂ ਪੈਦਾ ਕਰਨਾ ਜ਼ਿਆਦਾ ਜ਼ਰੂਰੀ ਹੈ। ਸੋ ਮੈਂ ਮੰਨ ਬਣਾ ਲਿਆ ਸੀ ਕਿ ਸਭ ਤੋਂ ਪਹਿਲਾਂ ਮੈਂ ਸਾਧਨ ਇਕੱਠੇ ਕਰਾਂਗਾ ਤੇ ਫਿਰ ਮੌਕਾ ਮਿਲਣ 'ਤੇ ਇੱਕ ਐਹੋ ਜਿਹਾ ਨਾਟਘਰ ਬਣਾਵਾਂਗਾ, ਜੋ ਨਾਟਕਾਂ ਦੀਆਂ ਵਧੀਆ ਪੇਸ਼ਕਾਰੀਆਂ ਕਰਨ ਵਾਸਤੇ ਤਕਨੀਕੀ ਤੌਰ 'ਤੇ ਸਮੇਂ ਦਾ ਹਾਣੀ ਹੋਵੇ। ਸੋ ਇਸ ਸੋਚ ਨੇ ਫੈਕਟਰੀ ਨੂੰ ਨਾਟਸ਼ਾਲਾ ਵਿੱਚ ਬਦਲ ਦਿੱਤਾ।


**6. ਤੁਹਾਡੇ ਹੁਣ ਤਕ ਲਿਖੇ ਨਾਟਕ ਅਤੇ ਉਨ੍ਹਾਂ ਦਾ ਵਿਸ਼ਾ?**

-ਮੇਰੇ ਹੁਣ ਤਕ ਦੇ ਲਿਖੇ ਨਾਟਕ ਅਤੇ ਉਨ੍ਹਾਂ ਦੇ ਵਿਸ਼ੇ ਹਨ- ਲੋਹੇ ਦੀ ਭੱਠੀ, ਕਾਰਖਾਨਿਆਂ ਵਿੱਚ ਕੰਮ ਕਰਦੇ ਕਾਮਿਆਂ ਦੇ ਮਸਲੇ, (ਫ਼ਾਸਲੇ) ਸਮਾਜ ਵਿੱਚ ਪਏ ਜਾਤ-ਪਾਤ, ਧਾਰਮਿਕ ਅਤੇ ਆਰਥਕ ਫ਼ਾਸਲੇ, (ਕਦੇਸਣ) ਇੱਕ ਵਿਕੀ ਔਰਤ ਦਾ ਸਾਡੇ ਸਮਾਜ ਵਿੱਚ ਸਥਾਨ, (ਪਾਏਦਾਨ) ਗਰੀਬ ਬੱਚਿਆਂ ਦਾ ਸਮਾਜ ਦੁਆਰਾ ਸੋਸ਼ਣ, (ਫਾਇਲ ਚਲਦੀ ਰਹੀ) ਸਰਕਾਰੀ ਢਾਂਚੇ ਵਿੱਚ ਲਾਲ ਫੀਤਾਸ਼ਾਹੀ ਦੀ ਧੱਕੇਸ਼ਾਹੀ ਤੇ ਮਨਮਰਜ਼ੀ ਦੀ ਵਿਉਂਤ ਬਾਰੇ, (ਟੋਆ) ਗਰੀਬੀ ਵਿੱਚ ਫਸੇ ਇਨਸਾਨ ਦੀ ਦਾਸਤਾਨ। (ਮਿਰਚ ਮਸਾਲਾ) ਇੱਕ ਹਾਸਰਸ ਨਾਟਕ ਛੜਿਆਂ ਦਾ ਸਮਾਜ ਵਿੱਚ ਸਥਾਨ, (ਸ਼ਬਜ਼ਬਾਗ) ਸਿਆਸੀ ਨੇਤਾਵਾਂ 'ਤੇ ਇੱਕ ਵਿਅੰਗ, (ਤਾਸ਼ ਦੀ ਆਦਤ) ਸ. ਨਾਨਕ ਸਿੰਘ ਦੀ ਕਹਾਣੀ 'ਤੇ ਆਧਾਰਤ, (ਅਰਮਾਨ) ਨਸ਼ਿਆਂ ਕਾਰਨ ਟੁੱਟਦੇ ਪਰਿਵਾਰ, (ਬਿਨ ਬੁਲਾਏ ਮਹਿਮਾਨ) ਨਸ਼ਿਆਂ ਦੀ ਲਾਹਨਤ ਬਾਰੇ, (ਅਹਿਸਾਸ) ਪੋਲੀਓ ਦੀ ਬਿਮਾਰੀ ਦੇ ਵਿਸ਼ੇ 'ਤੇ, (ਅਗਨੀ ਪ੍ਰੀਖਿਆ) ਵਿਦੇਸ਼ਾਂ ਵਿੱਚ ਗਲਤ ਤਰੀਕੇ ਨਾਲ ਜਾਣ ਵਾਲੇ ਪਰਿਵਾਰਾਂ ਦੀਆਂ ਸਮੱਸਿਆਵਾਂ 'ਤੇ ਆਧਾਰਤ, (ਲੁਕਣ ਮੀਟੀ) ਇੱਕ ਪਰਿਵਾਰਕ ਕਹਾਣੀ, (ਮਿਰਜ਼ਾ ਸਾਹਿਬਾਂ) ਕਿੱਸਾ ਮਿਰਜ਼ਾ-ਸਾਹਿਬਾਂ ਆਧਾਰਤ, (ਅਹਿਸਾਨ) ਇੱਕ ਪਰਿਵਾਰਕ ਕਹਾਣੀ 'ਤੇ ਆਧਾਰਤ, (ਸਾਰੇ ਜਹਾਂ ਸੇ ਅੱਛਾ) ਰਿਸ਼ਵਤਖੋਰੀ 'ਤੇ, (ਅਸਲੀ ਹੀਰੋ) ਸਹੀ ਮਾਅਨਿਆਂ ਵਿੱਚ ਹੀਰੋ ਕੌਣ ਹੈ?, (ਪਹਿਚਾਣ) ਇੱਕ ਪਰਿਵਾਰਕ ਕਹਾਣੀ 'ਤੇ ਆਧਾਰਤ। (ਡੌਰਮੈਟਰੀ) ਵਿਦਿਆਰਥੀ ਜੀਵਨ 'ਤੇ ਆਧਾਰਤ।

**7. ਨਾਟਕ ਤੋਂ ਇਲਾਵਾ ਤੁਹਾਡੇ ਹੋਰ ਸ਼ੌਕ ਜਾਂ ਕੋਈ ਸਾਹਿਤਕ ਦੇਣ?**

-ਚਿਤ੍ਰਕਾਰੀ, ਫੋਟੋਗਰਾਫੀ।

**8. ਭਾਰਤ-ਪਾਕ ਦੋਸਤੀ ਦੇ ਆਧਾਰ 'ਤੇ ਹੁਣ ਤੱਕ ਕਿੰਨੇ ਕੁ ਨਾਟਕ/ਇਕਾਂਗੀ ਕੇਵਲ ਤੇ ਕੇਵਲ ਪਾਕਿਸਤਾਨੀ ਕਲਾਕਾਰਾਂ ਵੱਲੋਂ ਪੰਜਾਬ ਨਾਟਸ਼ਾਲਾ ਵਿੱਚ ਮੰਚਿਤ ਹੋ ਚੁਕੇ ਹਨ?**



ਜਤਿੰਦਰ ਸਿੰਘ ਬਰਾੜ

-ਪੰਜਾਬ ਨਾਟਸ਼ਾਲਾ ਵਿਖੇ ਪਾਕਿਸਤਾਨੀ ਕਲਾਕਾਰਾਂ ਦੁਆਰਾ ਭਾਰਤ- ਪਾਕਿ ਦੋਸਤੀ 'ਤੇ ਆਧਾਰਤ ਕੀਤੀਆਂ ਪੇਸ਼ਕਾਰੀਆਂ: 'ਬੁੱਲ੍ਹਾ' ਤੇ 'ਬਾਡਰ ਬਾਡਰ'- ਅਜੋਕਾ ਥਿਏਟਰ ਲਾਹੌਰ ਜਨਵਰੀ ਤੇ ਅਗਸਤ 2004; 'ਸੁਰਖ ਗੁਲਾਬਾਂ ਦਾ ਮੌਸਮ'- ਅਜੋਕਾ ਥਿਏਟਰ ਲਾਹੌਰ ਮਈ 2006; 'ਏਕ ਥੀ ਨਾਨੀ'- ਅਜੋਕਾ ਥਿਏਟਰ ਲਾਹੌਰ ਅਕਤੂਬਰ 2004; 'ਦੁਖ ਦਰਿਆ'- ਅਜੋਕਾ ਥਿਏਟਰ ਲਾਹੌਰ ਦਸੰਬਰ 2006; 'ਟੋਬਾ ਟੇਕ ਸਿੰਘ'- ਅਜੋਕਾ ਥਿਏਟਰ ਲਾਹੌਰ ਅਗਸਤ 2007; 'ਕਿੱਸਾ ਪੂਰਨ ਭਗਤ'- ਇਨਾਯਤ ਬੇਲੀ ਐਂਡ ਪਾਰਟੀ ਅਗਸਤ 2007; 'ਸਈਆਂ ਨੈਨਾ ਵਾਲੀਆਂ'- ਪੰਜਾਬ ਥਿਏਟਰ ਲਾਹੌਰ ਅਕਤੂਬਰ 2007; 'ਜਿਨ੍ਹਾਂ ਲਾਹੌਰ ਨਹੀਂ ਵੇਖਿਆ'- ਤਰੀਖੇ ਨਿਸਵਾਨ ਨਵੰਬਰ 2007; 'ਅੱਖੀਆਂ ਵਾਲਿਓ'- ਰਫੀ ਪੀਰ ਥਿਏਟਰ ਗਰੁਪ ਜਨਵਰੀ 2008 ਅਤੇ 'ਭੁਰਕਾ ਬਗੈਂਜ਼ਾ'- ਅਜੋਕਾ ਥਿਏਟਰ ਲਾਹੌਰ ਤੇ 'ਪਰਮੇਸ਼ਵਰ ਸਿੰਘ'- ਮਾਸ ਥਿਏਟਰ ਲਾਹੌਰ (ਜਨਵਰੀ 2008)

**9. ਪੰਜਾਬ ਨਾਟਸ਼ਾਲਾ ਵਿੱਚ ਨਾਟਕ/ਇਕਾਂਗੀ ਵੇਖਣ ਲਈ ਇੱਛੁਕ ਦਰਸ਼ਕਾਂ ਨੂੰ ਮੁਫਤ ਪਾਸ ਵੰਡੇ ਜਾਂਦੇ ਸਨ। ਅੱਜ ਕੱਲ੍ਹ ਪਾਸ ਦੀ ਇੱਕ ਨਿਸ਼ਚਿਤ ਫੀਸ ਹੈ। ਕੁਝ ਲੋਕ ਕਿੰਤੂ-ਪ੍ਰੰਤੂ ਵੀ ਕਰਦੇ ਹਨ। ਕੀ ਕਹਿਣਾ ਚਾਹੋਗੇ? ਕੀ ਪੰਜਾਬ ਨਾਟਸ਼ਾਲਾ ਨੂੰ ਪੰਜਾਬ ਸਰਕਾਰ ਕੋਈ ਗ੍ਰਾਂਟ ਦਿੰਦੀ ਹੈ ਜਾਂ ਤੁਸੀਂ ਸਭ ਕੁਝ ਆਪ ਹੀ ਕਰਦੇ ਹੋ?**

-ਪੰਜਾਬ ਨਾਟਸ਼ਾਲਾ ਵਿੱਚ ਨਾਟਕ ਵੇਖਣ ਵਾਸਤੇ ਕੋਈ ਨਿਸ਼ਚਿਤ ਫੀਸ ਜਾਂ ਟਿਕਟ ਨਹੀਂ ਹੈ ਅਤੇ ਨਾ ਹੀ ਕਾਨੂੰਨੀ ਤੌਰ 'ਤੇ ਲਗਾ ਸਕਦੇ ਹਾਂ। ਪੰਜਾਬ ਸਰਕਾਰ ਵਲੋਂ ਰੰਗਮੰਚ ਦੀ ਟਿਕਟ ਉਪਰ 125% ਮਨੋਰੰਜਨ ਟੈਕਸ ਹੈ, ਜੋ ਆਮ ਦਰਸ਼ਕਾਂ ਲਈ ਦੇਣਾ ਸੰਭਵ ਨਹੀਂ। ਬਹੁਤ ਸਾਰੇ ਦਰਸ਼ਕ ਸਵੈ-ਇੱਛਾ ਨਾਲ ਕੁਝ ਨਾ ਕੁਝ ਦੇ ਜਾਂਦੇ ਹਨ। ਪੰਜਾਬ ਨਾਟਸ਼ਾਲਾ ਨੂੰ ਕੋਈ ਵੱਡੀ ਸਰਕਾਰੀ ਗ੍ਰਾਂਟ ਨਹੀਂ ਮਿਲਦੀ। ਕੁਝ ਦਰਸ਼ਕਾਂ ਦਾ ਸਹਿਯੋਗ ਮਿਲਦਾ ਹੈ। ਬਾਕੀ ਸਾਨੂੰ ਪੱਲਿਓਂ ਕਰਨਾ ਪੈਂਦਾ ਹੈ।

**10. ਪੰਜਾਬ ਨਾਟਸ਼ਾਲਾ ਦੀ ਹੋਂਦ ਤੋਂ ਬਾਅਦ ਇਸ ਦਾ ਸਰਕਾਰੀ ਤੌਰ 'ਤੇ ਵਿਰੋਧ ਵੀ ਹੋਇਆ। ਅਜਿਹਾ ਕਿਉਂ?**

-ਪੰਜਾਬ ਨਾਟਸ਼ਾਲਾ ਦੀ ਹੋਂਦ 'ਤੇ ਕੋਈ ਸਰਕਾਰੀ ਵਿਰੋਧ ਨਹੀਂ ਹੋਇਆ, ਬਲਕਿ ਪੰਜਾਬ ਦੇ ਮੁੱਖ ਮੰਤਰੀ ਆਪ ਵੀ ਆ ਕੇ ਨਾਟਕ ਵੇਖ ਚੁਕੇ ਹਨ ਅਤੇ ਖੁਸ਼ ਹੋ ਕੇ ਸਾਡੇ ਦਸ ਲਖ ਰੁਪਏ ਦੀ ਮਦਦ ਵੀ ਦੇ ਗਏ ਸਨ। ਹਾਂ, ਇੱਕ ਵਾਰੀ ਮਨੋਰੰਜਨ ਕਰ ਦੇ ਵਿਭਾਗ ਨੇ ਨਾਟਸ਼ਾਲਾ ਵਿਖੇ ਨਾਟਕ ਦੀ ਇੱਕ ਪੇਸ਼ਕਾਰੀ ਦੌਰਾਨ ਛਾਪਾ ਜ਼ਰੂਰ ਮਾਰਿਆ ਸੀ, ਪਰ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਸੀ ਪਿਆ। ਉਲਟਾ ਦਰਸ਼ਕਾਂ ਤੇ ਸਮੂਹ ਮੰਚ-ਕਲਾਕਾਰਾਂ ਨੇ ਜਲੂਸ ਕੱਢ ਕੇ ਇਸ ਦਾ ਵਿਰੋਧ ਕੀਤਾ ਸੀ।

**11. ਹਰ ਤਰ੍ਹਾਂ ਦੇ ਸੱਭਿਆਚਾਰ ਦੇ ਵਿਕਾਸ ਲਈ ਆਪਣੀ ਗੱਲ ਕਹਿਣ ਲਈ ਇਹ ਸਾਂਝਾ ਧਰਮ ਨਿਰਪੱਖ ਮੰਚ ਹੈ। ਕੀ ਪੰਜਾਬ ਨਾਟਸ਼ਾਲਾ ਦੇ ਪ੍ਰਬੰਧਕ (ਆਨਰੇਰੀ) ਇਸ ਸਹਿਯੋਗ ਤੇ ਪ੍ਰਬੰਧ ਲਈ ਸਕੁਸ਼ਲ ਹਨ?**

-ਪੰਜਾਬ ਨਾਟਸ਼ਾਲਾ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਅਤੇ ਆਪਣੇ ਸੱਭਿਆਚਾਰ ਨੂੰ ਵਿਕਸਿਤ ਕਰਨ ਲਈ ਸਿਆਸਤ ਤੋਂ ਮੁਕਤ ਤੇ ਧਰਮ ਨਿਰਪੱਖ ਇੱਕ ਸਾਂਝਾ ਮੰਚ ਹੈ। ਪੰਜਾਬ ਨਾਟਸ਼ਾਲਾ ਦੇ ਪ੍ਰਬੰਧਕ ਇਸ ਲਈ ਪੂਰੇ ਵਚਨਬੱਧ ਹਨ।

**12. ਬਹੁਤ ਨਾਟਕਾਂ ਨੇ ਸਿਲਵਰ ਜੁਬਲੀ ਦਾ ਸਮਾਂ ਉਚਿਤ ਢੰਗ ਨਾਲ ਪੂਰਾ ਕੀਤਾ ਹੈ। ਕੁਝ ਉਨ੍ਹਾਂ ਨਾਟਕਾਂ ਦੇ ਨਾਂ ਸੰਖੇਪ ਵਿੱਚ?**

-ਇਹ ਨਾਟਕ ਆਪਣੀਆਂ ਪੇਸ਼ਕਾਰੀਆਂ ਦੀ ਸਿਲਵਰ ਜੁਬਲੀ ਮਨਾ ਚੁਕੇ ਹਨ। 'ਫ਼ਾਸਲੇ' 200 ਤੋਂ ਵੱਧ ਵਾਰ ਖੇਡਿਆ ਗਿਆ ਹੈ। 'ਮਿਰਚ ਮਸਾਲਾ' 100 ਤੋਂ ਵੱਧ ਵਾਰ, 'ਕਦੇਸਣ' 96 ਵਾਰ, 'ਪਾਏਦਾਨ' 90 ਵਾਰ, 'ਇਹ ਤਾਂ ਕਮਾਲ ਹੋ ਗਿਆ' 35 ਵਾਰ ਅਤੇ 'ਸੁੱਚੀ ਸਾਂਝ' 40 ਵਾਰ ਖੇਡਿਆ ਗਿਆ ਹੈ।

**13. ਪੰਜਾਬ ਨਾਟਸ਼ਾਲਾ ਨੇ ਬਹੁਤ ਨਵੇਂ ਅਤੇ ਉਭਰ ਰਹੇ ਮੰਚ-ਕਰਮੀਆਂ ਨੂੰ ਸਿਖਿਅਤ ਵੀ ਕੀਤਾ ਹੈ। ਅਕਾਦਮਿਕ ਸਹਿਯੋਗ ਵੀ ਦਿੱਤਾ। ਉਹ ਕਿਹੜੇ ਰੰਗ-ਕਰਮੀ ਹਨ?**

-ਬਹੁਤ ਸਾਰੇ ਕਲਾਕਾਰ, ਪੰਜਾਬ ਨਾਟਸ਼ਾਲਾ ਦੇ ਮੰਚ ਤੋਂ ਤਿਆਰ ਹੋ ਕੇ ਟੈਲੀਵਿਜ਼ਨ ਅਤੇ ਫਿਲਮਾਂ ਦੇ ਖੇਤਰ ਵਿੱਚ ਜਾ ਚੁਕੇ ਹਨ, ਤੇ ਚੰਗਾ ਨਾਮ ਖੱਟ ਚੁਕੇ ਹਨ। ਇਹੀ ਵਜਾਹ ਹੈ ਕਿ ਟੈਲੀਵਿਜ਼ਨ ਦੀਆਂ ਪੇਸ਼ਕਾਰੀਆਂ ਦੇ ਬਹੁਤੇ ਮੁਕਾਬਲਿਆਂ ਵਿੱਚ ਅੰਮ੍ਰਿਤਸਰ ਦੇ ਕਲਾਕਾਰ ਹੀ ਪਹਿਲੇ ਉਪਰਲੇ ਸਥਾਨਾਂ 'ਤੇ ਪਹੁੰਚਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਪੰਜਾਬ ਨਾਟਸ਼ਾਲਾ ਤੋਂ ਗਏ ਹੁੰਦੇ ਹਨ।

**14. ਪੰਜਾਬ ਨਾਟਸ਼ਾਲਾ ਭਵਿੱਖ ਵਿੱਚ ਕਿਸ ਤਰ੍ਹਾਂ ਦੇ ਵਿਕਾਸ-ਕ੍ਰਮਾਂ ਵੱਲ ਰੁਚਿਤ ਹੈ? ਕੀ ਕਹਿਣਾ ਚਾਹੋਗੇ?**

-ਪੰਜਾਬ ਨਾਟਸ਼ਾਲਾ ਦੀ ਹੋਂਦ ਵਿੱਚ ਆਉਣ ਦਾ ਮੰਤਵ ਰੰਗਮੰਚ ਦੀ ਕਲਾ ਨੂੰ ਉਤਸ਼ਾਹ ਦੇਣਾ ਹੈ। ਨਵੀਆਂ ਤਕਨੀਕੀ ਜੁਗਤਾਂ ਵਰਤ ਕੇ ਰੰਗਮੰਚ ਦੀ ਕਲਾ ਦੇ ਪੱਧਰ ਨੂੰ ਹੋਰ ਉੱਚਾ ਚੁੱਕਣਾ ਹੈ, ਤਾਂ ਕਿ ਇਹ ਕਲਾ ਅੱਜ ਦੇ ਸਮੇਂ ਦੀ ਹਾਣੀ ਹੋ ਕੇ ਆਮ ਲੋਕਾਂ ਤਕ ਪਹੁੰਚ ਸਕੇ। ਸਾਡਾ ਨਿਸ਼ਾਨਾ ਆਪਣੇ ਸਪਨਿਆਂ ਨੂੰ ਹਕੀਕਤ ਵਿੱਚ ਬਦਲਣਾ ਹੈ। ਆਮ ਲੋਕਾਂ ਦੇ ਮਨੋਰੰਜਨ ਦੇ ਨਾਲ ਨਾਲ ਉਨ੍ਹਾਂ ਨੂੰ ਸਮਾਜਿਕ ਕੁਰੀਤੀਆਂ ਬਾਰੇ ਸੁਚੇਤ ਕਰਨਾ ਅਤੇ ਇਨ੍ਹਾਂ ਬੁਰਾਈਆਂ ਵਿਰੁੱਧ ਜੰਗ ਲਈ ਲਾਮਬੰਦ ਕਰਨਾ ਹੈ। ਲੋਕਾਂ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਦਿਵਾਉਣਾ ਹੈ। ਸਾਡਾ ਮੰਤਵ ਪੰਜਾਬ ਨਾਟਸ਼ਾਲਾ ਨੂੰ ਹਰ ਵਰਗ ਦੇ ਦਰਸ਼ਕਾਂ ਅਤੇ ਕਲਾਕਾਰਾਂ ਲਈ ਉਨ੍ਹਾਂ ਦੀ ਪਸੰਦ ਦੀ ਜਗਾਹ ਬਣਾਉਣਾ ਹੈ। ਇਸ ਮਕਸਦ ਲਈ ਅਸੀਂ ਆਉਣ ਵਾਲੇ ਸਮੇਂ ਵਿਚ ਆਪਣੇ ਸਾਧਨਾਂ ਅਨੁਸਾਰ ਹਰ ਸੰਭਵ ਉਪਰਾਲਾ ਕਰਦੇ ਰਹਾਂਗੇ।



# ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ

ਵਿਸ਼ੇਸ਼

ਹਰਦੀਪ ਸਿੰਘ ਹੈਪੀ ਪੰਡਵਾਲਾ
ਫੋਨ: +91-9814095400



ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹੁ-ਪੱਖੀ ਜੀਵਨ ਨੂੰ ਸਮਝਣ ਤੋਂ ਬਹੁਤ ਲੋਕ ਅਸਮਰਥ ਰਹੇ ਹਨ। ਉਹ ਗੁਰੂ ਜੀ ਦੇ ਜੀਵਨ ਉਦੇਸ਼ਾਂ ਨੂੰ ਸਹੀ ਦ੍ਰਿਸ਼ਟੀਕੋਣ ਨਾਲ ਨਹੀਂ ਵਿਚਾਰ ਸਕੇ। ਦਸਮੇਸ਼ ਪਿਤਾ ਦੀਆਂ ਕੁਰਬਾਨੀਆਂ, ਕਰਨੀਆਂ, ਉਪਦੇਸ਼ ਤੇ ਆਦੇਸ਼ ਕਈਆਂ ਲਈ ਭੁਲੇਖਿਆਂ ਦਾ ਕਾਰਨ ਬਣੇ ਹੋਏ ਹਨ; ਪਰ ਜਿਸ ਦ੍ਰਿਸ਼ਟੀਕੋਣ ਤੋਂ ਪ੍ਰਸਿੱਧ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਏ ਨੇ ਸ਼ਹੀਦ ਪਿਤਾ ਦੇ ਪੁੱਤਰ ਤੇ ਸ਼ਹੀਦ ਪੁੱਤਰਾਂ ਦੇ ਪਿਤਾ ਕਲਗੀਧਰ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਵਾਚਿਆ, ਉਹ ਪਾਤਸ਼ਾਹ ਦੀ ਲੋਕਾਈ ਲਈ ਸੱਚੇ ਤਿਆਗ ਦੀ ਉਪਮਾ ਤੋਂ ਅਣਜਾਣ ਲੋਕਾਂ ਲਈ ਖਾਸ ਵਿਸ਼ੇਸ਼ਤਾ ਰੱਖਦਾ ਹੈ। ਜਦੋਂ ਉਸ ਸਮੇਂ ਦੇ ਲੋਕ ਆਪਣੇ ਪੁਰਾਤਨ ਗੌਰਵ ਨੂੰ ਭੁੱਲ ਚੁੱਕੇ ਸਨ, ਉਨ੍ਹਾਂ 'ਚੋਂ ਦੇਸ਼ ਭਗਤੀ ਤੇ ਕੌਮ-ਪ੍ਰਸਤੀ ਦਾ ਜਜ਼ਬਾ ਖੰਭ ਲਾ ਕੇ ਉਡ ਚੁੱਕਾ ਸੀ, ਵਿਦੇਸ਼ੀ ਹਮਲਾਵਰਾਂ ਅੱਗੇ ਖੜ੍ਹਨ ਦਾ ਸਾਹਸ ਸਮਾਪਤ ਹੋ ਚੁੱਕਾ ਸੀ, ਆਪਣੇ ਧਰਮ ਤੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਦਾ ਬਲ ਮਰ ਚੁੱਕਾ ਸੀ, ਉਹ ਸੰਸਕ੍ਰਿਤੀ ਤੇ ਸੱਭਿਅਤਾ ਨੂੰ ਭੁੱਲ ਚੁੱਕੇ ਸਨ, ਆਪਣੀਆਂ ਧੀਆਂ-ਭੈਣਾਂ ਦੀ ਰੱਖਿਆ ਕਰਨ ਦੀ ਹਿੰਮਤ ਮਿਟ ਚੁੱਕੀ ਸੀ, ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਇੱਕ ਮਹਾਨ ਜੋਤੀ ਦਾ ਪ੍ਰਕਾਸ਼ ਹੋਇਆ।

ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿੱਚ ਪਾਤਸ਼ਾਹ ਨੇ ਪੁਰਾਤਨ ਹਿੰਦੂ ਸੱਭਿਅਤਾ ਦਾ ਪੁਨਰ ਜਨਮ ਕੀਤਾ, ਮੁਰਦਾ ਕੌਮ ਦੀਆਂ ਰਗਾਂ ਵਿੱਚ ਨਵੇਂ ਖ਼ੂਨ ਦਾ ਸੰਚਾਰ ਕੀਤਾ। ਗੁਰੂ ਜੀ ਨੇ ਕੌਮ ਵਿੱਚੋਂ ਉਦਾਸੀਨਤਾ, ਨਿਰਬਲਤਾ, ਨਿਵਾਣਤਾ, ਨਿਰਲੱਜਤਾ ਦੂਰ ਕਰਕੇ ਨਵਾਂ ਸਾਹਸ ਤੇ ਬਲ ਪ੍ਰਦਾਨ ਕੀਤਾ। ਇਸ ਦੇ ਫਲਸਰੂਪ ਸਦੀਆਂ ਤੋਂ ਜਰਵਾਣਿਆਂ ਅੱਗੇ ਝੁਕਦੇ ਆਏ ਲੋਕ ਤਲਵਾਰਾਂ ਹੱਥਾਂ ਵਿੱਚ ਲੈ ਕੇ, ਧੌਣਾਂ ਉਚੀਆਂ ਕਰਕੇ ਅਤੇ ਛਾਤੀਆਂ ਤਾਣ ਕੇ ਸਾਹਮਣੇ ਆਣ ਖਲੋਤੇ। ਇਹ ਕੋਈ ਕਰਾਮਾਤ ਤੋਂ ਘੱਟ ਨਹੀਂ ਸੀ ਕਿ ਨੀਵੀਆਂ ਜਾਤੀਆਂ ਦੇ ਅਛੂਤ ਅਖਵਾਉਣ ਵਾਲੇ, ਦੁਕਾਨਾਂ 'ਤੇ ਤੱਕੜੀਆਂ ਤੋਲਣ ਵਾਲੇ, ਖੇਤਾਂ ਵਿੱਚ ਹਲ ਚਲਾਉਣ ਵਾਲੇ ਲੋਕਾਂ ਦੇ ਹੱਥਾਂ ਵਿੱਚ ਮਾਲਾ ਦੇ ਨਾਲ-ਨਾਲ ਭਾਲਾ ਫੜਾ, ਇੱਕ ਬਲਵਾਨ ਤੇ ਨਿਰਭੈਅ ਕੌਮ ਵਿੱਚ ਬਦਲ ਦਿੱਤਾ। ਗੁਰੂ ਸਾਹਿਬ ਦੀ ਮਹਾਨ ਸ਼ਖਸੀਅਤ ਤੇ ਪ੍ਰਾਣ ਸੰਚਾਰ ਉਪਦੇਸ਼ਾਂ ਨੇ ਨਿਰਬਲ ਤੇ ਨਿਤਾਣੀ ਮਨੁੱਖਤਾ ਵਿੱਚ ਨਵਾਂ ਬਲ ਪੈਦਾ ਕਰ ਦਿੱਤਾ। ਉਨ੍ਹਾਂ ਨੂੰ ਭਗਤੀ ਨਾਲ ਸ਼ਕਤੀ ਦਿੱਤੀ, ਬਾਣੀ ਨਾਲ ਬਾਣਾ ਦਿੱਤਾ, ਮਾਲਾ ਨਾਲ ਭਾਲਾ ਦਿੱਤਾ, ਨਵਾਂ ਰੂਪ ਤੇ ਸਰੂਪ ਦਿੱਤਾ। ਜਿਸ ਸਮਾਜ ਵਿੱਚ ਬੁਜ਼ਦਿਲੀ, ਘ੍ਰਿਣਾ, ਊਚ-ਨੀਚ, ਛੂਤ-ਛਾਤ, ਪੱਖਪਾਤ ਤੇ ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਕੀੜੇ ਕੁਰਬਲ-ਕੁਰਬਲ ਕਰ ਰਹੇ ਸਨ, ਉਸ ਨੂੰ ਸਾਫ਼ ਕਰਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਸਭ ਨੂੰ ਇੱਕ ਜੋਤ ਦਾ ਉਪਾਸ਼ਕ ਬਣਾਇਆ।

ਇਹ ਭੁਲੇਖਾ ਵੀ ਆਮ ਪਾਇਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਸਲਾਮ ਦੇ ਵਿਰੋਧੀ ਸਨ ਤੇ ਮੁਸਲਮਾਨ ਕੌਮ ਦੇ ਵੈਰੀ ਸਨ; ਪਰ ਗੁਰੂ ਸਾਹਿਬ ਇਸਲਾਮ ਦੇ ਦੁਸ਼ਮਣ ਨਹੀਂ ਸਨ, ਉਹ ਉਨ੍ਹਾਂ ਮੁਸਲਮਾਨਾਂ ਦੇ ਵਿਰੋਧੀ ਜ਼ਰੂਰ ਸਨ, ਜੋ ਮਜ਼੍ਹਬ ਦੀ ਆੜ 'ਚ ਜਬਰ-ਜ਼ੁਲਮ ਕਰ ਰਹੇ ਸਨ। ਜਿਹੜੇ ਖੁਦ ਇਸਲਾਮ ਦਾ ਨਾਂ ਕਲੰਕਤ ਕਰ ਰਹੇ ਸਨ ਤੇ ਨਾਮ-ਧਰੀਕ ਹੀ ਮੁਸਲਮਾਨ ਸਨ, ਪਰ ਸਨ ਉਹ ਜ਼ਾਲਮ, ਧਾੜਵੀ, ਵਹਿਸ਼ੀ ਤੇ ਜਾਬਰ। ਉਹ ਇਸਲਾਮ ਦੇ ਪ੍ਰਚਾਰ ਦੇ ਬਹਾਨੇ ਹਰ ਤਰ੍ਹਾਂ ਦੇ ਕਤਲ ਤੇ ਹਰ ਧਰਮ ਦੀ ਤੌਹੀਨ ਕਰਦੇ ਸਨ। ਕਿਸੇ ਆਦਮੀ ਨੂੰ ਮਾਰਨਾ ਤੇ ਲੁੱਟਣਾ ਪਵਿੱਤਰ ਕੰਮ ਸਮਝਦੇ ਸਨ। ਹੁਣ ਉਹ ਲੋਕੀਂ ਜੋ ਗੁਰੂ ਗੋਬਿੰਦ ਸਿੰਘ ਜੀ 'ਤੇ ਵੀ ਭੁਲੇਖੇ ਨਾਲ ਲਹੂ ਡੋਲਣ ਦਾ ਇਲਜ਼ਾਮ ਲਾਉਂਦੇ ਹਨ, ਆਪੇ ਨਿਰਣਾ ਕਰ ਲੈਣ ਕਿ ਉਸ ਵੇਲੇ ਜੋ ਝੱਖੜ ਝੁੱਲ ਰਿਹਾ ਸੀ, ਉਸਦਾ ਇਲਾਜ ਕੀ ਸੀ?

ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਥੋੜ੍ਹੇ ਜਿਹੇ ਨਮੂਨੇ ਨਾਲ ਸਾਰੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਇਹ ਗੱਲ ਪ੍ਰਗਟ ਕਰਨ ਲਈ ਐਨਾ ਕਾਫੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਦੁੱਖਾਂ ਵਿੱਚ ਘਿਰੀ ਤੇ ਬੇਵਸ ਵੇਖਿਆ ਅਤੇ ਉਨ੍ਹਾਂ ਨੂੰ ਮੁਸੀਬਤਾਂ ਤੋਂ ਛੁਟਕਾਰਾ ਦਿਵਾਉਣ ਲਈ ਸੋਚਿਆ। ਗੁਰੂ ਗੋਬਿੰਦ ਸਿੰਘ ਜੀ ਮਰਦ ਅਗੰਮੜੇ ਬਣ ਕੇ ਇਕੱਲੇ ਹੀ ਸਾਰੀਆਂ ਮਾਰੂ ਸ਼ਕਤੀਆਂ ਸਾਹਮਣੇ ਛਾਤੀ ਤਾਣ ਕੇ ਡਟ ਗਏ। ਗੁਰੂ ਸਾਹਿਬ ਅੱਗੇ ਜਿੰਨੀਆਂ ਵੀ ਮੁਸ਼ਕਿਲਾਂ ਸਨ, ਉਨ੍ਹਾਂ 'ਚ ਸਭ ਤੋਂ ਪਹਿਲੀ ਔਕੜ ਮਜ਼੍ਹਬੀ ਸੁਧਾਰ ਸੀ। ਇਸ ਕਾਰਜ ਨੂੰ ਸਾਹਿਬ ਨੇ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ। ਦੂਜਾ ਸੀ- ਸਮਾਜ ਜਾਂ ਭਾਈਚਾਰਕ ਸੁਧਾਰ। ਉਸ ਵੱਲ ਵੀ ਗੁਰੂ ਜੀ ਨੇ ਨਿਡਰਤਾ, ਜੁਰਅਤ, ਹਿੰਮਤ ਤੇ ਹੌਸਲੇ ਨਾਲ ਕਦਮ ਪੁੱਟੇ ਤੇ ਹੱਥ ਵਧਾਏ।

ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਖ਼ੂਨ ਦੇ ਕੇ ਤੇ ਹੱਡੀਆਂ ਦੀ ਖਾਦ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦੇ ਕੇ ਪਾਲਿਆ-ਪੋਸਿਆ, ਉਸ ਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ ਜੀ, ਚਾਰ ਪੁੱਤਰਾਂ, ਪੰਜ ਪਿਆਰਿਆਂ ਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨੂੰ ਫਲ ਲੱਗ ਪਏ। ਉਹ ਫਲ ਕੀ ਸਨ? ਉਹ ਸੀ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ-ਪ੍ਰੇਮ ਦੇ ਫੁੱਲ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸੁਖ ਚੈਨ ਕੌਮ ਤੋਂ ਵਾਰਿਆ। ਕਿਹੜੀ ਚੀਜ਼ ਸੀ ਜੋ ਕੌਮ ਲਈ ਅਰਪਣ ਨਹੀਂ ਕੀਤੀ? ਕਿਹੜੀ ਚੀਜ਼ ਸੀ ਜੋ ਕੌਮ ਤੋਂ ਛੁਪਾ ਕੇ ਰੱਖੀ? ਇਸ ਵਾਸਤੇ ਹੀ ਕੁਲ ਆਲਮ 'ਚ ਸਭ ਤੋਂ ਵੱਡੇ ਤਿਆਗੀ ਗੁਰੂ ਗੋਬਿੰਦ ਸਿੰਘ ਜੀ ਹੀ ਹਨ।

'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

ਅਲੀ ਰਾਜਪੁਰਾ
ਫੋਨ:+91-9417679302



# ਗਨੀ ਖ਼ਾਂ-ਨਬੀ ਖ਼ਾਂ ਤੇ ਹੋਰ ਮੁਸਲਿਮ ਸ਼ਰਧਾਲੂ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਇਸ ਅੰਕ ਵਿੱਚ ਗਨੀ ਖ਼ਾਂ-ਨਬੀ ਖ਼ਾਂ, ਕਾਜ਼ੀ ਚਿਰਾਗ ਦੀਨ ਸ਼ਾਹ ਤੇ ਰਾਇ ਕੱਲ੍ਹਾ ਬਾਰੇ ਸੰਖੇਪ ਵੇਰਵਾ ਹੈ...**

ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਛੱਡਣ ਉਪਰੰਤ ਜੰਗਲਾਂ 'ਚੋਂ ਹੁੰਦੇ ਹੋਏ ਮਾਛੀਵਾੜੇ ਆਣ ਪਹੁੰਚੇ। ਉਸ ਵੇਲੇ ਮੁਗ਼ਲ ਫੌਜਾਂ ਗੁਰੂ ਜੀ ਨੂੰ ਭਾਲਦੀਆਂ ਫਿਰ ਰਹੀਆਂ ਸਨ। ਜਨਤਾ ਡਰੀ ਹੋਈ ਸੀ, ਕੋਈ ਵੀ ਗੁਰੂ ਜੀ ਨੂੰ ਆਪਣੇ ਕੋਲ਼ ਰੱਖਣ ਦੀ ਜੁਅਰਤ ਨਹੀਂ ਸੀ ਕਰ ਰਿਹਾ। ਉਸ ਵਕਤ ਗੁਰੂ ਜੀ ਨੇ ਗੁਲਾਬਾ ਮਸੰਦ ਪਾਸ ਠਹਿਰ ਕੀਤੀ, ਪਰ ਗੁਲਾਬਾ ਵੀ ਸ਼ਾਹੀ ਫ਼ੌਜਾਂ ਤੋਂ ਭੈਅ ਖਾ ਗਿਆ ਸੀ। ਉਸ ਨੇ ਅੰਤ ਨੂੰ ਗੁਰੂ ਜੀ ਨੂੰ ਆਪਣੇ ਕੋਲ਼ ਠਹਿਰਣ ਤੋਂ ਨਾਂਹ ਕਰ ਦਿੱਤੀ ਸੀ। ਜ਼ਿਲ੍ਹਾ ਲੁਧਿਆਣਾ ਦੇ ਕਸਬਾ ਮਾਛੀਵਾੜਾ ਦੇ ਵਸਨੀਕ ਦੋ ਰੁਹੇਲੇ ਪਠਾਣ ਭਰਾ- ਗਨੀ ਖ਼ਾਂ ਤੇ ਨਬੀ ਖ਼ਾਂ ਨੇ ਗੁਰੂ ਜੀ ਦੀ ਸੇਵਾ ਦੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਲਈ ਸੀ। ਉਂਝ ਇਨ੍ਹਾਂ ਦਾ ਗੁਰੂ ਜੀ ਨਾਲ ਬਹੁਤ ਸਨੇਹ ਸੀ, ਇਹ ਅਕਸਰ ਗੁਰੂ ਜੀ ਕੋਲ਼ ਅਨੰਦਪੁਰ ਸਾਹਿਬ ਆਉਂਦੇ-ਜਾਂਦੇ ਰਹਿੰਦੇ ਸਨ। ਜਦੋਂ ਮੁਗ਼ਲਾਂ ਨੇ ਘੇਰਾਬੰਦੀ ਕੀਤੀ ਸੀ ਤਾਂ ਇਨ੍ਹਾਂ ਦੀ ਸਲਾਹ ਨਾਲ ਹੀ ਮਾਈ ਗੁਰਦਈ ਵੱਲੋਂ ਭੇਟ ਕੀਤੇ ਨੀਲੇ ਰੰਗ ਦੇ ਖੱਦਰ ਦੀਆਂ ਪੋਸ਼ਾਕਾਂ ਬਣਾਈਆਂ ਗਈਆਂ। ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀਆਂ- ਮਾਨ ਸਿੰਘ, ਦਇਆ ਸਿੰਘ, ਧਰਮ ਸਿੰਘ ਨੇ ਇਹ ਪੋਸ਼ਾਕਾਂ ਪਹਿਨ ਲਈਆਂ ਤੇ ਆਪਣਾ ਭੇਖ ਫਕੀਰਾਂ ਵਾ਼ਲਾ ਬਣਾ ਲਿਆ। ਤਿੰਨ ਸਿੰਘ ਤੇ ਦੋ ਪਠਾਣ ਭਰਾ (ਗਨੀ ਖ਼ਾਂ, ਨਬੀ ਖ਼ਾਂ) ਗੁਰੂ ਜੀ ਨੂੰ ਮੰਜੀ 'ਤੇ ਬਿਠਾ ਕੇ ਤੁਰ ਪਏ। ਰਾਹਗੀਰ ਜਦੋਂ ਗੁਰੂ ਜੀ ਬਾਰੇ ਪੁੱਛਦੇ ਤਾਂ ਇਹ ਆਖਦੇ, "ਇਹ ਉੱਚ ਦਾ ਪੀਰ ਐ।"

ਪਿੰਡ ਦੇ ਨੇੜੇ ਇੱਕ ਸ਼ੱਕੀ ਮੁਗ਼ਲ ਫ਼ੌਜੀ ਸਰਦਾਰ ਦਲੇਲ ਖ਼ਾਂ ਨੇ ਸੱਚ-ਝੂਠ ਨਿਤਾਰਨ ਲਈ ਗੁਰੂ ਜੀ ਨੂੰ ਆਪਣੇ ਘਰ ਖਾਣੇ ਦੀ ਦਾਅਵਤ ਦਿੱਤੀ, ਪਰ ਗੁਰੂ ਜੀ ਨੇ ਰੋਜ਼ਾ ਰੱਖਿਆ ਹੋਣ ਦਾ ਪੱਜ ਲਾ ਕੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਬਾਕੀ ਸਾਥੀਆਂ ਨੇ ਪ੍ਰਸ਼ਾਦਾ ਛਕ ਲਿਆ ਸੀ। ਦਲੇਲ ਖ਼ਾਨ ਦੀ ਫਿਰ ਵੀ ਤਸੱਲੀ ਨਾ ਹੋਈ ਤਾਂ ਉਸ ਨੇ ਆਪਣੇ ਇੱਕ ਵਿਸ਼ਵਾਸਪਾਤਰ ਕਾਜ਼ੀ ਚਿਰਾਗ਼ਦੀਨ ਸ਼ਾਹ ਅਜਨੇਰੀਆ, ਅਨਾਇਤ ਅਲੀ ਨੂਰਪੁਰੀਆ, ਕਾਜ਼ੀ ਪੀਰ ਮੁਹੰਮਦ ਸਲੋਹ ਵਾ਼ਲਾ ਨੂੰ ਮਾਛੀਵਾੜੇ ਸੱਦ ਲਿਆ। ਇਹ ਸਾਰੇ ਹੀ ਕਾਜ਼ੀ ਗੁਰੂ ਜੀ ਕੋ਼ਲ ਅਨੰਦਪੁਰ ਸਾਹਿਬ ਵਿਖੇ ਆਉਂਦੇ-ਜਾਂਦੇ ਰਹਿੰਦੇ ਸਨ। ਗੁਰੂ ਜੀ ਨੂੰ ਦੇਖ ਕੇ ਇਨ੍ਹਾਂ ਕਾਜ਼ੀਆਂ ਨੇ ਪਹਿਚਾਨਣੋਂ ਸਾਫ਼ ਇਨਕਾਰ ਕਰ ਦਿੱਤਾ। ਕਾਜ਼ੀਆਂ ਨੂੰ ਪਤਾ ਸੀ, ਜੇ ਮੁਗ਼ਲ ਫੌਜੀ ਨੂੰ ਇਹ ਪਤਾ ਲੱਗ ਗਿਆ ਕਿ ਅਸੀਂ ਝੂਠ ਬੋਲਿਆ ਹੈ ਤਾਂ ਮੁਗ਼ਲ ਸਾਨੂੰ ਜਾਨੋਂ ਮਾਰ ਦੇਣਗੇ, ਪਰ ਕਾਜ਼ੀਆਂ ਨੇ ਜਾਨ ਦੀ ਪ੍ਰਵਾਹ ਕੀਤੇ ਬਿਨਾ ਗੁਰੂ ਜੀ ਦਾ ਸਾਥ ਦਿੱਤਾ। ਗੁਰੂ ਜੀ ਨੇ ਕਾਜ਼ੀਆਂ ਦੇ ਅੰਦਰਲੇ ਡਰ ਨੂੰ ਸਮਝਦਿਆਂ ਵਰ ਦਿੱਤਾ ਸੀ ਕਿ ਇਹ ਫ਼ੌਜਾਂ ਤੁਹਾਡਾ ਕੁਝ ਨਹੀਂ ਵਿਗਾੜ ਸਕਣਗੀਆਂ।

ਜਦੋਂ ਮੁਗ਼ਲ ਫ਼ੌਜੀ ਦੀ ਤਸੱਲੀ ਹੋ ਗਈ ਤੇ ਕਾਜ਼ੀਆਂ ਦੀ ਸਨਾਖ਼ਤ 'ਤੇ ਭਰੋਸਾ ਹੋਇਆ ਤਾਂ ਉਸ ਨੇ ਗੁਰੂ ਜੀ ਤੋਂ ਅਦਬ ਸਤਿਕਾਰ ਨਾਲ ਮਾਫ਼ੀ ਮੰਗੀ। ਇਸ ਘਟਨਾ ਪਿੱਛੋਂ ਬਹੁਤੇ ਸ਼ਰਧਾਲੂ ਸ਼ਰਧਾਪੂਰਵਕ ਸਹਿਤ ਗੁਰੂ ਜੀ ਨੂੰ ਉੱਚ ਦਾ ਪੀਰ ਵੀ ਆਖਦੇ ਹਨ। ਇਨ੍ਹਾਂ ਭਾਰਾਵਾਂ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਵਿੱਚ ਵੀ ਆਦਰ ਸਹਿਤ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਨੇ ਇਨ੍ਹਾਂ ਨੂੰ ਸੋਨੇ ਦੇ ਕੜਿਆਂ ਦੀ ਜੋੜੀ ਵੀ ਭੇਟ ਕੀਤੀ ਤੇ ਨਾ਼ਲ ਹੁਕਮਨਾਮਾ ਜਾਰੀ ਕੀਤਾ ਸੀ ਸਰਬ ਸਿੱਖ ਸੰਗਤ ਦੇ ਨਾਮ। ਗਨੀ ਖਾਂ ਦੀ ਧੀ ਨੂੰ ਗੁਰੂ ਜੀ ਨੇ ਆਪਣੀ ਪੋਤੀ ਮੰਨਿਆ ਤੇ ਇਹ ਲੜਕੀ ਗੁਰੂ ਜੀ ਦੀ ਪੋਤੀ ਨਾਮ ਕਰਕੇ




ਗਨੀ ਖ਼ਾਂ ਤੇ ਨਬੀ ਖ਼ਾਂ ਦੀਆਂ ਯਾਦਗਾਰਾਂ

ਪ੍ਰਸਿੱਧ ਹੋਈ। ਸਿੱਖ ਰਿਆਸਤਾਂ ਸਮੇਂ ਇਨ੍ਹਾਂ ਦੇ ਨਾਮ ਜ਼ਮੀਨ ਆਦਿ ਲੱਗੀ ਰਹੀ ਹੈ। ਦੇਸ਼ ਦੀ ਵੰਡ ਮਗਰੋਂ ਭਾਵੇਂ ਇਨ੍ਹਾਂ ਦੇ ਪਰਿਵਾਰ ਪਾਕਿਸਤਾਨ ਜਾ ਵਸੇ, ਪਰ ਇਨ੍ਹਾਂ ਭਰਾਵਾਂ ਦੇ ਨਾਂ 'ਤੇ ਮਾਛੀਵਾੜੇ ਵਿੱਚ ਯਾਦਗਾਰੀ ਦਰਸ਼ਨੀ ਗੇਟ ਹੈ ਅਤੇ ਪੁਰਾਤਨ ਘਰ ਵਿੱਚ ਗੁਰੂ ਘਰ ਉਸਰਿਆ ਹੈ।

ਜਿਵੇਂ ਪਿੱਛੋਂ ਪੜ੍ਹ ਆਏ ਹਾਂ ਕਿ ਉਚ ਦੇ ਪੀਰ ਦੀ ਸ਼ਨਾਖਤ ਲਈ ਮੁਗ਼ਲ ਫ਼ੌਜੀ ਨੇ ਤਿੰਨ ਕਾਜ਼ੀ ਸੱਦੇ ਸਨ- ਕਾਜ਼ੀ ਚਿਰਾਗ ਦੀਨ ਸ਼ਾਹ ਅਜਨੇਰੀਆ, ਅਨਾਇਤ ਅਲੀ ਨੂਰਪੁਰੀਆ ਅਤੇ ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ। ਇਨ੍ਹਾਂ ਕਾਜ਼ੀਆਂ ਦਾ ਪਿਛੋਕੜ ਕੁਝ ਇਸ ਤਰ੍ਹਾਂ ਹੈ:

### ਕਾਜ਼ੀ ਚਿਰਾਗ ਦੀਨ ਸ਼ਾਹ

ਫਤਹਿਗੜ੍ਹ ਸਾਹਿਬ ਦਾ ਮਸ਼ਹੂਰ ਪਿੰਡ ਐ 'ਅਜਨੇਰ' ਜਿਸ ਨੂੰ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਹੈ। ਇਹ ਖੰਨਾ ਤੋਂ ਲਗਭਗ 7-8 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਛੇਵੀਂ ਪਾਤਸ਼ਾਹੀ ਯਾਦ 'ਚ ਗੁਰੂ ਘਰ ਉਸਰਿਆ ਹੈ, ਜਿਸ ਨੂੰ ਨਾਂ ਦਿੱਤਾ ਗਿਆ ਹੈ, ਗੁਰਦੁਆਰਾ ਸ਼੍ਰੀ ਰਜਾਣਾ ਸਾਹਿਬ ਪਾਤਸ਼ਾਹੀ ਛੇਵੀਂ। ਇਸੇ ਪਿੰਡ ਦਾ ਵਾਸੀ ਕਾਜ਼ੀ ਚਿਰਾਗ ਸ਼ਾਹ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਵਿੱਚ ਫੇਰੀ ਪਾਈ ਸੀ। ਕਾਜ਼ੀ ਚਿਰਾਗ ਦੀਨ ਸ਼ਾਹ ਗੁਰੂ ਸਾਹਿਬ ਪ੍ਰਤੀ ਬੇਅੰਤ ਸ਼ਰਧਾ ਰੱਖਦਾ ਸੀ ਤੇ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਹਾਜ਼ਰੀ ਭਰਦਾ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛੱਡਣ ਦੀ ਘਟਨਾ ਅਤੇ ਚਮਕੌਰ ਸਾਹਿਬ ਦੇ ਘੇਰੇ ਬਾਰੇ ਸੁਣ ਕੇ ਡਾਢਾ ਦੁੱਖ ਲੱਗਾ ਤੇ ਇਹ ਗਨੀ ਖ਼ਾਂ ਤੇ ਨਬੀ ਖ਼ਾਂ ਕੋਲ ਪਹੁੰਚੇ ਸੀ। ਜਦੋਂ ਗੁਰੂ ਸਾਹਿਬ ਨੂੰ ਪੀਰ ਬਣਾ ਕੇ ਲੈਜਾਇਆ ਜਾ ਰਿਹਾ ਸੀ ਤਾਂ ਚੌਰ ਦੀ ਸੇਵਾ ਭਾਈ ਮਾਨ ਸਿੰਘ ਨੇ ਕੀਤੀ ਸੀ। ਉਦੋਂ ਹੀ ਇਹ ਗੁਰੂ ਸਾਹਿਬ ਨੂੰ ਪਿੰਡ ਅਜਨੇਰ ਲੈ ਕੇ ਆਏ ਸੀ ਤੇ ਗੁਰੂ ਜੀ ਨੇ ਇਸ ਪਿੰਡ ਰਾਤ ਬਿਤਾਈ ਸੀ। ਮਾਛੀਵਾੜੇ ਤੋਂ ਘੁੰਗਰਾਲੀ, ਅਜਨੇਰ, ਮਾਨੂੰਪੁਰਾ, ਕਟਾਣਾ ਸਾਹਿਬ ਤੋਂ ਰਾਮਪੁਰ ਹੁੰਦੇ ਅੱਗੇ ਵੱਲ ਨਿਕਲੇ ਸਨ। ਕਾਜ਼ੀ ਸਾਹਿਬ ਗੁਰੂ ਜੀ ਨਾਲ ਆਲਮਗੀਰ ਤੱਕ ਗਏ। ਜਦੋਂ ਇਸ ਗੱਲ ਦਾ ਸੂਬਾ ਸਰਹਿੰਦ ਨੂੰ ਪਤਾ ਲੱਗਾ ਤਾਂ 'ਫ਼ਜ਼ਰ' ਦੀ ਨਮਾਜ਼ ਪੜ੍ਹਦੇ ਕਾਜ਼ੀ ਸਾਹਿਬ ਦਾ ਕਤਲ ਕਰਵਾ ਦਿੱਤਾ ਗਿਆ। ਅਜਨੇਰ ਪਿੰਡ 'ਚ ਅੱਜ ਵੀ ਕਾਜ਼ੀ ਸਾਹਿਬ ਦੀ ਕਬਰ ਬਣੀ ਹੋਈ ਹੈ। ਇਨ੍ਹਾਂ ਨੂੰ ਬਹੁਤੇ ਲੋਕ ਇਮਲੀ ਵਾ਼ਲਾ ਪੀਰ ਕਹਿ ਕੇ ਸਤਿਕਾਰ ਦਿੰਦੇ ਹਨ, ਕਿਉਂਕਿ ਇਨ੍ਹਾਂ ਦੇ ਘਰ ਕੋਲ ਇਮਲੀ ਦਾ ਬੂਟਾ ਹੁੰਦਾ ਸੀ। ਅੱਜ ਵੀ ਲੋਕ ਇਨ੍ਹਾਂ ਦੀ ਕਬਰ 'ਤੇ ਵੀਰਵਾਰ ਨੂੰ ਸਲਾਮ ਕਰਨ ਪੁੱਜਦੇ ਹਨ ਤੇ ਜੇਠ ਦੇ ਮਹੀਨੇ ਮੇਲਾ ਭਰਦਾ ਹੈ।

### ਅਨਾਇਤ ਅਲੀ ਨੂਰਪੁਰੀਆ

ਮਾਛੀਵਾੜਾ ਦੇ ਨੇੜਲੇ ਪਿੰਡ ਨੂਰਪੁਰਾ ਦਾ ਵਾਸੀ ਸੀ ਕਾਜ਼ੀ ਅਨਾਇਤ ਅਲੀ, ਜਿਨ੍ਹਾਂ ਨੂੰ ਲੋਕ ਜ਼ਿਆਦਾ ਕਾਜ਼ੀ ਨੂਰਪੁਰੀਆ ਆਖਦੇ ਸਨ। ਦੱਸਿਆ ਜਾਂਦਾ ਹੈ ਕਿ 'ਜਦੋਂ ਮੁਗ਼ਲ ਸਿਪਾਹੀ ਨੇ ਕਾਜ਼ੀ ਨੂਰਪੁਰੀ ਨੂੰ ਸੱਦਿਆ ਕਿ ਸਿੱਖਾਂ ਦੇ ਦਸਵੇਂ ਗੁਰੂ ਦੀ ਭਾਲ ਵਿੱਚ ਇੱਕ ਉੱਚ ਦੇ ਪੀਰ ਦੀ ਸ਼ਨਾਖ਼ਤ ਕਰਨੀ ਹੈ ਤਾਂ ਇੰਨਾ ਸੁਣ ਕੇ ਕਾਜ਼ੀ ਜੀ ਦੇ ਹੱਥੋਂ ਪਾਣੀ ਦਾ ਲੋਟਾ ਡਿੱਗ ਪਿਆ ਸੀ।' ਭਾਵੇਂ ਕਾਜ਼ੀ ਨੇ ਗੁਰੂ ਜੀ ਨੂੰ ਪਛਾਣ ਲਿਆ ਸੀ, ਪਰ ਫੇਰ ਵੀ ਕਿਹਾ ਸੀ, 'ਉਹ ਉੱਚ ਦਾ ਪੀਰ ਐ।' ਕਾਜ਼ੀ ਦੀ ਯਾਦ 'ਚ ਪਿੰਡ ਵਾਸੀਆਂ ਨੇ 'ਗਵਾਹੀ ਸਾਹਿਬ' ਪਾਤਸ਼ਾਹੀ ਦਸਵੀਂ ਗੁਰੂ ਘਰ ਉਸਾਰਿਆ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦੇ ਪਿੰਡ ਕਾਜ਼ੀ ਦੀ ਯਾਦ ਵਿੱਚ ਕੋਈ ਮਜ਼ਾਰ ਜਾਂ ਯਾਦਗਾਰ ਨਹੀਂ ਸੀ ਉਸਰੀ। ਕੁਝ ਇਤਿਹਾਸਕ ਪੁਸਤਕਾਂ ਦੇ ਤੱਥਾਂ ਦੇ ਆਧਾਰ 'ਤੇ ਇਹ ਸਤਰਾਂ ਲਿਖੀਆਂ ਹਨ।

### ਕਾਜ਼ੀ ਪੀਰ ਮੁਹੰਮਦ

ਪਿੰਡ ਸਲੋਹ ਦੇ ਬਾਸ਼ਿੰਦੇ ਸਨ ਕਾਜ਼ੀ ਪੀਰ ਮੁਹੰਮਦ। ਇਹ ਪਿੰਡ ਨਵਾਂ ਸ਼ਹਿਰ ਤੋਂ ਦੱਖਣ ਵੱਲ ਨੂੰ ਕਰੀਬ ਦੋ ਕਿਲੋਮੀਟਰ 'ਤੇ ਵਸਿਆ ਹੈ। ਇਨ੍ਹਾਂ ਦਸਮ ਪਿਤਾ ਨੂੰ ਅਰਬੀ ਅਤੇ ਫ਼ਾਰਸੀ ਦਾ ਗਿਆਨ ਗ੍ਰਹਿਣ ਕਰਵਾਇਆ। ਕਾਜ਼ੀ ਸਾਹਿਬ ਗੁਰੂ ਜੀ ਨੂੰ ਪੜ੍ਹਾਉਣ ਅਨੰਦਪੁਰ ਸਾਹਿਬ ਜਾਇਆ ਕਰਦੇ ਸਨ। ਇਨ੍ਹਾਂ ਨੇ ਆਖ਼ਰੀ ਸਾਹ ਵੀ ਆਪਣੇ ਪਿੰਡ ਸਲੋਹ ਵਿਖੇ ਲਿਆ। ਪਿੰਡ ਦੇ ਬਜ਼ੁਰਗਾਂ ਦਾ ਮੰਨਣਾ ਹੈ ਕਿ ਇਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਪਿੰਡ ਅੱਜ ਵੀ ਤਿੰਨ ਮਸੀਤਾਂ ਹਨ, ਭਾਵੇਂ ਇੱਥੇ ਇੱਕ ਵੀ ਘਰ ਮੁਸਲਮਾਨਾਂ ਦਾ ਨਹੀਂ। ਦੋ ਮਸੀਤਾਂ ਨੂੰ ਬਹੁਤ ਖ਼ੂਬਸੂਰਤ ਦਿੱਖ ਵਿੱਚ ਸਾਂਭਿਆ ਹੋਇਆ ਹੈ। ਇਨ੍ਹਾਂ 'ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਕੈਨੇਡਾ ਵਾਸੀ ਜਤਿੰਦਰ ਸਿੰਘ ਗਿੱਲ ਇੱਕ ਮਸੀਤ ਦੀ ਦੇਖ-ਰੇਖ ਇੱਕ ਪੱਕੇ ਸੇਵਾਦਾਰ ਰਾਹੀਂ ਕਰਵਾ ਰਹੇ ਹਨ। ਪਿੰਡ ਵਾਸੀਆਂ ਅਨੁਸਾਰ ਕਾਜ਼ੀ ਪੀਰ ਮੁਹੰਮਦ ਵਾਲੀ ਥਾਂ ਉਸ ਵੇਲੇ ਪਾਠਸ਼ਾਲਾ ਬਣੀ ਹੋਈ ਸੀ, ਜੋ ਅੱਜ ਪੂਰੀ ਤਰ੍ਹਾਂ ਨਸ਼ਟ ਹੋ ਚੁਕੀ ਹੈ। ਇਸ ਥਾਂ ਦੀ ਸਾਂਭ-ਸੰਭਾਲ ਜਗਜੀਤ ਸਿੰਘ ਕਰ ਰਿਹਾ ਹੈ।

### ਰਾਇ ਕੱਲ੍ਹਾ

ਰਾਇ ਕੱਲ੍ਹਾ ਭਾਵੇਂ ਮੂਲ ਰੂਪ ਵਿੱਚ ਮੁਸਲਮਾਨ ਨਹੀਂ ਸੀ, ਪਰ ਉਸ ਦੀਆਂ ਪੀੜ੍ਹੀਆਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ ਹੋਇਆ ਸੀ। ਜੇ ਪਿਛੋਕੜ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਪੀੜ੍ਹੀ ਰਾਣਾ ਮੋਕਲ ਤੋਂ ਸ਼ੁਰੂ ਹੁੰਦੀ ਹੈ। ਰਾਣਾ ਮੋਕਲ ਜੋ ਰਾਜਪੂਤ ਗੋਤ ਦਾ ਹਿੰਦੂ ਸੀ ਤੇ ਉਹ ਲਗਭਗ ਗਿਆਰ੍ਹਵੀਂ ਸਦੀ 'ਚ ਪੰਜਾਬ ਆਇਆ ਸੀ। ਰਾਣਾ ਮੋਕਲ ਦੀ ਚੌਥੀ ਪੀੜ੍ਹੀ 'ਚੋਂ ਤੁਲਸੀ ਦਾਸ ਨੇ ਇਸਲਾਮ ਧਰਮ ਗ੍ਰਹਿਣ ਕੀਤਾ ਸੀ। ਤੁਲਸੀ ਦਾਸ ਫੇਰ ਸ਼ੇਖ਼ ਚੱਕੂ ਦੇ ਨਾਂ ਨਾਲ ਮਸ਼ਹੂਰ ਹੋਇਆ। ਸ਼ੇਖ਼ ਚੱਕੂ ਦੇ ਘਰ ਵਿੱਚ ਇੱਕ ਪੁੱਤਰ ਭਾਰੂ ਹੋਇਆ। ਇਸੇ ਦੀ ਸੱਤਵੀਂ ਪੀੜ੍ਹੀ 'ਚੋਂ ਰਾਇ ਕੱਲ੍ਹਾ ਨੇ ਜਨਮ ਲਿਆ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਲਿਆਇਆ ਜਾ ਰਿਹਾ ਸੀ ਤਾਂ ਰਾਇਕੋਟ ਦੀ ਜੂਹ 'ਚ ਪਹੁੰਚਣ 'ਤੇ ਰਾਇ ਕੱਲ੍ਹਾ ਨੇ ਗੁਰੂ ਜੀ ਦਾ ਮੂਹਰੇ ਹੋ ਕੇ ਸੁਆਗਤ ਕੀਤਾ ਸੀ ਤੇ ਆਪਣੀ ਜਾਗੀਰ ਦੇ ਪਿੰਡ 'ਲੰਮੇ ਜੱਟਪੁਰੇ' ਠਹਿਰ ਕਰਵਾਈ ਸੀ। ਉੱਥੋਂ ਹੀ ਰਾਇ ਕੱਲ੍ਹਾ ਨੇ ਆਪਣੇ ਵਿਸ਼ਵਾਸਪਾਤਰ ਨੂਰਾ ਮਾਹੀ ਨੂੰ ਭੇਜ ਕੇ ਸਰਹਿੰਦ 'ਚੋਂ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸੂਹ ਲੈਣ ਲਈ ਤੋਰਿਆ ਸੀ।

ਪਰਿਵਾਰ ਦੇ ਸ਼ਹੀਦ ਹੋ ਜਾਣ ਬਾਰੇ ਸੁਣ ਕੇ ਗੁਰੂ ਜੀ ਨੇ ਸਵਾਲ ਕੀਤਾ ਸੀ, 'ਇੱਕ ਮਲੇਰਕੋਟਲੇ ਦੇ ਨਵਾਬ ਤੋਂ ਬਿਨਾ ਮਾਸੂਮ ਜਿੰਦਾਂ 'ਤੇ ਕਿਸੇ ਨੂੰ ਰਹਿਮ ਨਾ ਆਇਆ?' ਗੁਰੂ ਜੀ ਨੇ ਰਾਇ ਕੱਲ੍ਹਾ ਨੂੰ ਆਪਣੇ ਗਾਤਰੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਅਹਿਮਦ ਸਲੀਮ: ਸਾਂਝ ਦਾ ਗਾਨਾ ਟੁੱਟਿਆ

**ਮੋਹ ਦੀਆਂ ਤੰਦਾਂ**

ਸੁਖਦੇਵ ਸਿੰਘ ਸਿਰਸਾ
ਫੋਨ: +91-9815636565



ਉਹਦੇ ਜਨਮ ਵੇਲੇ ਮਾਂ ਬੀਮਾਰ ਸੀ ਤੇ ਜਾਤਕ ਡਾਢਾ ਲਿੱਸਾ। ਬਚਣ ਦੀ ਉਮੀਦ ਨਹੀਂ ਸੀ। ਸਿਆਣਿਆਂ ਸਲਾਹ ਦਿੱਤੀ ਕਿ ਆਉਣ ਵਾਲੇ ਇਸ ਮਾੜਚੂ ਜਿਹੇ ਜੀਅ ਨੂੰ ਛਾਤੀ ਦੀਆਂ ਧਾਰਾਂ ਖਾਤਰ ਤਕੜੇ ਜੁੱਸੇ ਵਾਲੀ ਕਿਸੇ ਮਾਂ ਦੇ ਹਵਾਲੇ ਕਰ ਦਿੱਤਾ ਜਾਵੇ। ਨੇਕ ਬਖ਼ਤ ਦਾਦੇ ਮੀਆਂ ਫ਼ਜ਼ਲ ਕਰੀਮ ਨੇ ਉਸ ਨੂੰ ਪਰਿਵਾਰਕ ਸਾਂਝ ਵਾਲੀ ਸਿੱਖ ਬੀਬੀ ਦੇ ਹਵਾਲੇ ਕਰ ਦਿੱਤਾ। ਵੱਡਾ ਹੋ ਕੇ ਅਹਿਮਦ ਸਲੀਮ ਨੇ ਚੁੰਘਾਵੀ ਮਾਂ ਦੇ ਦੁੱਧ ਦੀ ਲਾਜ ਰੱਖੀ ਤੇ ਉਹ ਹਿੰਦੂ-ਮੁਸਲਿਮ ਭਾਈਚਾਰਿਆਂ ਦੀ ਸਾਂਝ ਦਾ ਮੁਦੱਈ ਹੋ ਨਿਬੜਿਆ। ਇਸ ਲੱਜਪਾਲ ਨੇ ਤਾ-ਉਮਰ ਔਰਤ ਦੀ ਅਜ਼ਮਤ ਅਤੇ ਪੰਜਾਬੀਆਂ ਦੀ ਸਾਂਝ ਦੀ ਰੀਤ ਦਾ ਹੋਕਾ ਦਿੱਤਾ। ਮੁਲਕ ਦੀ ਵੰਡ ਨੂੰ ਉਹਨੇ ਕਦੇ ਤਸਲੀਮ ਨਾ ਕੀਤਾ। ਉਹਦੇ ਸੀਨੇ ਤੇ ਸ਼ਾਇਰੀ 'ਚ ਵੰਡ ਦਾ ਜ਼ਖ਼ਮ ਰਿਸਦਾ ਰਿਹਾ। ਕਹਿਣ ਨੂੰ ਤਾਂ ਉਸ ਨੇ ਆਪਣੇ ਆਪ ਨੂੰ 'ਸ਼ਾਇਰ ਦੇਸ ਪੰਜਾਬ ਦਾ' ਕਿਹਾ, ਪਰ ਮਨੁੱਖਤਾ ਖਾਤਰ ਉਸ ਦੇ ਫ਼ਿਕਰਾਂ ਦਾ ਘੇਰਾ ਬਹੁਤ ਵਸੀਹ ਸੀ। ਸਮਾਜਿਕ ਨਿਆਂ, ਅਮਨ, ਇਨਸਾਫ਼, ਮੁਹੱਬਤ ਅਤੇ ਮਾਨਵੀ ਹੱਕਾਂ ਲਈ ਉਹ ਉਮਰ-ਭਰ ਹਿੱਕ ਡਾਹ ਕੇ ਲੜਿਆ। ਆਪਣੇ ਮਾਨਵੀ ਹਕੂਕ ਤੇ ਪਛਾਣ ਲਈ ਜੂਝਦੇ ਸਿੰਧੀਆਂ, ਬਲੋਚਾਂ ਤੇ ਬੰਗਲਾ-ਦੇਸ਼ੀਆਂ ਦੇ ਸੰਘਰਸ਼ਾਂ 'ਚ ਉਹ ਜੋਖਿਮ ਉਠਾ ਕੇ ਵੀ ਪੇਸ਼ ਪੇਸ਼ ਰਿਹਾ। ਪਾਕਿਸਤਾਨ ਦੇ ਤਾਨਾਸ਼ਾਹਾਂ ਦੇ ਦਾਬੇ ਤੇ ਜ਼ੁਲਮ ਵਿਰੁੱਧ ਲੜਦੇ ਬੰਗਾਲੀਆਂ ਦੇ ਹੱਕ ਵਿੱਚ ਉਸ ਨੇ 'ਸਦਾ ਜੀਵੇ ਬੰਗਲਾ ਦੇਸ਼' ਅਤੇ 'ਸੋਨਾਰ ਬੰਗਲਾ' ਵਰਗੀਆਂ ਨਜ਼ਮਾਂ ਲਿਖੀਆਂ। ਹਕੂਮਤ ਨੇ ਉਸ ਨੂੰ ਛੇ ਮਹੀਨੇ ਦੀ ਕੈਦ, ਦੋ ਹਜ਼ਾਰ ਰੁਪਏ ਜੁਰਮਾਨਾ ਤੇ ਪੰਜ ਕੋੜਿਆਂ ਦੀ ਸਜ਼ਾ ਸੁਣਾਈ। ਉਸ ਦੀ ਸ਼ਾਇਰੀ ਤਾਨਾਸ਼ਾਹਾਂ ਤੇ ਮੁਲਾਣਿਆਂ ਦੀ ਅੱਖ ਦੀ ਰੜਕ ਬਣੀ; ਹਕੂਮਤੀ ਤਾਨਾਸ਼ਾਹਾਂ ਦੀਆਂ ਘੁਰਕੀਆਂ ਤੇ ਮੁਲਾਣਿਆਂ ਦੇ ਫ਼ਤਵੇ ਉਸ ਦੇ ਈਮਾਨ ਨੂੰ ਨਾ ਡੁਲਾ ਸਕੇ। ਬਕੌਲ ਅਹਿਮਦ ਸਲੀਮ ਉਸ ਨੇ 'ਆਪਣੀ ਰੂਹ ਨੂੰ ਨਾ ਸਿੱਕਿਆਂ ਦੀ ਜੰਗ (ਜਰ) ਲੱਗਣ ਦਿੱਤੀ, ਨਾ ਤੁਅੱਸਬ ਦੀ ਪਾਣ ਚੜ੍ਹਨ ਦਿੱਤੀ ਅਤੇ ਨਾ ਰਾਠਾਂ-ਰਜਵਾੜਿਆਂ ਦੀ ਧੌਂਸ ਅੱਗੇ ਸਿਰ ਝੁਕਾਇਆ।' ਆਪਣੇ ਵੇਲੇ ਦੇ ਸੁਖ-ਰਹਿਣੇ ਬੁੱਧੀਜੀਵੀਆਂ ਤੇ ਸ਼ਾਇਰਾਂ ਨਾਲ ਉਹਨੂੰ ਗਿਲਾ ਸੀ- "ਮੁਆਫ਼ ਕਰੀਂ ਕੋਸਤ/...ਕਿ ਤੇਰਾ ਦਿਲ ਤੇਰੀਆਂ ਅੱਖਾਂ 'ਚੋਂ ਨਹੀਂ ਬੋਲਦਾ।" ਉਹ ਪੱਕਾ ਧਿਰ ਪਾਲ ਸੀ, ਸਜਗ ਤੇ ਬੇਬਾਕ। ਤਾਂ ਹੀ ਤਾਂ ਉਸ ਨੇ ਲਿਖਿਆ:

ਅਸੀਂ ਆਪਣੀ ਜ਼ਮੀਨ ਦੇ ਮਤਰੇਏ ਧੀਆਂ-ਪੁੱਤਰ...
ਅਸੀਂ ਕਦ ਰਾਠਾਂ, ਕਰਾੜਾਂ, ਸਈਅਦਾਂ,
ਬਾਹਮਣਾਂ ਤੇ ਮੁਲਵਾਣਿਆਂ ਦੀਆਂ
ਅੱਖਾਂ 'ਚ ਅੱਖੀਂ ਪਾ ਕੇ ਟੁਰੇ
...ਤੁਸੀਂ ਸ਼ਾਹ ਮੁਲਵਾਣੇ ਚੌਧਰੀ
ਅਸੀਂ ਚੂਹੜੇ ਕੁੱਤੇ ਕੰਮੀ
...ਸੁਣੋ ਉਹ ਖੋਜਿਆਂ ਖੱਤਰੀਆਂ ਦੇ ਘਰ ਜੰਮਣ ਆਲਾ ਸ਼ਾਇਰ ਅਹਿਮਦ
ਅੱਜ ਆਂਹਦਾ/ਬੌਹਕਰ ਤੇ ਬੰਦੂਕ ਵਿਚਲੀ ਵਿੱਥ ਜਦ ਅਸਾਂ ਪੂਰ ਲਈ
ਵੱਤ ਤੁਸੀਂ ਨਾ ਰਹਿਸੋ।

'ਸਾਰੇ ਜੱਗ ਦੀ ਖੈਰ' ਮੰਗਣ ਵਾਲਾ ਅਹਿਮਦ ਸਲੀਮ ਰਜਵਾੜਾਸ਼ਾਹੀ ਦੀ ਰਹਿੰਦ-ਖੂੰਹਦ, ਨਵਾਬੀ ਧੌਂਸ ਅਤੇ ਨਵ-ਪੂੰਜੀਵਾਦ ਦੀ ਖਸਲਤ ਨੂੰ ਸਮਝਣ ਵਾਲਾ ਲੇਖਕ, ਚਿੰਤਕ ਅਤੇ ਸਿਆਸੀ ਕਾਰਕੁਨ ਸੀ। ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਮਨੁੱਖੀ ਅਧਿਕਾਰਾਂ ਲਈ ਲੜੇ ਜਾਂਦੇ ਘੋਲਾਂ ਨਾਲ ਉਸ ਦੀ ਜੁੜਤ ਰਹੀ। ਉਹ ਆਪਣੇ ਆਪ ਨੂੰ ਗੁਰੂ ਨਾਨਕ, ਹੋਚੀ ਮਿੰਨ, ਬਾਚਾ ਖਾਂ, ਜੂਲੀਅਸ ਫ਼ਿਊਚਿਕ, ਅਮੀਰ ਹੈਦਰ ਖਾਂ, ਹਬੀਬ ਜਾਲਿਬ, ਫਾਤਮਾ ਬਰਨਾਵੀ, ਨਗੋਈਅਨ ਵਾਨ ਤਰਵੇ, ਕਾਰਲ ਮਾਰਕਸ, ਲੈਨਿਨ, ਸਰਾਜ-ਉਲ-ਦੌਲਾ, ਪਾਬਲੋ ਨੇਰੂਦਾ ਅਤੇ ਸ਼ੇਖ ਮੁਜੀਬ-ਉਲ-ਰਹਿਮਾਨ ਦਾ ਸੰਗੀ-ਸਾਥੀ ਸਮਝਦਾ ਸੀ। ਲੋਕ-ਪੱਖੀ ਤੇ ਆਵਾਮੀ ਤਹਿਰੀਕਾਂ ਨਾਲ ਖੜ੍ਹਨ ਦੀ ਪ੍ਰੇਰਣਾ ਉਸ ਨੇ ਫ਼ੈਜ਼ ਅਹਿਮਦ ਫ਼ੈਜ਼, ਇਮਾਮ ਨਾਜ਼ਿਸ ਅਮਰੋਹਵੀ, ਜਾਮ ਸਾਕੀ, ਸ਼ੋਬੋ ਗਿਆਨ ਚੰਦਾਨੀ, ਬਾਚਾ ਖਾਂ (ਖ਼ਾਨ ਅਬਦੁੱਲ ਗ਼ਫ਼ਾਰ ਖਾਂ), ਹਬੀਬ ਜਾਲਿਬ, ਗ਼ਨੀ ਖ਼ਾਨ (ਸਪੁੱਤਰ ਬਾਚਾ ਖ਼ਾਂ) ਅਤੇ ਅਜਮਲ ਖ਼ਾਨ ਖਟਕ ਆਦਿ ਤੋਂ ਲਈ। ਆਪਣੀ ਨਜ਼ਮ 'ਚ ਉਹ ਬੰਗਲਾ ਦੇਸ਼ ਦੇ ਮੁਜਾਹਿਦਾਂ ਨੂੰ ਕਹਿੰਦਾ ਏ,


ਮੇਰੇ ਨੈਣਾਂ ਵਿੱਚ ਵੀ ਤੁਹਾਡੀ ਅੰਬੜੀ ਦਾ ਦਰਦ ਘੁਲੇ
ਤੇ ਸਾਡੇ ਦੋਹਾਂ ਦੇ ਹੋਠਾਂ ਉਤੇ
ਇੱਕੋ ਗੀਤ ਦੀ ਪਿਆਸ ਬਲੇ।

"ਜੀਵੇ ਸਿੰਧ ਸਦਾਈਂ ਸ਼ਾਲਾ/ਨਿੱਤ ਦੇਂਦੇ ਅਸੀਂ ਦੁਆਈਂ" ਕਹਿ ਕੇ ਉਹ ਸਿੰਧੀਆਂ ਦੇ ਸੰਘਰਸ਼ ਦੀ ਹਮਾਇਤ ਕਰਦਾ ਏ। ਮਿਰਜ਼ਾ ਗ਼ਾਲਿਬ ਦੇ ਹਵਾਲੇ ਨਾਲ ਉਹ ਦਿੱਲੀ ਦੀ ਖ਼ੈਰ ਮੰਗਦਾ ਏ,

ਸ਼ਾਲਾ ਮੇਰੇ ਪਿੰਡ ਦੇ ਹੋਠਾਂ ਉਤੇ
ਪਿਆਰਾਂ ਦੇ ਫੁੱਲ ਖਿੜਦੇ ਰਹਿਣ ਹਮੇਸ਼ੀਂ
ਦਿੱਲੀਏ! ਸ਼ਾਲਾ ਹੁਣ ਤੂੰ ਕਦੇ ਨਾ ਉਜੜੀਂ।

ਉਸ ਅੰਦਰਲਾ ਸਜੱਗ ਤੇ ਅਡੋਲ ਨਾਬਰ "'ਵਾ ਦਾ ਪਾਗਲ ਬੁੱਲਾ ਸੀ ਜੋ ਥਾਂ ਥਾਂ ਉਜੜੀਆਂ ਸਾਂਝਾਂ ਦੀ ਅੱਗ ਬਾਲੀ ਫਿਰਦਾ" ਸੀ।

ਅਹਿਮਦ ਸਲੀਮ ਇਹ ਸਮਝਦਾ ਸੀ ਕਿ ਜਦੋਂ 'ਲਫ਼ਜ਼ਾਂ ਦੇ ਪਿੰਡੇ ਲੂਸੇ ਜਾਣ' ਫਿਰ ਨਜ਼ਮਾਂ ਨਹੀਂ ਲਿਖੀਆਂ ਜਾਂਦੀਆਂ। ਫਿਰ ਕਵੀ ਦਰਦ ਵਿੱਚੋਂ, ਮੌਤ ਵਿੱਚੋਂ ਜ਼ਿੰਦਗੀ ਲੱਭਦਾ ਤੇ ਪੀੜ ਲਿਖਦਾ ਹੈ। ਉਹਦੇ ਹੋਠਾਂ ਉਤੇ ਪਿਆਰ ਦੇ ਤਰਾਨੇ ਨਹੀਂ, 'ਭੁੱਖ ਨਾਲ ਮੋਏ ਬਾਲ ਦੀ ਅੱਖ ਉਗ ਆਉਂਦੀ ਏ।' ਕਵੀ ਫਿਰ ਮੰਟੋ ਵਾਂਗ 'ਜਿਸਮਾਂ ਦੀ ਭੁਰਦੀ ਕੰਧ ਵਿੱਚੋਂ ਸਿੰਮਦੇ ਲਹੂ ਦੀ' ਦਾਸਤਾਨ ਲਿਖਦਾ ਹੈ। ਉਸ ਨੇ ਦੇਸ਼ ਦੀ ਵੰਡ ਸਮੇਂ ਹੋਈ ਅਣਚਾਹੀ ਹਿਜਰਤ, ਵਹਿਸ਼ਤ ਦੇ ਨੰਗੇ ਨਾਚ ਅਤੇ ਔਰਤ ਦੀ ਲੀਰੋ-ਲੀਰ ਹੋਈ ਅਜ਼ਮਤ ਨੂੰ ਆਪਣੀਆਂ ਲਿਖਤਾਂ ਵਿੱਚ ਵਾਰ-ਵਾਰ ਬਿਆਨ ਕੀਤਾ। ਫ਼ੌਜੀ ਤਾਨਾਸ਼ਾਹਾਂ ਦੇ ਜਬਰ ਤੇ ਮੁਲਾਣਿਆਂ ਦੇ ਫ਼ਤਵਿਆਂ ਦੀ ਹਿੰਸਾ ਦੇ ਕਾਲੇ ਦੌਰ ਵਿੱਚ ਉਸ ਨੂੰ ਹਬੀਬ ਜਾਲਿਬ ਵਾਂਗ ਚੁੱਪ ਰਹਿਣਾ ਨਾ ਆਇਆ। ਉਸ ਨੂੰ ਤੇ ਉਸ ਦੇ ਹਰਫ਼ਾਂ ਨੂੰ ਕਾਫ਼ਿਰ ਦਾ ਕੁਫ਼ਰ ਗਰਦਾਨਿਆ ਗਿਆ, ਸੰਗਲ, ਸਲਾਖਾਂ ਤੇ ਬੇੜੀਆਂ ਉਸ ਦਾ ਨਸੀਬਾ ਬਣੇ। ਸਾਮਰਾਜਵਾਦੀਆਂ, ਉਨ੍ਹਾਂ ਦੇ ਸਥਾਨਕ ਹਕੂਮਤੀ ਭਾਈਵਾਲਾਂ ਅਤੇ ਫ਼ਿਰਕੂ ਜ਼ਿਹਨ ਵਾਲੇ ਮੁਲਾਣਿਆਂ ਨੂੰ ਅੱਖ 'ਚ ਅੱਖ ਪਾ ਕੇ ਵੰਗਾਰਨ ਵਾਲੇ ਅਹਿਮਦ ਸਲੀਮ ਦਾ ਜਨਮ ਗੁਜਰਾਤ ਜ਼ਿਲ੍ਹੇ, ਤਹਿਸੀਲ ਫਲੀਆ ਦੇ ਗੁੰਮਨਾਮ ਜਿਹੇ ਪਿੰਡ 'ਮਿਆਣਾ ਗੋਂਦਲ' ਵਿੱਚ ਜਨਵਰੀ 1945 ਨੂੰ ਹੋਇਆ। ਉਸ ਦੇ ਪੁਰਖੇ ਖੋਜੇ ਖੱਤਰੀ ਸਨ, ਜਿਨ੍ਹਾਂ ਨੇ ਹਕੂਮਤੀ ਦਾਬੇ ਕਾਰਨ ਇਸਲਾਮ ਕਬੂਲ ਕਰ ਲਿਆ ਸੀ। ਪਿਤਾ ਖ਼ਵਾਜਾ ਮੁਹੰਮਦ ਸ਼ਰੀਫ਼ ਅਰੋੜਾ ਸੀ ਤੇ ਮਾਂ ਜ਼ੁਬੈਦਾ ਬੇਗ਼ਮ ਸਹਿਗੋਲ ਗੋਤ ਦੀ ਖੱਤਰੀ ਸੀ। ਉਸ ਦੇ ਪਿਤਾ ਬਜ਼ਾਜੀ ਦਾ ਕੰਮ ਕਰਦੇ ਸਨ। ਮੁਢਲੀ ਸਿੱਖਿਆ ਪਿੰਡ 'ਚੋਂ ਹਾਸਿਲ ਕਰਕੇ ਅਹਿਮਦ ਸਲੀਮ ਆਪਣੀ ਭੂਆ ਕੋਲ ਪਿਸ਼ਾਵਰ ਪੜ੍ਹਨ ਚਲਾ ਗਿਆ। ਇੱਥੇ ਉਹਨੇ ਪਸ਼ਤੋ ਸਿੱਖੀ ਤੇ ਉਸ ਦਾ ਮੇਲ ਉਰਦੂ ਤੇ ਪਸ਼ਤੋ ਦੇ



ਅਗਾਂਹਵਧੂ ਲੇਖਕਾਂ ਰਜ਼ਾ ਹਮਦਾਨੀ, ਫ਼ਾਰਿਗ ਬੁਖਾਰੀ, ਅਫ਼ਜ਼ਲ ਬੰਗਿਸ ਤੇ ਅਜਮਲ ਖਾਨ ਖਟਕ ਨਾਲ ਹੋਇਆ। ਖ਼ਾਨ ਅਬਦਲ ਗ਼ਫ਼ਾਰ ਖਾਂ ਤੇ ਉਸ ਦੇ ਪੁੱਤਰ ਗਨੀ ਖਾਂ ਨੇ ਅਹਿਮਦ ਸਲੀਮ ਨੂੰ ਸਿਆਸੀ ਵਿਚਾਰਾਂ ਦੀ ਜਾਗ ਲਾਈ। ਕਾਲਜ ਦੀ ਪੜ੍ਹਾਈ ਲਈ ਉਹ ਕਰਾਚੀ ਆ ਗਿਆ। ਪਹਿਲਾਂ ਮੌਲਵੀ ਅਬਦੁੱਲ ਹੱਕ ਤੇ ਪਿੱਛੋਂ ਫ਼ੈਜ਼ ਅਹਿਮਦ ਫ਼ੈਜ਼ ਦੇ ਕਾਲਜ ਵਿੱਚ ਦਾਖ਼ਲਾ ਲਿਆ, ਜਿੱਥੇ ਉਹ ਪ੍ਰਿੰਸੀਪਲ ਸਨ। ਉਸ ਸਮੇਂ ਤੱਕ ਅਹਿਮਦ ਸਲੀਮ ਨੇ ਉਰਦੂ 'ਚ ਕਵਿਤਾ ਕਹਿਣੀ ਸ਼ੁਰੂ ਕਰ ਲਈ ਸੀ। ਫ਼ੈਜ਼ ਸਾਹਿਬ ਨੇ ਉਸ ਨੂੰ ਹੀਰ ਵਾਰਸ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਤਾਬਾਂ ਪੜ੍ਹਨ ਨੂੰ ਦਿੱਤੀਆਂ। ਕਰਾਚੀ ਵਿੱਚ ਉਸ ਦਾ ਮੇਲ ਇਮਾਮ ਅਲੀ ਨਾਜ਼ਿਸ ਅਮਰੋਹਵੀ, ਜਮਾਲ ਨਕਵੀ, ਜਾਮ ਸਾਕੀ ਤੇ ਸੋਭੋ ਗਿਆਨਚੰਦਾਨੀ ਵਰਗੇ ਕਮਿਊਨਿਸਟ ਨੇਤਾਵਾਂ ਨਾਲ ਹੋਇਆ ਤੇ ਉਹ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਸ਼ੇਖ ਇਆਜ਼ ਵਰਗੇ ਸਿੰਧੀ ਲੇਖਕਾਂ ਦੇ ਸੰਪਰਕ ਕਰਕੇ ਉਸ ਨੇ ਸਿੰਧੀ ਭਾਸ਼ਾ ਸਿੱਖ ਲਈ। ਪਾਕਿਸਤਾਨ ਦੀਆਂ ਕੌਮੀ ਭਾਸ਼ਾਵਾਂ ਵਿੱਚੋਂ ਉਸ ਦੀ ਚਾਰ- ਉਰਦੂ, ਪੰਜਾਬੀ, ਹਿੰਦੀ ਤੇ ਪਸ਼ਤੋ ਵਿੱਚ ਮੁਹਾਰਤ ਸੀ। ਅਬਦੁੱਲਾ ਜਮਾਲਦੀਨ ਵਰਗੇ ਬਲੋਚੀ ਭਾਸ਼ਾ ਦੇ ਅਗਾਂਹਵਧੂ ਲੇਖਕਾਂ ਨਾਲ ਸੰਪਰਕ ਦੇ ਬਾਵਜੂਦ ਉਹ ਬਲੋਚੀ ਭਾਸ਼ਾ ਨਾ ਸਿੱਖ ਸਕਿਆ। ਅਹਿਮਦ ਸਲੀਮ ਦੇ ਨਾਵਲ 'ਨਾਲ ਮੇਰੇ ਕੋਈ ਚੱਲੇ', ਕਹਾਣੀ 'ਕੱਚੇ ਕੋਠਿਆਂ ਦੀ ਕਹਾਣੀ', ਡਰਾਮੇ 'ਕਾਲਾ ਪੁਲ', ਅਤੇ ਨਜ਼ਮ 'ਮਿਆਣਾ ਗੋਂਦਲ ਦਾ ਢੋਲਾ' ਵਿੱਚ ਉਸ ਦੀ ਹਯਾਤੀ ਦੇ ਵੇਰਵੇ ਮਿਲ ਜਾਂਦੇ ਹਨ। ਉਸ ਦੀ ਕਲਾਸਿਕ ਨਜ਼ਮ 'ਮਿਆਣਾ ਗੋਂਦਲ ਦਾ ਢੋਲਾ' ਵਿੱਚ ਅਹਿਮਦ ਸਲੀਮ ਦੇ ਪੁਰਖਿਆਂ ਦੇ ਇਤਿਹਾਸ ਅਤੇ ਵੰਡ ਨਾਲ ਵਲੂੰਧਰੇ ਦਿਲਾਂ ਦਾ ਬਿਆਨੀਆ ਦੇਖਿਆ ਜਾ ਸਕਦਾ ਏ:

ਮਾਸੀ ਜਨਤੇ! ਲੁਕ ਲੁਕ ਕੇ ਤੂੰ ਗ੍ਰੰਥ ਦਾ ਪਾਠ ਕਰੇਂਦੀ
ਬੁੱਢੀ ਹੋ ਗਈ ਏ!
ਇਹ ਹਨੇਰੀ ਕੋਠੜੀ ਤੈਂਡੀ
ਕਬਰ ਏ ਕਿ ਗੁਰਦਵਾਰਾ
ਮਾਸੀ! ਮੈਂ ਹਿੱਕ ਮੁਸਲੇ ਦੇ ਘਰ ਜੰਮਿਆ
ਆ ਤੈਂਡੀ ਪੀੜ ਲਿਖਾਂ...
ਤੈਂਡਾ ਇਹਾ ਆਹਮਦ ਹਿੱਕ ਮੁਸਲੇ
ਖੋਜੇ ਫ਼ਜ਼ਲ ਕਰੀਮ ਦਾ ਪੋਤਰਾ
ਅੱਜ ਆਪਣੇ ਲਹੂ ਦੇ ਮਿੱਟੀ ਗਾਰੇ ਨਾਲ
ਨਵੇਂ ਗੁਰਦਵਾਰੇ ਦੀ ਉਸਾਰੀ ਕਰੇਸੀ...
ਮੈਂਡਾ ਰੱਬ ਤੇਰੇ ਅੰਦਰ
ਪਿਆ ਜੀਊਂਦਾ ਮੇਰਿਆ ਭਰਾਵਾ
ਮੈਂਡਾ ਗੁਰਦੁਆਰਾ ਤੈਂਡੀ ਨਿੱਘੀ ਛਾਤੀ।

ਮਾਸੀ ਜੰਨਤੇ ਕੋਈ ਹੋਰ ਨਹੀਂ, ਬਾਲਕੇ ਅਹਿਮਦ ਸਲੀਮ ਨੂੰ ਛਾਤੀ ਦੀਆਂ ਧਾਰਾਂ ਬਖਸ਼ਣ ਵਾਲੀ ਸਿੱਖ ਬੀਬੀ ਸੀ, ਜਿਸ ਦੇ ਪਰਿਵਾਰ ਨੂੰ ਹੱਲਿਆਂ ਵੇਲੇ ਬਲਵੱਈਆਂ ਨੇ ਪਿੰਡ ਦੇ ਖੇਤਾਂ 'ਚ ਕਤਲ ਕਰ ਦਿੱਤਾ ਸੀ। ਦੇਸ਼ ਦੀ ਵੰਡ ਤੇ ਹੱਲਿਆਂ ਦਾ ਦਰਦ ਅਹਿਮਦ ਸਲੀਮ ਦੀ ਕਵਿਤਾ ਦਾ ਕੇਂਦਰੀ ਮੌਜੂਹ ਹੈ। ਲੀਰੋ-ਲੀਰ ਪਾਟੀ ਚੁੰਨੀ ਤੇ ਕੰਧ ਦੇ ਮੈਟਾਫ਼ਰ ਰਾਹੀਂ ਅਹਿਮਦ ਸਲੀਮ ਨੇ ਵੰਡ ਵੇਲੇ ਦੀ ਵਹਿਸ਼ਤ ਦੇ ਰਿਸਦੇ ਫੋੜੇ ਨੂੰ ਮਰ੍ਹਮ ਲਾਉਣ ਦੀ ਕੋਸ਼ਿਸ਼ ਕੀਤੀ:

-ਮੂੰਹ ਮੋੜ ਖੜਾ ਮਹੀਂਵਾਲ ਵੇ
ਲਈ ਮਿਰਜੇ ਖਿੱਚ ਕਮਾਨ
ਇਕ ਪਾਸੇ ਵਰਕ ਗਰੰਥ ਦੇ
ਇਕ ਪਾਸੇ ਪਾਕ ਕੁਰਾਨ
-ਕਦੋਂ ਵਿੱਥਾਂ ਨੂੰ ਇਸ਼ਕ ਦੀ ਸਾਰ ਹੁੰਦੀ
ਕਿਸੇ ਕੰਧ ਨੂੰ ਹੁਸਨ ਦੀ ਪੀੜ ਕਿੱਥੇ
ਪਾਟੀ ਚੁੰਨੀ ਦੇ ਵਾਂਗ ਇਹ ਦੁੱਖ ਸਾਡਾ
ਇੱਕ ਲੀਰ ਕਿੱਥੇ ਦੂਜੀ ਲੀਰ ਕਿੱਥੇ।
-ਸਾਡੇ ਵਿਚਕਾਰ ਫੁੱਲ ਨੇ
ਤੇ ਕੰਧ ਫੇਰ ਕੰਧ ਏ ਭਾਵੇਂ ਫੁੱਲਾਂ ਦੀ ਹੋਵੇ
ਸਾਡੇ ਵਿਚਕਾਰ ਖ਼ਤ ਨੇ
ਤੇ ਉਹ ਸਾਡੇ ਵਿਛੋੜੇ ਦੀ ਪੀੜ ਜਗਾ ਦਿੰਦੇ
ਤੇ ਦਰਦ ਏ ਸਾਡੇ ਵਿਚਕਾਰ
ਥਲਾਂ ਵਾਂਙਰ ਖਿੜਿਆ ਹੋਇਆ।

ਹੱਲਿਆਂ ਦੀ ਵਹਿਸ਼ਤ ਸਮੇਂ ਔਰਤਾਂ ਉਪਰ ਹੋਏ ਜ਼ੁਲਮਾਂ ਨੇ ਅਹਿਮਦ ਸਲੀਮ ਦੇ ਅਵਚੇਤਨ ਉਪਰ ਗਹਿਰਾ ਅਸਰ ਪਾਇਆ ਹੈ। ਅੱਜ ਵੀ ਦੁਨੀਆਂ ਦੇ ਵੱਡੇ ਹਿੱਸੇ ਵਿੱਚ ਔਰਤ ਆਪਣੀ ਪਛਾਣ ਤੇ ਅਧਿਕਾਰਾਂ ਲਈ ਲੜ ਰਹੀ ਏ। ਮੱਧ-ਏਸ਼ੀਆ ਤੇ ਪਾਕਿਸਤਾਨ ਵਰਗੇ ਪਿੱਤਰੀ ਸੱਤਾ ਪ੍ਰਬੰਧਾਂ ਵਾਲੇ ਮੁਲਕਾਂ ਵਿੱਚ ਔਰਤ ਅੱਜ ਵੀ ਜੂਏ ਦੀ ਨਰਦ ਵਰਗੀ ਹੈ। ਔਰਤ ਦੀ ਪੀੜ ਬਾਰੇ ਅਹਿਮਦ ਸਲੀਮ ਏਨਾ ਸੰਵੇਦਨਸ਼ੀਲ ਕਿਉਂ ਹੈ? ਹੱਲਿਆਂ ਵੇਲੇ ਦੁੱਧ ਚੁੰਘਾਉਣ ਵਾਲੀ ਸਿੱਖ ਬੀਬੀ ਦੇ ਪਰਿਵਾਰ ਦਾ ਕਤਲ, ਮਕਬੂਲ ਸ਼ਾਇਰਾ ਸਾਰਾ ਸ਼ਗੁਫ਼ਤਾ ਅਤੇ ਗੌਹਰ ਸੁਲਤਾਨਾ ਉਜ਼ਮਾਂ ਵਰਗੀਆਂ ਦੋਸਤ ਅਦੀਬਾਂ ਦੀਆਂ ਆਤਮ-ਹੱਤਿਆਵਾਂ ਨੇ ਅਹਿਮਦ ਸਲੀਮ ਨੂੰ ਜੋ ਦਰਦ ਤੇ ਸਦਮਾ ਦਿੱਤਾ, ਉਸ ਦਾ ਹੌਲਨਾਕ ਵੇਰਵਾ ਇਨ੍ਹਾਂ ਸਤਰਾਂ 'ਚੋਂ ਦੇਖਿਆ ਜਾ ਸਕਦਾ ਹੈ:

-ਸੀਤੇ ਜਾਂਦੇ ਨੇ ਇੱਥੇ ਵੀ ਬੁੱਲ੍ਹ ਕਿੰਨੇ
ਕਿੰਨੇ ਸੂਲੀ ਨੂੰ ਉਥੇ ਵੀ ਚੁੰਮ ਲੈਂਦੇ
ਮੇਰੇ ਮਨ ਦੀ ਸੱਸੀ ਵੀ ਰੋਜ਼ ਮਰਦੀ
ਤੇਰੇ ਪੁੰਨਣ ਨੂੰ ਵੀ ਨਿੱਤ ਕਫ਼ਨ ਪੈਂਦੇ।
-ਕੁੜੀਆਂ ਸੋਹਣੀਆਂ ਹੁੰਦੀਆਂ ਨੇ
ਕੁੜੀਆਂ ਬਹਾਦਰ ਹੁੰਦੀਆਂ ਨੇ...
ਪਰ ਕਦੇ ਕਦੇ ਬਹਾਦਰੀ ਨੂੰ
ਨੀਂਦਰ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ
ਕੁੜੀਆਂ ਦੇ ਦਿਲ ਵੱਡੇ ਹੁੰਦੇ ਨੇ
ਉਨ੍ਹਾਂ ਵਿੱਚ ਉਹ ਕਿੰਨਾ ਕੁਝ ਸਾਂਭ ਕੇ ਰਖਦੀਆਂ ਹਨ...
ਉਹ ਮਜਬੂਰ ਹੋ ਜਾਣ ਤਾਂ ਜ਼ਹਿਰ ਖਾ ਲੈਂਦੀਆਂ ਨੇ
ਹੋਰ ਮਜਬੂਰ ਹੋ ਜਾਣ ਤੇ ਨਜ਼ਮਾਂ ਲਿਖਦੀਆਂ ਨੇ
ਮਰਨ ਜੋਗੀਆਂ, ਬਹਾਦਰੀ ਨਾਲ...

ਅਹਿਮਦ ਸਲੀਮ ਨੇ ਹਕੂਮਤੀ ਜਬਰ ਬਾਰੇ ਲਿਖਿਆ ਹੀ ਨਹੀਂ, ਉਸ ਨੂੰ ਜੀਅ-ਜਾਨ 'ਤੇ ਹੰਢਾਇਆ ਵੀ ਹੈ। ਉਸ ਦੀਆਂ ਲਿਖਤਾਂ ਆਲਮੀ ਪੱਧਰ ਉਤੇ ਮਾਨਵੀ ਅਧਿਕਾਰਾਂ ਤੇ ਸਮਾਜਿਕ ਨਿਆਂ ਲਈ ਹੋ ਰਹੇ ਸੰਘਰਸ਼ਾਂ ਦੀਆਂ ਜ਼ਾਮਨ ਬਣੀਆਂ ਹਨ। ਸਰਕਾਰੀ ਦਮਨ ਉਸ ਦੇ ਹੌਸਲੇ ਨੂੰ ਪਸਤ ਨਹੀਂ ਕਰ ਸਕਿਆ। ਆਵਾਮੀ ਸੰਘਰਸ਼ਾਂ ਨਾਲ ਉਸ ਦੀ ਕਵਿਤਾ ਤੇ ਸਾਹਿਤਕ ਲਿਖਤਾਂ ਹਮ-ਪੱਲਾ ਰਹੀਆਂ ਹਨ। ਉਸ ਨੇ ਆਪਣੇ ਅਮਲਾਂ ਤੇ ਬੋਲਾਂ ਰਾਹੀਂ ਪੰਜਾਬ ਦੀ ਭਾਈਚਾਰਕ ਸਾਂਝ, ਮੁਹੱਬਤ ਅਤੇ ਨਾਬਰੀ ਦੀ ਰੀਤ ਨੂੰ ਹੋਰ ਪੱਕਿਆਂ ਕੀਤਾ ਹੈ। ਅੱਜ ਜਦੋਂ ਉਦਾਰਵਾਦੀ ਮੁਖੌਟੇ ਵਾਲਾ ਛਲੀਆ ਬਾਜ਼ਾਰ ਪਛੜੇ ਮੁਲਕਾਂ ਦੇ ਸਭ ਕੁਦਰਤੀ ਸਰੋਤਾਂ ਤੇ ਮਨੁੱਖੀ ਕਿਰਤ ਨੂੰ ਹੜੱਪ ਜਾਣਾ ਚਾਹੁੰਦਾ ਹੈ, ਉਦੋਂ ਅਹਿਮਦ ਸਲੀਮ ਦੇ ਇਹ ਬੋਲ ਹੋਰ ਵੀ ਪ੍ਰਸੰਗਿਕ ਲਗਦੇ ਹਨ:

ਸੂਹੀ ਤੇ ਸਾਵੀ ਚੰਨਾ ਧਰਤ ਵੇ ਮੇਰੀ
ਉਤੋਂ ਚੋਰਾਂ ਦੇ ਸੌ ਸੌ ਦਾਹਵੇ
ਚੋਰਾਂ ਤੇ ਵੰਡ ਲਈ ਧਰਤ ਵੇ ਸਾਰੀ
ਕੌਣ ਅੱਖਰਾਂ ਨੂੰ ਕਲੇਜੜੇ ਲਾਵੇ।

ਅਹਿਮਦ ਸਲੀਮ ਦੋਵੇਂ ਪੰਜਾਬਾਂ ਤੇ ਇੰਡੋ-ਪਾਕਿ ਖ਼ਿੱਤੇ ਦੇ ਲਿਖਾਰੀਆਂ ਤੇ ਆਵਾਮ ਵਿਚਕਾਰ ਮਜ਼ਬੂਤ ਬੁਨਿਆਦ ਵਾਲਾ ਪੁਲ ਸੀ। ਉਹ ਪੰਜਾਬ ਦਾ ਜੀਆਲਾ/ਜੀਅਦਾਰ ਕਲਮਕਾਰ ਸੀ, ਜਿਸ ਨੇ ਔਖੇ ਵੇਲਿਆਂ ਵਿੱਚ ਪੰਜਾਬੀਆਂ ਦੀ ਮੁਹੱਬਤ ਤੇ ਬਾਗ਼ੀਆਨਾ ਰਵਾਇਤ ਦੀ ਬਾਤ ਪਾਈ। ਪਿਛਲੇ ਐਤਵਾਰ ਉਹ ਲੰਮੇ ਰਾਹੀਂ ਤੁਰ ਗਿਆ, ਪਰ ਉਹਦੇ ਇਹ ਕੌਲ ਸਾਡੇ ਚੇਤਿਆਂ 'ਚ ਸੁਲਘਦੇ ਰਹਿਣਗੇ:

ਸ਼ਾਇਰ ਦੇਸ ਪੰਜਾਬ ਅਹਿਮਦ ਉਹਦਾ ਨਾਂ
ਹੰਝੂ ਭਰ ਕੇ ਆਖਦਾ ਹੋਸੀ ਕਦੋਂ ਨਿਆਂ
ਗਲ ਬਸੰਤੀ ਚੋਲੜਾ ਸੰਗਲ ਬੱਧੇ ਪੈਰ
ਝੋਲੀ ਅੱਡ ਕੇ ਮੰਗ ਰਿਹਾ, ਸਾਰੇ ਜੱਗ ਦੀ ਖੈਰ...
ਸ਼ਾਇਰ ਦੇਸ ਪੰਜਾਬ ਦਾ ਅਹਿਮਦ ਉਹਦਾ ਨਾਂ
ਹੱਸ ਹੱਸ ਕੇ ਵੱਤ ਆਖਦਾ ਹੋਸੀ ਅੱਜ ਨਿਆਂ।

# ਗਨੀ ਖ਼ਾਂ-ਨਬੀ ਖ਼ਾਂ ਅਤੇ ਮੁਸਲਿਮ ਸ਼ਰਧਾਲੂ

ਦੀ ਕਿਰਪਾਨ ਅਤੇ ਛੇਕਾਂ ਵਾਲ਼ਾ ਗੰਗਾ ਸਾਗਰ ਦੇ ਕੇ ਫਰਮਾਇਆ ਸੀ, 'ਜਦੋਂ ਤੱਕ ਆਪ ਦਾ ਖ਼ਾਨਦਾਨ ਇਨ੍ਹਾਂ ਦੋਵੇਂ ਵਸਤਾਂ ਦਾ ਮਾਣ-ਸਤਿਕਾਰ ਕਰਦਾ ਰਹੇਗਾ, ਆਪ ਦਾ ਰਾਜਭਾਗ ਬਣਿਆ ਰਹੇਗਾ...।'

ਜਿੰਨਾ ਸਮਾਂ ਰਾਇ ਕੱਲ੍ਹਾ ਜਿਊਂਦਾ ਰਿਹਾ, ਉਸ ਨੇ ਇਨ੍ਹਾਂ ਦੋਹਾਂ ਵਸਤਾਂ ਦਾ ਬੇਹੱਦ ਸਤਿਕਾਰ ਕੀਤਾ। ਇੱਕ ਪਲੰਘ ਉੱਤੇ ਸੁੰਦਰ ਵਿਛਾਉਣਾ ਵਿਛਾ ਕੇ ਉੱਤੇ ਗੁਰੂ ਜੀ ਵੱਲੋਂ ਭੇਟ ਕੀਤੀਆਂ ਵਸਤਾਂ ਟਿਕਾ ਦਿੱਤੀਆਂ ਤੇ ਹਰ ਰੋਜ਼ ਤਾਜ਼ੇ ਫੁੱਲ ਚੜ੍ਹਾ ਕੇ ਧੂਪ ਬੱਤੀ ਕਰਦਾ ਤੇ ਘਿਉ ਦੀ ਜੋਤ ਜਗਦੀ ਰੱਖਦਾ ਸੀ। ਉਸ ਦਾ ਪੁੱਤਰ ਰਾਇ ਅਹਿਮਦ ਰਾਇ ਵੀ ਇਨ੍ਹਾਂ ਵਸਤਾਂ ਨੂੰ ਸਤਿਕਾਰਦਾ ਰਿਹਾ। ਅਹਿਮਦ ਰਾਇ ਦੀ ਮੌਤ ਪਿੱਛੋਂ ਛੋਟੀ ਉਮਰੇ ਉਸ ਦਾ ਪੁੱਤਰ ਇਲਿਆਸ ਰਾਇ ਰਾਇਕੋਟ ਦਾ ਹਾਕਮ ਬਣਿਆ। ਰਾਇ ਇਲਿਆਸ ਬੇਔਲਾਦ ਹੀ ਜਹਾਨੋਂ ਕੂਚ ਕਰ ਗਿਆ। ਉਸ ਪਿੱਛੋਂ ਇਨ੍ਹਾਂ ਦੇ ਪਰਿਵਾਰ 'ਚ ਦੋ ਔਰਤਾਂ ਇੱਕ ਰਾਇ ਇਲਿਆਸ ਦੀ ਮਾਤਾ ਨੂਰ ਉਲ ਨਿਸ਼ਾ ਅਤੇ ਦੂਜੀ ਉਸ ਦੀ ਸੁਪਤਨੀ ਭਾਗਭਰੀ। ਰਾਣੀ ਨੂਰ ਉਲ ਨਿਸ਼ਾ ਤੋਂ ਬਾਅਦ ਭਾਗਭਰੀ ਰਾਇ ਪਰਿਵਾਰ ਦੀ ਮੁਖੀ ਬਣੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਚੜ੍ਹਤ ਦੌਰਾਨ ਕਪੂਰਥਲਾ ਦੇ ਅਹਿਲਕਾਰ ਚੌਧਰੀ ਕਾਦਰ ਬਖ਼ਸ਼ ਰਾਹੀਂ ਭਾਗਭਰੀ ਤੋਂ ਗੁਰੂ ਗੋਬਿੰਦ ਸਿੰਘ ਦੁਆਰਾ ਭੇਟ ਕੀਤੀ ਤਲਵਾਰ ਬਦਲੇ ਵੱਡੀ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਭਾਗਭਰੀ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਕਿ ਅਸੀਂ ਕੋਈ ਮੁਤਬੱਰਕ-ਫਿਰੋਸ਼ ਨਹੀਂ ਹਾਂ। ਉਸ ਪਿੱਛੋਂ ਨਾਭਾ ਦੇ ਮਹਾਰਾਜਾ ਜਸਵੰਤ ਸਿੰਘ ਨੇ ਨਵਾਬ ਮਲੇਰਕੋਟਲਾ ਰਾਹੀਂ ਇਹ ਤਲਵਾਰ ਹਾਸਲ ਕਰ ਲਈ ਸੀ। ਇਸ ਪੀੜ੍ਹੀ ਦੇ ਵਾਰਸ ਪਾਕਿਸਤਾਨ ਜਾ ਵਸੇ, ਜਿਨ੍ਹਾਂ 'ਚੋਂ ਰਾਇ ਅਜ਼ੀਜ਼ ਉੱਲਾ ਕੋਲ਼ ਗੁਰੂ ਜੀ ਦੁਆਰਾ ਭੇਟਾ ਕੀਤਾ ਗੰਗਾ ਸਾਗਰ ਅੱਜ ਵੀ ਮੌਜੂਦ ਹੈ।

***(ਬਾਕੀ ਅਗਲੇ ਅੰਕ ਵਿੱਚ)***

# Punjabi Cultural Society of Chicago

Celebrating 30 Years of Community Service

## ਪੰਜਾਬੀ ਕਲਚਰਲ ਸੁਸਾਇਟੀ (ਸ਼ਿਕਾਗੋ)

ਮਾਣ ਨਾਲ ਪੇਸ਼ ਕਰਦੀ ਹੈ

## 'ਰੰਗਲਾ ਪੰਜਾਬ 2024'

**20 ਅਪਰੈਲ 2024, ਸਨਿਚਰਵਾਰ**

*Presents...*

## Rangla Punjab 2024!



**Saturday, April 20, 2024**

**Copernicus Center**
**5216 W Lawrence Ave**
**Chicago, IL 60630**

**Register Online at:**
**https://www.pcschicago.org**

**Practice Start**
**Jan 28th, 2024 (Sunday)**

**Team Registration Allowed**
**Feb 18th, 2024 (Sunday)**

**Call For More Info.: 847-917-7716**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org
Website: www.pcschicago.org

ਭਾਈਚਾਰਕ ਸੇਵਾਵਾਂ ਦੇ 30 ਸਾਲਾ ਜਸ਼ਨ ਮਨਾਉਂਦਿਆਂ...